ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 19 | Issue 70 | 10 May to 16 May, 2023 | Ph.: (510) 240-5949 | Email: asrtimes@gmail.com


# 'ਲਵ ਜੇਹਾਦ' ਅਤੇ 'ਨੇਤਾਵਾਂ ਦੇ ਮੁਸਲਮਾਨ ਦਾਮਾਦ' ਦਾ ਕੱਚ-ਸੱਚ

## 'ਦ ਕੇਰਲ ਸਟੋਰੀ' ਫ਼ਿਲਮ ਨਾਲ ਭਾਰਤ ਦੀ ਰਾਸ਼ਟਰੀ ਰਾਜਨੀਤੀ 'ਚ ਮੁੜ ਭਖਿਆ 'ਲਵ ਜੇਹਾਦ' ਦਾ ਮੁੱਦਾ

## 'ਲਵ ਜੇਹਾਦ' ਅਤੇ 'ਨੇਤਾਵਾਂ ਦੇ ਮੁਸਲਮਾਨ ਦਾਮਾਦ' ਦੀ ਕੀ ਹੈ ਅਸਲੀਅਤ ?




ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤ ਵਿੱਚ ਪਿਛਲੇ ਕੁਝ ਸਮੇਂ ਤੋਂ ਭਾਜਪਾ ਵੱਲੋਂ 'ਲਵ ਜੇਹਾਦ' ਦਾ ਮੁੱਦਾ ਕਾਫੀ ਉਭਾਰਿਆ ਜਾ ਰਿਹਾ ਹੈ ਅਤੇ ਭਾਜਪਾ ਸ਼ਾਸਿਤ ਕੁਝ ਸੂਬਿਆਂ ਨੇ 'ਲਵ ਜੇਹਾਦ' ਖ਼ਿਲਾਫ਼ ਸਖ਼ਤ ਕਾਨੂੰਨ ਲਿਆਉਣ ਦਾ ਇਰਾਦਾ ਜ਼ਾਹਰ ਕੀਤਾ ਹੈ। ਦੂਜੇ ਪਾਸੇ ਕਾਂਗਰਸ ਇਸ ਨੂੰ ਮੁਸਲਿਮ ਵਿਰੋਧੀ ਮਾਨਸਿਕਤਾ ਦੱਸ ਕੇ ਭਾਜਪਾ ਨੂੰ ਘੇਰਨ ਦੀ ਕੋਸ਼ਿਸ਼ ਕਰਦੀ ਆ ਰਹੀ ਹੈ।ਇਸ ਤਰਾਂ ਭਾਰਤ ਦੀ ਰਾਸ਼ਟਰੀ ਰਾਜਨੀਤੀ ਵਿੱਚ 'ਲਵ ਜੇਹਾਦ' ਅਤੇ 'ਭਾਰਤੀ ਨੇਤਾਵਾਂ ਦੇ ਮੁਸਲਮਾਨ ਦਾਮਾਦ' ਦੀ ਚਰਚਾ ਕਾਫੀ ਸਮੇਂ ਤੋਂ ਛਿੜੀ ਹੋਈ ਹੈ। ਅਕਸਰ ਕਾਂਗਰਸ ਦੇ ਨੇਤਾ ਅਜਿਹੀਆਂ ਸੂਚੀਆਂ ਜਾਰੀ ਕਰਦੇ ਹਨ, ਜਿੰਨਾਂ ਵਿੱਚ ਦਾਅਵਾ ਕੀਤਾ ਹੁੰਦਾ ਹੈ ਕਿ ਆਰ. ਐਸ. ਐਸ. ਅਤੇ ਭਾਜਪਾ ਦੇ ਕਈ ਨੇਤਾਵਾਂ ਦੀਆਂ ਧੀਆਂ ਅਤੇ ਭਤੀਜੀਆਂ ਮੁਸਲਮਾਨਾਂ ਦੇ ਨਾਲ ਵਿਆਹੀਆਂ ਹੋਈਆਂ ਹਨ। ਕਾਂਗਰਸ ਦੇ ਨੇਤਾਵਾਂ ਵੱਲੋਂ ਜਾਰੀ




ਕੀਤੀਆਂ ਜਾਂਦੀਆਂ ਇਹਨਾਂ ਸੂਚੀਆਂ ਵਿੱਚ ਕਿੰਨੀ ਕੁ ਸੱਚਾਈ ਹੈ ਅਤੇ ਕਾਂਗਰਸ ਨੇਤਾਵਾਂ ਦੇ 'ਭਾਜਪਾ ਨੇਤਾਵਾਂ ਦੇ ਮੁਸਲਮਾਨ ਦਾਮਾਦ' ਦੇ ਦਾਅਵੇ ਕਿੰਨੇ ਕੁ ਸੱਚੇ ਹਨ, ਇਹ ਤਾਂ ਕਾਂਗਰਸ ਦੇ ਨੇਤਾ ਹੀ ਜਾਣਦੇ ਹੋਣਗੇ ਪਰ ਭਾਰਤ ਦੀ ਰਾਸ਼ਟਰੀ ਰਾਜਨੀਤੀ ਵਿੱਚ 'ਲਵ ਜੇਹਾਦ' ਅਤੇ 'ਭਾਜਪਾ ਨੇਤਾਵਾਂ ਦੇ ਮੁਸਲਮਾਨ ਦਾਮਾਦ' ਇੱਕ ਵੱਡਾ ਮੁੱਦਾ ਬਣੇ ਹੋਏ ਹਨ। ਭਾਵੇਂ 'ਲਵ ਜੇਹਾਦ' ਦਾ ਮੁੱਦਾ ਭਾਜਪਾ ਨੇ ਕਦੇ ਠੰਡਾ ਨਹੀਂ ਪੈਣ ਦਿਤਾ ਪਰ ਇਸ ਸਮੇਂ 'ਦ ਕੇਰਲਾ ਸਟੋਰੀ' ਫ਼ਿਲਮ ਦੇ ਕਾਰਨ ਵੀ 'ਲਵ ਜੇਹਾਦ' ਦਾ ਮੁੱਦਾ ਸੁਰਖ਼ੀਆਂ ਵਿੱਚ ਛਾਇਆ ਹੋਇਆ ਹੈ।

ਸਿਰਫ਼ ਕਾਂਗਰਸ ਦੇ ਨੇਤਾ ਹੀ ਨਹੀਂ ਸਗੋਂ ਹੋਰਨਾਂ ਸਿਆਸੀ ਪਾਰਟੀਆਂ ਦੇ ਆਗੂ ਵੀ ਅਕਸਰ 'ਭਾਜਪਾ ਆਗੂਆਂ ਦੇ ਮੁਸਲਮਾਨ ਦਾਮਾਦ' ਹੋਣ ਸਬੰਧੀ ਦਾਅਵਾ ਕਰਦੇ ਹਨ। ਕੁਝ ਸਮਾਂ ਪਹਿਲਾਂ ਸੁਹੇਲਦੇਵ ਸਮਾਜ ਪਾਰਟੀ ਦੇ ਪ੍ਰਧਾਨ ਅਤੇ ਉੱਤਰ ਪ੍ਰਦੇਸ਼ ਦੇ ਸਾਬਕਾ ਮੰਤਰੀ ਓਮ ਪ੍ਰਕਾਸ਼ ਰਾਜਭਰ ਨੇ ਸੰਘ ਮੁਖੀ ਮੋਹਨ ਭਾਗਵਤ ਦੇ ਡੀਐਨਏ 'ਤੇ ਦਿੱਤੇ ਬਿਆਨ ਦਾ ਵਿਰੋਧ ਕਰਦਿਆਂ ਕਿਹਾ ਸੀ ਕਿ ਭਾਜਪਾ ਆਗੂਆਂ ਨੇ ਆਪਣੀਆਂ ਭੈਣਾਂ ਤੇ ਧੀਆਂ ਦੇ ਵਿਆਹ ਮੁਸਲਮਾਨਾਂ ਨਾਲ ਕਰਵਾਏ ਹਨ, ਇਸ ਲਈ ਉਨ੍ਹਾਂ ਦਾ ਡੀਐਨਏ ਇੱਕੋ ਜਿਹਾ ਹੋਣਾ ਚਾਹੀਦਾ ਹੈ।ਇਸ ਤੋਂ ਪਹਿਲਾਂ ਇੱਕ ਦਿਨ ਪਹਿਲਾਂ ਸੰਘ ਮੁਖੀ ਨੇ ਕਿਹਾ ਸੀ ਕਿ ਸਾਰੇ ਭਾਰਤੀਆਂ ਦਾ ਡੀਐਨਏ ਇੱਕੋ ਜਿਹਾ ਹੈ, ਚਾਹੇ ਉਨ੍ਹਾਂ ਦਾ ਕੋਈ ਵੀ ਧਰਮ ਹੋਵੇ।

ਸਾਬਕਾ ਮੰਤਰੀ ਓਮ ਪ੍ਰਕਾਸ਼ ਰਾਜਭਰ ਨੇ ਕਿਹਾ ਸੀ ਕਿ ਭਾਜਪਾ ਵਾਲੇ ਹਿੰਦੂ-ਮੁਸਲਿਮ ਕਰਦੇ ਹਨ। ਭਾਜਪਾ ਦੇ ਸਾਰੇ ਵੱਡੇ ਨੇਤਾਵਾਂ ਨੇ ਆਪਣੀ ਭੈਣ ਜਾਂ ਬੇਟੀ ਦਾ ਵਿਆਹ ਇਕ ਜਾਂ (ਬਾਕੀ ਸਫ਼ਾ 29 'ਤੇ)

## 'ਭਾਜਪਾ ਨੇਤਾਵਾਂ ਦੇ ਮੁਸਲਮਾਨ ਦਾਮਾਦ' ਸੂਚੀ ਦੀ ਜਾਂਚ



FACTLY ਅਤੇ ਹੋਰ ਸੰਸਥਾਵਾਂ ਵੱਲੋਂ ਸੋਸ਼ਲ ਮੀਡੀਆ 'ਤੇ ਘੁੰਮ ਰਹੀ ' ਭਾਜਪਾ ਨੇਤਾਵਾਂ ਦੇ ਮੁਸਲਮਾਨ ਦਾਮਾਦ' ਸੂਚੀ ਦੀ ਜਾਂਚ ਪੜਤਾਲ ਕੀਤੀ ਗਈ। ਜਿਸ ਵਿੱਚ ਕੁਝ ਹੋਰ ਤੱਥ ਉਭਰ ਕੇ ਸਾਹਮਣੇ ਆਏ। ਇਸ ਸੂਚੀ ਦੀ ਜਾਂਚ ਤੋਂ ਬਾਅਦ ਜਾਂਚ ਕਰ ਰਹੀਆਂ ਏਜੰਸੀਆਂ ਅਤੇ ਸੰਸਥਾਵਾਂ ਨੇ ਦਾਅਵਾ ਕੀਤਾ ਕਿ 'ਭਾਜਪਾ ਨੇਤਾਵਾਂ ਦੇ ਮੁਸਲਿਮ ਦਾਮਾਦ' ਸੂਚੀ 'ਚ ਸੱਚਾਈ ਨਹੀਂ ਹੈ।

ਜ਼ਿਕਰਯੋਗ ਹੈ ਕਿ ਸੋਸ਼ਲ ਮੀਡੀਆ 'ਤੇ ਭਾਜਪਾ ਅਤੇ ਦੱਖਣਪੰਥੀ ਹਿੰਦੂ ਸੰਗਠਨਾਂ ਦੇ ਨੇਤਾਵਾਂ ਦੀ ਸੂਚੀ ਦੇ ਤੌਰ 'ਤੇ ਇਕ ਪੋਸਟ ਸ਼ੇਅਰ ਕੀਤੀ ਜਾ ਰਹੀ ਹੈ, ਜਿਨ੍ਹਾਂ ਦੀਆਂ ਧੀਆਂ ਅਤੇ ਰਿਸ਼ਤੇਦਾਰਾਂ ਨੇ ਮੁਸਲਮਾਨ ਮਰਦਾਂ ਨਾਲ ਵਿਆਹ ਕੀਤਾ ਹੈ। ਇਸ ਸੂਚੀ ਵਿੱਚ ਭਾਜਪਾ ਦੇ ਦਿੱਗਜ ਆਗੂ ਮੁਰਲੀ ਮਨੋਹਰ ਜੋਸ਼ੀ, ਲਾਲ ਕ੍ਰਿਸ਼ਨ ਅਡਵਾਨੀ ਅਤੇ ਆਰਐਸਐਸ ਮੁਖੀ ਮੋਹਨ ਭਾਗਵਤ ਸ਼ਾਮਲ ਹਨ।

ਇਸ ਪੋਸਟ ਵਿੱਚ ਵੱਖ-ਵੱਖ ਵਿਅਕਤੀਆਂ ਨਾਲ ਸਬੰਧਤ ਦਾਅਵੇ ਸ਼ਾਮਲ ਹਨ। ਆਓ ਇਕ-ਇਕ ਕਰਕੇ ਜਾਣਦੇ ਹਾਂ ਕਿ ਇਨ੍ਹਾਂ ਦਾਅਵਿਆਂ ਵਿੱਚ ਕਿੰਨੀ ਸੱਚਾਈ ਹੈ।

**ਦਾਅਵਾ 1:** ਮੁਰਲੀ ਮਨੋਹਰ ਜੋਸ਼ੀ ਦੀ ਧੀ ਰੇਣੂ ਜੋਸ਼ੀ ਨੇ ਸ਼ਾਹਨਵਾਜ਼ ਹੁਸੈਨ ਨਾਲ ਵਿਆਹ ਕੀਤਾ।

ਭਾਜਪਾ ਦੀ ਅਧਿਕਾਰਤ ਵੈੱਬਸਾਈਟ 'ਤੇ ਜ਼ਿਕਰ ਕੀਤੀ ਮੁਰਲੀ ਮਨੋਹਰ ਜੋਸ਼ੀ ਦੀ ਜੀਵਨੀ ਦੇ ਅਨੁਸਾਰ, ਐਮਐਮ ਜੋਸ਼ੀ ਦੀਆਂ ਦੋ ਬੇਟੀਆਂ ਹਨ ਜਿਨ੍ਹਾਂ ਦਾ ਨਾਮ ਪ੍ਰਿਯਮਵਦਾ ਅਤੇ ਨਿਵੇਦਿਤਾ ਹੈ। ਮੁਰਲੀ ਮਨੋਹਰ ਜੋਸ਼ੀ ਦੀ ਰੇਣੂ ਜੋਸ਼ੀ ਨਾਂ ਦੀ ਕੋਈ ਬੇਟੀ ਨਹੀਂ ਹੈ। ਇਹ ਕਿਤੇ ਵੀ ਜ਼ਿਕਰ ਨਹੀਂ ਹੈ ਕਿ ਮੁਰਲੀ ਮਨੋਹਰ ਜੋਸ਼ੀ ਦੀਆਂ ਧੀਆਂ ਨੇ ਮੁਸਲਮਾਨ ਮਰਦਾਂ ਨਾਲ ਵਿਆਹ ਕੀਤਾ ਸੀ।

ਮੁਰਲੀ ਮਨੋਹਰ ਜੋਸ਼ੀ ਦੀ ਧੀ ਦੇ ਸ਼ਾਹਨਵਾਜ਼ ਹੁਸੈਨ ਨਾਲ ਵਿਆਹ ਦੀ ਅਫਵਾਹ 2014 ਤੋਂ ਸੋਸ਼ਲ ਮੀਡੀਆ 'ਤੇ ਘੁੰਮ ਰਹੀ ਸੀ। 2018 ਵਿੱਚ ਐਮਐਮ ਜੋਸ਼ੀ ਦੇ ਭਾਜਪਾ ਨੇਤਾ ਸ਼ਾਹਨਵਾਜ਼ ਹੁਸੈਨ ਦੀ ਈਦ-ਇਫਤਾਰ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਇਹ ਅਫਵਾਹ ਤੇਜ਼ ਹੋ ਗਈ। ਸ਼ਾਹਨਵਾਜ਼ ਹੁਸੈਨ ਅਤੇ ਉਨ੍ਹਾਂ ਦੀ ਪਤਨੀ (ਬਾਕੀ ਸਫ਼ਾ 29 'ਤੇ)

# ਪੰਜਾਬ ਦੀ ਸਿਆਸਤ ਦੀ ਦਸ਼ਾ ਤੇ ਦਿਸ਼ਾ ਤੈਅ ਕਰੇਗੀ ਜਲੰਧਰ ਲੋਕ ਸਭਾ ਜ਼ਿਮਨੀ ਚੋਣ

ਪਟਿਆਲਾ/ਏ.ਟੀ.ਨਿਊਜ਼ : ਪੰਜਾਬ ਵਿੱਚ ਇਸ ਸਮੇਂ ਸਭ ਦੀਆਂ ਨਜ਼ਰਾਂ ਜਲੰਧਰ ਲੋਕ ਸਭਾ ਜ਼ਿਮਨੀ ਚੋਣ 'ਤੇ ਲੱਗੀਆਂ ਹੋਈਆਂ ਹਨ। ਇਸ ਚੋਣ ਦੌਰਾਨ ਜਿਥੇ ਮੁੱਖ ਮੁਕਾਬਲਾ ਆਮ ਆਦਮੀ ਪਾਰਟੀ, ਕਾਂਗਰਸ, ਅਕਾਲੀ ਦਲ ਬਾਦਲ ਅਤੇ ਭਾਜਪਾ ਵਿਚਾਲੇ ਦਿਖਾਈ ਦੇ ਰਿਹਾ ਹੈ, ਉਥੇ ਇਸ ਚੋਣ ਦੇ ਨਤੀਜੇ ਦਾ ਪੰਜਾਬ ਦੀ ਸਿਆਸਤ 'ਤੇ ਪ੍ਰਭਾਵ ਪੈਣਾ ਲਾਜ਼ਮੀ ਹੈ।

ਜਲੰਧਰ ਲੋਕ ਸਭਾ ਜ਼ਿਮਨੀ ਚੋਣ 'ਚ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਸੁਸ਼ੀਲ ਰਿੰਕੂ ਚੋਣ ਲੜ ਰਹੇ ਹਨ, ਜ਼ਿਕਰ ਯੋਗ ਹੈ ਕਿ ਰਿੰਕੂ ਕਾਂਗਰਸ ਛੱਡ ਕੇ ਆਪ ਵਿੱਚ ਸ਼ਾਮਲ ਹੋਏ ਹਨ। ਭਾਜਪਾ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਵੀ ਅਕਾਲੀ ਦਲ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ ਹਨ। ਕਾਂਗਰਸ ਵੱਲੋਂ ਮਰਹੂਮ ਸੰਸਦ ਮੈਂਬਰ ਸੰਤੋਖ ਸਿੰਘ ਚੌਧਰੀ ਦੀ ਪਤਨੀ



ਕਰਮਜੀਤ ਕੌਰ ਚੋਣ ਲੜ ਰਹੀ ਹੈ, ਦੂਜੇ ਪਾਸੇ ਅਕਾਲੀ ਦਲ ਵੱਲੋਂ ਬੰਗਾ ਤੋਂ ਵਿਧਾਇਕ ਡਾ: ਸੁਖਵਿੰਦਰ ਸੁੱਖੀ ਚੋਣ ਲੜ ਰਹੇ ਹਨ।

ਇਸ ਤਰਾਂ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਦੌਰਾਨ ਸਖ਼ਤ ਮੁਕਾਬਲਾ ਹੋ ਰਿਹਾ ਹੈ। ਇਹ ਚੋਣ ਲੜ ਰਹੀਆਂ ਸਾਰੀਆਂ ਹੀ ਧਿਰਾਂ ਆਪੋ ਆਪਣੀ ਜਿੱਤ ਲਈ ਪੂਰੇ ਯਤਨ ਕਰ ਰਹੀਆਂ ਹਨ। ਜਿਥੇ ਸੱਤਾਧਾਰੀ ਪਾਰਟੀ 'ਆਪ' ਦਾ ਇਸ ਚੋਣ ਨੂੰ ਜਿੱਤਣ ਲਈ ਪੂਰਾ ਜੋਰ ਲੱਗਿਆ ਹੋਇਆ ਹੈ, ਉਥੇ ਇਹ ਚੋਣ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਲਈ ਵੀ ਵਕਾਰ ਦਾ ਸਵਾਲ ਬਣ ਚੁੱਕੀ ਹੈ। ਅਕਾਲੀ ਦਲ ਇਸ ਚੋਣ ਰਾਹੀਂ ਪੰਜਾਬ ਵਿੱਚ ਆਪਣਾ ਖੁਸਿਆ ਹੋਇਆ ਵਕਾਰ ਮੁੜ ਬਹਾਰ ਕਰਨ ਦੇ ਯਤਨ ਕਰ ਰਿਹਾ ਹੈ, ਦੂਜੇ ਪਾਸੇ ਭਾਜਪਾ ਵੀ ਇਸ ਚੋਣ ਰਾਹੀਂ ਆਪਣੇ ਆਪ ਨੂੰ ਪੰਜਾਬ ਵਿੱਚ ਹੋਰ ਮਜ਼ਬੂਤ ਕਰਨ ਦਾ ਯਤਨ ਕਰ ਰਹੀ ਹੈ। ਇਸ ਚੋਣ ਵਿੱਚ ਪੰਜਾਬ ਦੇ ਲੋਕ ਸਭਾ ਹਲਕਾ ਜਲੰਧਰ ਦੇ ਵੋਟਰਾਂ ਵੱਲੋਂ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਹੁਣ ਕੀਤੇ ਗਏ ਕੰਮਾਂ ਸਬੰਧੀ ਆਪਣਾ ਫਤਵਾ (ਬਾਕੀ ਸਫ਼ਾ 29 'ਤੇ)

# ਪਰਮਜੀਤ ਸਿੰਘ ਪੰਜਵੜ ਦੀ ਲਾਹੌਰ ਵਿੱਚ ਹੱਤਿਆ

ਲਾਹੌਰ/ਏ.ਟੀ.ਨਿਊਜ਼ : ਖਾਲਿਸਤਾਨੀ ਪਰਮਜੀਤ ਸਿੰਘ ਪੰਜਵੜ ਦੀ ਪਿਛਲੇ ਦਿਨੀਂ ਲਾਹੌਰ ਵਿੱਚ ਸਵੇਰੇ ਦੋ ਅਣਪਛਾਤੇ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਇਹ ਜਾਣਕਾਰੀ ਪਾਕਿਸਤਾਨ ਦੇ ਪੰਜਾਬ ਸੂਬੇ ਦੀ ਪੁਲੀਸ ਨੇ ਦਿੱਤੀ। ਦੱਸਣਯੋਗ ਹੈ ਕਿ ਪੰਜਵੜ (63) ਪਾਬੰਦੀਸ਼ੁਦਾ 'ਖਾਲਿਸਤਾਨ ਕਮਾਂਡੋ ਫੋਰਸ-ਪੰਜਵੜ ਗਰੁੱਪ' ਦੀ ਅਗਵਾਈ ਕਰ ਰਿਹਾ ਸੀ। ਉਸ ਨੂੰ ਭਾਰਤ ਵਿੱਚ ਯੂਏਪੀਏ ਕਾਨੂੰਨ ਤਹਿਤ 2020 ਵਿਚ ਅਤਿਵਾਦੀ ਗਰਦਾਨਿਆ ਗਿਆ ਸੀ। ਵੇਰਵਿਆਂ ਮੁਤਾਬਕ ਸਵੇਰੇ ਜਦ ਉਹ ਲਾਹੌਰ ਵਿੱਚ ਤੋਖਰ ਨਿਆਜ਼ ਬੇਗ਼ ਨੇੜੇ ਨਵਾਬ ਕਸਬੇ ਦੀ 'ਸਨ ਫਲਾਵਰ ਹਾਊਸਿੰਗ ਸੁਸਾਇਟੀ' ਦੇ ਪਾਰਕ ਵਿੱਚ ਆਪਣੇ ਗਾਰਡ ਨਾਲ ਮੌਜੂਦ ਸੀ ਤਾਂ ਦੋ ਜਣਿਆਂ ਨੇ ਉਸ ਉਤੇ ਗੋਲੀ ਚਲਾ ਦਿੱਤੀ। ਪਾਕਿਸਤਾਨ ਦੀ ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਹਮਲਾਵਰ ਮੌਕੇ ਤੋਂ ਮੋਟਰਸਾਈਕਲ ਉਤੇ ਭੱਜ ਗਏ। ਜਾਣਕਾਰੀ ਮੁਤਾਬਕ ਪੰਜਵੜ ਇਸੇ ਸੁਸਾਇਟੀ ਵਿੱਚ ਰਹਿ ਰਿਹਾ ਸੀ। ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਗਾਰਡ ਦੇ ਵੀ ਗੋਲੀਆਂ ਲੱਗੀਆਂ ਹਨ ਤੇ ਹਾਲਤ ਗੰਭੀਰ ਹੈ। ਅਧਿਕਾਰੀ ਨੇ ਦੱਸਿਆ ਕਿ ਹਮਲਾਵਰ ਨੇ ਪੰਜਵੜ ਦੇ ਸਿਰ ਵਿੱਚ ਗੋਲੀ ਮਾਰੀ। ਭਾਰਤ




ਵਿਚਲੀਆਂ ਕਈ ਸਿੱਖ ਜਥੇਬੰਦੀਆਂ ਨੇ ਵੀ ਇਸ ਘਟਨਾ ਦੀ ਪੁਸ਼ਟੀ ਕੀਤੀ ਹੈ। ਦਲ ਖ਼ਾਲਸਾ ਜਥੇਬੰਦੀ ਨੇ ਆਪਣੇ ਸੋਸ਼ਲ ਮੀਡੀਆ ਪੇਜ ਉੱਤੇ ਇਸ ਘਟਨਾ ਦੀ ਪੁਸ਼ਟੀ ਕੀਤੀ ਹੈ। ਸੰਨ 1986 'ਚ ਪੰਜਵੜ ਖਾਲਿਸਤਾਨ ਕਮਾਂਡੋ ਫੋਰਸ (ਕੇਸੀਐਫ) ਵਿੱਚ ਸ਼ਾਮਲ ਹੋ ਗਿਆ ਸੀ। ਮਗਰੋਂ ਉਹ ਇਸੇ ਸੰਗਠਨ ਦੀ ਅਗਵਾਈ ਕਰਨ ਲੱਗਾ ਤੇ ਪਾਕਿਸਤਾਨ ਚਲਾ ਗਿਆ। ਕੇਸੀਐਫ 'ਤੇ ਵੀ ਭਾਰਤ ਵਿੱਚ ਯੂਏਪੀਏ ਕਾਨੂੰਨ ਤਹਿਤ ਪਾਬੰਦੀ ਲੱਗੀ ਹੋਈ ਹੈ। ਪੰਜਵੜ ਹਾਲਾਂਕਿ ਪਿਛਲੇ ਕਈ ਸਾਲਾਂ ਤੋਂ ਸਰਗਰਮ ਨਹੀਂ ਸੀ, ਪਰ ਲਾਹੌਰ ਉਸ ਦੀਆਂ ਗਤੀਵਿਧੀਆਂ ਦਾ ਕੇਂਦਰ ਰਿਹਾ ਤੇ ਉਹ ਪਾਕਿਸਤਾਨ ਵਿੱਚ ਨੌਜਵਾਨਾਂ ਨੂੰ ਹਥਿਆਰਾਂ ਦੀ ਸਿਖ਼ਲਾਈ ਦੇਣ ਵਿਚ ਵੀ ਸ਼ਾਮਲ ਰਿਹਾ। ਕੇਂਦਰੀ ਗ੍ਰਹਿ ਮੰਤਰਾਲੇ ਦੀ ਰਿਪੋਰਟ ਮੁਤਾਬਕ ਉਹ ਹਥਿਆਰ-ਅਸਲਾ ਸਪਲਾਈ ਕਰਨ ਤੇ ਮਗਰੋਂ ਭਾਰਤ ਵਿਚ ਘੁਸਪੈਠ ਕਰਵਾ ਕੇ 'ਵੀਆਈਪੀਜ਼' ਅਤੇ ਕਈ ਅਹਿਮ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਵਿਚ ਵੀ ਸ਼ਾਮਲ ਰਿਹਾ। ਉਸ ਨੇ 'ਰੇਡੀਓ ਪਾਕਿਸਤਾਨ' ਉਤੇ ਕਈ ਪ੍ਰੋਗਰਾਮ ਵੀ ਕੀਤੇ।

## ਭਾਰਤੀ ਮੂਲ ਦੇ ਸਚਿਤ ਮਹਿਰਾ ਬਣੇ ਕੈਨੇਡਾ ਦੀ ਲਿਬਰਲ ਪਾਰਟੀ ਦੇ ਨਵੇਂ ਪ੍ਰਧਾਨ

ਟੋਰਾਂਟੋ/ਏ.ਟੀ.ਨਿਊਜ਼ : ਬੀਤੇ ਦਿਨੀਂ ਕੈਨੇਡਾ ਵਿੱਚ ਭਾਰਤੀ ਮੂਲ ਦੇ ਸਚਿਤ ਮਹਿਰਾ ਨੂੰ ਦੇਸ਼ ਦੀ ਲਿਬਰਲ ਪਾਰਟੀ ਦਾ ਨਵਾਂ ਪ੍ਰਧਾਨ ਬਣਾਇਆ ਗਿਆ ਹੈ। ਕੈਨੇਡਾ ਵਿੱਚ ਲਿਬਰਲ ਪਾਰਟੀ ਦੀ ਸਰਕਾਰ ਹੈ, ਜਿਸ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਹਨ।



ਦੱਸ ਦਈਏ ਕਿ ਕਿਸੇ ਵੀ ਪਾਰਟੀ ਵਿੱਚ ਪ੍ਰਧਾਨ ਦਾ ਕੰਮ ਪਾਰਟੀ ਮੈਂਬਰਾਂ ਨੂੰ ਸੰਭਾਲਣਾ ਹੁੰਦਾ ਹੈ। ਪ੍ਰਧਾਨ ਪਾਰਟੀ ਦੇ ਢਾਂਚੇ ਦੇ ਨਿਰਮਾਣ ਤੋਂ ਲੈ ਕੇ ਪਾਰਟੀ ਲਈ ਫੰਡ ਇਕੱਠਾ ਕਰਨ ਤੱਕ ਪਾਰਟੀ ਦੇ ਸੰਗਠਨ ਨਾਲ ਸਬੰਧਤ ਗਤੀਵਿਧੀਆਂ ਲਈ ਜ਼ਿੰਮੇਵਾਰ ਹੁੰਦਾ ਹੈ। (ਬਾਕੀ ਸਫ਼ਾ 31 'ਤੇ)

# ਭਾਈ ਪਰਮਜੀਤ ਸਿੰਘ ਪੰਜਵੜ੍ਹ ਦੀ ਸ਼ਹਾਦਤ ਸੰਘਰਸ਼ ਦੇ ਪਾਂਧੀਆਂ ਲਈ ਪ੍ਰੇਰਣਾ ਸਰੋਤ ਬਣੇਗੀ: ਪੰਥ ਸੇਵਕ ਸ਼ਖਸੀਅਤਾਂ

ਚੰਡੀਗੜ੍ਹ/ਏ.ਟੀ.ਨਿਊਜ਼ :- ਭਾਈ ਪਰਮਜੀਤ ਸਿੰਘ ਪੰਜਵੜ੍ਹ ਦੀ ਸ਼ਹਾਦਤ 'ਤੇ ਆਪਣੇ ਵਿਚਾਰ ਪੇਸ਼ ਕਰਦਿਆਂ ਭਾਈ ਦਲਜੀਤ ਸਿੰਘ,ਭਾਈ ਨਰਾਇਣ ਸਿੰਘ, ਭਾਈ ਲਾਲ ਸਿੰਘ ਅਕਾਲਗੜ੍ਹ, ਭਾਈ ਭੁਪਿੰਦਰ ਸਿੰਘ ਭਲਵਾਨ, ਭਾਈ ਸਤਨਾਮ ਸਿੰਘ ਖੰਡੇਵਾਲਾ, ਭਾਈ ਹਰਦੀਪ ਸਿੰਘ ਮਹਿਰਾਜ, ਭਾਈ ਸਤਨਾਮ ਸਿੰਘ ਝੰਜੀਆਂ, ਭਾਈ ਸੁਖਦੇਵ ਸਿੰਘ ਡੋਡ, ਭਾਈ ਅਮਰੀਕ ਸਿੰਘ ਈਸੜੂ,ਭਾਈ ਰਾਜਿੰਦਰ ਸਿੰਘ ਮੁਗਲਵਾਲ, ਭਾਈ ਮਨਜੀਤ ਸਿੰਘ ਫਗਵਾੜਾ ਨੇ ਕਿਹਾ ਕਿ ਭਾਈ ਪਰਮਜੀਤ ਸਿੰਘ ਪੰਜਵੜ੍ਹ, ਮੁਖੀ ਖਾਲਿਸਤਾਨ ਕਮਾਂਡੋ ਫੋਰਸ ਨੂੰ ਰੂਪੋਸ਼ੀ ਦੌਰਾਨ ਹਥਿਆਰਬੰਦ ਹਮਲਾਵਰਾਂ ਵੱਲੋਂ ਕਤਲ ਕਰ ਦਿੱਤਾ ਜਾਣ ਸੰਘਰਸ਼ ਲਈ ਵੱਡਾ ਝਟਕਾ ਹੈ। ਇੱਕ ਸਾਂਝੇ ਬਿਆਨ 'ਚ ਉਹਨਾਂ ਕਿਹਾ ਕਿ ਖਾਲਸਾ ਪੰਥ ਲਈ ਇਹ ਗੱਲ ਤਸੱਲੀ ਤੇ ਦ੍ਰਿੜਤਾ ਦਾ ਸਬੱਬ ਹੈ ਕਿ ਖਾਲਿਸਤਾਨ ਦੀ ਅਜ਼ਾਦੀ ਦੇ ਸੰਘਰਸ਼ ਦੀ ਜੋ ਜ਼ਿੰਮੇਵਾਰੀ ਭਾਈ ਪਰਮਜੀਤ ਸਿੰਘ ਪੰਜਵੜ ਨੇ ਓਟੀ ਸੀ ਉਹ ਉਹਨਾਂ ਨੇ ਆਖਰੀ ਸਾਹਾਂ ਤੱਕ ਆਪਣੇ ਖ਼ੂਨ-ਪਸੀਨੇ ਨਾਲ ਨਿਭਾਈ ਹੈ। ਖਾੜਕੂ ਸੰਘਰਸ਼ ਰਸਤੇ ਉੱਤੇ ਚੱਲਦਿਆਂ ਭਾਈ ਪੰਜਵੜ ਤੇ ਉਹਨਾਂ ਦੇ ਪਰਿਵਾਰ ਦੀ ਘਾਲਣਾ ਦਾ ਸਿਲਸਿਲਾ ਪਰਿਵਾਰਕ ਜੀਆਂ ਦੀਆਂ ਸ਼ਹੀਦੀਆਂ ਰਾਹੀਂ ਹੁੰਦਾ ਹੋਇਆ ਅੱਜ ਭਾਈ ਪਰਮਜੀਤ ਸਿੰਘ ਪੰਜਵੜ੍ਹ ਦੀ ਸ਼ਹੀਦੀ ਨਾਲ ਜਿਸ ਮੁਕਾਮ ਉੱਤੇ ਪੁੱਜਾ ਹੈ, ਉਹ ਸੰਘਰਸ਼ ਦਾ ਰਾਹ ਅਖਤਿਆਰ ਕਰਨ ਵਾਲੇ ਨੌਜਵਾਨਾਂ ਅਤੇ ਅਗਲੀਆਂ ਪੀੜ੍ਹੀਆ ਲਈ ਪ੍ਰੇਰਣਾ ਦਾ ਸਰੋਤ ਰਹੇਗਾ। ਭਾਈ ਪਰਮਜੀਤ ਸਿੰਘ ਪੰਜਵੜ ਨੇ ਖਾੜਕੂ ਸੰਘਰਸ਼ ਦੇ ਰਾਹ ਉੱਤੇ ਇੱਕ ਯੋਧੇ ਵਾਲਾ ਜੀਵਨ ਜਿਓਂਇਆ। ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤ ਸਤਿਗੁਰਾਂ ਅੱਗੇ ਅਰਦਾਸ ਕਰੇ ਕਿ ਸੱਚੇ ਪਾਤਿਸ਼ਾਹ ਭਾਈ ਪਰਮਜੀਤ ਸਿੰਘ ਨੂੰ ਚਰਨਾਂ ਵਿੱਚ ਨਿਵਾਸ ਬਖਸ਼ਣ ਤੇ ਖਾਲਸਾ ਪੰਥ ਨੂੰ ਸੰਘਰਸ਼ ਤੇ ਰਸਤੇ ਉੱਤੇ ਦ੍ਰਿੜਤਾ ਨਾਲ ਚੱਲਦੇ ਰਹਿਣ ਦਾ ਬਲ ਬਖਸ਼ਣ।ਉਹਨਾਂ ਕਿਹਾ ਕਿ ਭਾਈ ਪਰਮਜੀਤ ਸਿੰਘ ਪੰਜਵੜ ਦੀ ਸ਼ਹਾਦਤ ਉਸ ਵੇਲੇ ਹੋਈ ਹੈ ਜਦੋਂ ਦਿੱਲੀ ਦਰਬਾਰ (ਇੰਡਿਅਨ ਸਟੇਟ) ਸਿੱਖ ਮਸਲੇ ਨੂੰ ਆਪਣੇ ਅਨੁਸਾਰ ਨਜਿੱਠਣ ਦੀ ਕਵਾਇਦ ਸ਼ੁਰੂ ਕਰ ਚੁੱਕਾ ਹੈ।

ਅਜਿਹੇ ਹਾਲਾਤ ਵਿੱਚ ਇਸ ਘਟਨਾ ਨੂੰ ਦੁਸ਼ਮਣ ਦੇ ਵੱਡੇ ਤੇ ਗੰਭੀਰ ਹਮਲੇ ਵੱਜੋਂ ਹੀ ਵੇਖਿਆ ਜਾਣਾ ਚਾਹੀਦਾ ਹੈ। ਦੁਸ਼ਮਣ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਅਜਿਹੇ ਹਮਲਿਆਂ ਨਾਲ ਸੱਚਾਈ ਨਹੀਂ ਬਦਲੀ ਜਾ ਸਕਦੀ ਅਤੇ ਖਾਲਸਾ ਪੰਥ ਦਾ ਸੰਘਰਸ਼ ਗੁਰੂ ਓਟ ਸਦਕਾ ਜਾਰੀ ਰਹਿਣਾ ਹੈ।

ਉਹਨਾਂ ਕਿਹਾ ਕਿ ਅੱਜ ਦੇ ਸਮੇਂ ਸੰਸਾਰ, ਦੱਖਣੀ ਏਸ਼ੀਆ ਤੇ ਇੰਡੀਅਨ ਉਪਮਹਾਂਦੀਪ ਹਾਲਾਤ ਅਸਥਿਰਤਾ ਵਾਲੇ ਬਣੇ ਹੋਏ ਹਨ। ਇਥੇ ਹੋ ਰਹੀ ਉਥਲ-ਪੁਥਲ ਦਾ ਅਸਰ ਸਿੱਖਾਂ ਉੱਤੇ ਵੀ ਪੈ ਰਿਹਾ ਹੈ। ਦਿੱਲੀ ਦਰਬਾਰ ਸਿੱਖਾਂ ਦੇ ਪਵਿੱਤਰ ਸੰਕਲਪਾਂ, ਸੰਸਥਾਵਾਂ ਤੇ ਸਿੱਖ ਅਗਵਾਈ (ਲੀਡਰਸ਼ਿੱਪ) ਨੂੰ ਨਿਸ਼ਾਨੇ ਉੱਤੇ ਲੈ ਰਿਹਾ ਹੈ। ਅਜਿਹੇ ਵਿੱਚ ਗੁਰ-ਸੰਗਤ ਅਤੇ ਖਾਲਸਾ ਪੰਥ ਨੂੰ ਅੰਦਰੂਨੀ ਕਤਾਰਬੰਦੀ ਕਾਇਦਾਬੱਧ ਕਰਨ ਤੇ ਆਪਸ ਵਿੱਚ ਇਤਫਾਕ ਕਾਇਮ ਕਰਨ ਦੀ ਸਖਤ ਜ਼ਰੂਰਤ ਹੈ।




# ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਇਤਿਹਾਸਿਕ ਪੁਸਤਕ ਲੋਕ ਅਰਪਣ ਹੋਈ

ਯੂਨੀਅਨ ਸਿਟੀ-ਕੈਲੀਫੋਰਨੀਆ (ਯੂ.ਐਸ.ਏ.) / ਪ੍ਰਮਿੰਦਰ ਸਿੰਘ ਪ੍ਰਵਾਨਾ: ਸਥਾਨਕ ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਪੁਸਤਕ 'ਚੋਣਵੇਂ ਇਤਿਹਾਸਕ ਲੇਖ' Guy Emanuele jr. Elementary School-100 Decoto Road Union City CA. 94587 ਵਿਖੇ ਲੋਕ ਅਰਪਣ ਹੋਈ। ਇਕ ਵਿਸ਼ਾਲ ਧਾਰਮਿਕ ਸੱਭਿਆਚਾਰ ਅਕਾਦਮਿਕ ਪ੍ਰੋਗਰਾਮ ਵਿੱਚ ਬੱਚੇ, ਮਾਪੇ , ਅ ਧਿਆਪਕ, ਸਾਹਿਤਕਾਰਾ, ਕਲਾਕਾਰ, ਕਾਰੋਬਾਰੀ ਅਤੇ ਪਤਵੰਤੇ ਸ਼ਾਮਲ ਹੋਏ।

ਪ੍ਰੋਗਰਾਮ ਦਾ ਆਰੰਭ ਸਕੂਲ ਦੀ ਅਧਿਆਪਕਾ GINA PACAL DO ਨੇ ਸਭ ਨੂੰ ਜੀ ਆਇਆ ਆਖਦਿਆਂ ਕੀਤਾ। ਉਸ ਵੱਲੋਂ ਪ੍ਰੋਗਰਾਮ ਦੀ ਰੂਪ ਰੇਖਾ ਦਸੀ ਗਈ। ਪ੍ਰਵਾਨਾ ਵੱਲੋਂ ਪਹਿਲਾਂ ਕੀਤੇ ਪ੍ਰੋਗਰਾਮਾਂ ਦੀ ਸਫ਼ਲਤਾ ਦਾ ਜ਼ਿਕਰ ਕੀਤਾ। ਇਹ ਸਾਰੇ ਪ੍ਰੋਗਰਾਮ ਅਕਾਦਮਿਕ ਸਨ, ਜਿਸ ਵਿੱਚ ਹਰ ਉਮਰ ਦੇ ਸਰੋਤੇ ਨੂੰ ਸਿੱਖਣ ਦਾ ਮੌਕਾ ਮਿਲਿਆ ਹੈ। ਪੁਸਤਕ FARMERS INSURANCE ਦੇ ਗੁਰਚਰਨ ਸਿੰਘ ਮਾਨ ਵੱਲੋਂ ਲੋਕ ਅਰਪਣ ਹੋਈ। ਪ੍ਰਵਾਨਾ ਵੱਲੋਂ ਪੁਸਤਕ ਦੀ ਪਹਿਲੀ ਕਾਪੀ ਬੀਬੀ ਸਰਬਜੀਤ ਕੌਰ ਚੀਮਾ ਅਧਿਆਪਕਾ ਲੋਗਨ ਹਾਈ ਸਕੂਲ ਨੂੰ ਭੇਂਟ ਕੀਤੀ ਗਈ। ਉਪਰੰਤ ਹਾਜ਼ਰ ਸਰੋਤਿਆਂ ਨੂੰ ਵੀ ਪੁਸਤਕ ਪ੍ਰੇਮ ਭੇਂਟ ਕੀਤੀ ਗਈ। ਪੁਸਤਕ ਦੇ ਪ੍ਰਚਾ ਪਾਠ ਵਿੱਚ ਹਰਜਿੰਦਰ ਸਿੰਘ ਪੰਧੇਰ ਪ੍ਰਧਾਨ



ਪੰਜਾਬੀ ਸਾਹਿਤ ਸਭਾ ਸਟਾਕਟਨ ਵੱਲੋਂ ਵਿਚਾਰ ਪ੍ਰਗਟਾਉਂਦਿਆਂ ਕਿਹਾ ਕਿ ਪ੍ਰਵਾਸ ਦਾ ਜੀਵਨ ਉਂਝ ਹੀ ਚੁਣੌਤੀ ਭਰਿਆ ਹੁੰਦਾ ਹੈ ਪਰ ਕਿਸੇ ਪ੍ਰਵਾਸੀ ਲੇਖਕ ਨੂੰ ਮੂਲ ਦੇਸ਼ ਦੇ ਸੱਭਿਆਚਾਰ ਬਾਰੇ ਕਿਸੇ ਪੱਖੋਂ ਗਲ ਕਰਨੀ ਪਵੇ ਤਾਂ ਹੋਰ ਵੀ ਚੁਣੌਤੀ ਭਰੂਪਰ ਬਣ ਜਾਂਦੀ ਹੈ। ਪ੍ਰਵਾਨਾ ਸਾਹਿਬ ਨੇ ਇਸ ਚੁਣੌਤੀ ਨੂੰ ਕਬੂਲਿਆ ਹੈ। ਉਹਨਾਂ ਆਪਣੇ ਸੀਮਤ ਸਾਧਨਾਂ ਦੇ ਬਾਵਜੂਦ ਵੀ ਇਤਿਹਾਸਕ ਪੁਸਤਕ ਵਿੱਚ ਵੱਖ ਵੱਖ ਵਿਸ਼ਿਆਂ ਨੂੰ ਛੂੰਹਦਿਆਂ ਨਿਗਰ ਜਾਣਕਾਰੀ ਦੇਣ ਦਾ ਉਪਰਾਲਾ ਕੀਤਾ ਹੈ। ਲੇਖਕ ਨੇ ਜਿਸ ਵਿਸ਼ੇ ਨੂੰ ਵੀ ਛੂਹਿਆ ਹੈ, ਉਸਦੇ ਇਤਿਹਾਸਕ ਪ੍ਰਮਾਣਿਕ ਤੱਥਾਂ ਨੂੰ ਸਰਲ ਅਤੇ ਪ੍ਰਭਾਵਸ਼ਾਲੀ ਬੋਲੀ ਸ਼ੈਲੀ ਰਾਹੀਂ ਪਾਠਕਾਂ ਦੇ ਸਨਮੁੱਖ ਕੀਤਾ ਹੈ। ਬਹੁਤ ਸਾਰੇ ਪਾਠਾਂ ਦੇ ਅੰਤ ਵਿੱਚ ਅੰਤਿਕਾ ਦੇ ਰੂਪ ਵਿੱਚ ਮਨੁੱਖ ਨੂੰ ਸੁਚੱਜੀ ਮਾਨਵਤਾ ਦੇ ਰਾਹ ਪਾਉਣ ਦੀ ਨਿਜੀ ਤੌਰ 'ਤੇ ਵੀ ਪ੍ਰੇਰਨਾ ਦਿੰਦੇ ਹਨ। ਸਾਹਿਤਕਾਰ ਬੀਬੀ ਮਨਜੀਤ ਕੌਰ ਸੇਖੋਂ ਵੱਲੋਂ (ਬਾਕੀ ਸਫ਼ਾ 30 'ਤੇ)

## ਰੇਪ ਮਾਮਲੇ 'ਚ ਦੋਸ਼ੀ ਵਿਅਕਤੀ ਨੇ ਆਪਣੀ ਪਤਨੀ ਤੇ 3 ਬੱਚਿਆਂ ਨੂੰ ਮਾਰਨ ਉਪਰੰਤ ਕੀਤੀ ਆਤਮਹੱਤਿਆ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਪੁਲਿਸ ਨੇ ਬੀਤੇ ਦਿਨ ਓਕਲਾਹੋਮਾ ਦੇ ਹੈਨਰੀਏਟਾ ਸ਼ਹਿਰ ਦੇ ਇਕ ਘਰ ਵਿੱਚ ਮਿਲੀਆਂ 7 ਲਾਸ਼ਾਂ ਬਾਰੇ ਸਪੱਸ਼ਟ ਕੀਤਾ ਹੈ ਕਿ ਇਹ ਲਾਸ਼ਾਂ ਇਕ ਸੈਕਸ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤੇ ਜੈਸ ਮੈਕਫਾਡਨ , ਉਸ ਦੀ ਪਤਨੀ, ਉਸ ਦੇ 3 ਬੱਚਿਆਂ ਤੇ ਦੋ ਨਬਾਲਗ ਕੁੜੀਆਂ ਦੀਆਂ ਹਨ। ਪੁਲਿਸ ਅਨੁਸਾਰ ਮੈਕਫਾਡਨ ਨੇ ਆਪਣੀ ਪਤਨੀ,ਉਸ ਦੇ 3 ਬੱਚਿਆਂ ਤੇ 2 ਨਬਾਲਗ ਕੁੜੀਆਂ ਦੀਆਂ ਹੱਤਿਆਵਾਂ ਕਰਨ ਉਪਰੰਤ ਆਪਣੇ ਆਪ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕੀਤੀ ਹੈ। ਮ੍ਰਿਤਕਾਂ ਵਿੱਚ ਮੈਕਫਾਡਨ ਤੋਂ ਇਲਾਵਾ ਹੋਲੀ ਮੈਕਸੀਕਨ (35), ਗੀਲੀ ਐਲਨ (17), ਮਾਈਕਲ ਮੇਯੋ (15) ਟਿਫਨੀ ਗੈਸ (13), ਈਵੀ ਵੈਬਸਟਰ (14) ਤੇ ਬ੍ਰਿਟਨੀ ਬਰੀਵਰ (16) ਸ਼ਾਮਿਲ ਹਨ। (ਬਾਕੀ ਸਫ਼ਾ 31 'ਤੇ)

# ਮਨੁੱਖੀ ਅਧਿਕਾਰ, ਬੰਦੂਕ ਹਿੰਸਾ ਬਨਾਮ ਅਮਰੀਕਾ

## ☛ ਮਨੁੱਖੀ ਅਧਿਕਾਰਾਂ ਦਾ ਅਲੰਬਰਦਾਰ ਕਹਾਉਂਦੇ ਅਮਰੀਕਾ ’ਚ 4 ਮਹੀਨੇ 7 ਦਿਨਾਂ ਦੌਰਾਨ ਗੋਲੀਬਾਰੀ ਦੀਆਂ ਵਾਪਰੀਆਂ 164 ਘਟਨਾਵਾਂ ’ਚ 11,521 ਮੌਤਾਂ ਹੋਈਆਂ ☛ ਅਮਰੀਕਾ ਦੇ 45 ਫ਼ੀਸਦੀ ਨਾਗਰਿਕਾਂ ਕੋਲ ਮੌਜੂਦ ਹਨ ਬੰਦੂਕਾਂ

ਨਿਊਯਾਰਕ/ਏ.ਟੀ.ਨਿਊਜ਼ :- ਆਪਣੇ ਆਪ ਨੂੰ ਪੂਰੀ ਦੁਨੀਆਂ ’ਚ ਮਨੁੱਖੀ ਅਧਿਕਾਰਾਂ ਦਾ ਅਲੰਬਰਦਾਰ ਕਹਾਉਣ ਵਾਲੇ ਅਮਰੀਕਾ ’ਚ ਬੰਦੂਕ ਹਿੰਸਾ ਖ਼ਤਰਨਾਕ ਬਣੀ ਹੋਈ ਹੈ। ਅਮਰੀਕਾ ’ਚ 4 ਮਹੀਨੇ 7 ਦਿਨਾਂ ਦੌਰਾਨ ਗੋਲੀਬਾਰੀ ਦੀਆਂ 164 ਘਟਨਾਵਾਂ ਵਾਪਰ ਚੁੱਕੀਆਂ ਹਨ। ਜਿਸ ਤੋਂ ਪਤਾ ਚਲ ਜਾਂਦਾ ਹੈ ਕਿ ਅਮਰੀਕਾ ਵਿੱਚ ਬੰਦੂਕ ਹਿੰਸਾ ਕਿੰਨਾ ਖ਼ਤਰਨਾਕ ਰੂਪ ਅਖ਼ਤਿਆਰ ਕਰ ਗਈ ਹੈ।ਅਮਰੀਕਾ ਦੀਆਂ ਨੀਤੀਆਂ ਅਨੁਸਾਰ ਉਥੇ ਲੋਕਾਂ ਨੂੰ ਆਸਾਨੀ ਨਾਲ ਬੰਦੂਕ ਅਤੇ ਹੋਰ ਹਥਿਆਰ ਮਿਲ ਜਾਂਦੇ ਹਨ ਅਤੇ ਅਮਰੀਕਾ ਦੇ ਲੋਕ ਸਬਜੀਆਂ ਵਾਂਗ ਹੀ ਬੰਦੂਕਾਂ ਦੀ ਖਰੀਦ ਕਰਦੇ ਹਨ।ਜਿਸ ਕਰਕੇ ਬੰਦੂਕ ਸੱਭਿਆਚਾਰ ਅਮਰੀਕਾ ਦੇ ਸਮਾਜ ਦਾ ਹਿੱਸਾ ਬਣਿਆ ਹੋਇਆ ਹੈ, ਜਿਸਦੇ ਬਹੁਤ ਭਿਆਨਕ ਨਤੀਜੇ ਸਾਹਮਣੇ ਆ ਰਹੇ ਹਨ।ਹਰ ਦਿਨ ਹੀ ਅਮਰੀਕਾ ’ਚ ਬੰਦੂਕ ਹਿੰਸਾ ਦੀਆਂ ਘਟਨਾਂਵਾਂ ਵਾਪਰ ਰਹੀਆਂ ਹਨ। ਅਮਰੀਕਾ ਦੇ ਬੱਚਿਆਂ ’ਚ ਵੀ ਬੰਦੂਕਾਂ ਅਤੇ ਹਥਿਆਰਾਂ ਨਾਲ ਮੋਹ ਵਧਦਾ ਜਾ ਰਿਹਾ ਹੈ।ਕਈ ਵਾਰ ਤਾਂ ਸਕੂਲਾਂ ’ਚ ਪੜਦੇ ਬੱਚੇ ਵੀ ਬੰਦੂਕ ਜਾਂ ਹੋਰ ਹਥਿਆਰ ਲੈ ਕੇ ਸਕੂਲ ਪਹੁੰਚ ਜਾਂਦੇ ਹਨ ਅਤੇ ਕਈ ਵਾਰ ਇਸ ਤਰਾਂ ਹਿੰਸਕ ਘਟਨਾਵਾਂ ਵੀ ਵਾਪਰ ਚੁੱਕੀਆਂ ਹਨ। ਅਮਰੀਕਾ ’ਚ ਹਰ ਦਿਨ ਬੰਦੂਕ ਹਿੰਸਾ ਦੀਆਂ ਘਟਨਾਂਵਾਂ ਵਾਪਰ ਰਹੀਆਂ ਹਨ, ਜਿਸ ਕਾਰਨ ਉਥੋਂ ਦੇ ਸਮਾਜ ਵਿੱਚ ਪੈਦਾ ਹੋਈ ਬੰਦੂਕ ਹਿੰਸਾ ਦਾ ਅੰਦਾਜਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ।



ਸਵਿਸ ਰਿਸਰਚ ਪ੍ਰੋਜੈਕਟ ਸਮਾਲ ਆਰਮਜ਼ ਸਰਵੇ ਦੀ ਰਿਪੋਰਟ ਅਨੁਸਾਰ ਅਮਰੀਕਾ ਦੁਨੀਆਂ ਦਾ ਇਕਲੌਤਾ ਅਜਿਹਾ ਦੇਸ਼ ਹੈ ਜਿੱਥੇ ਬੰਦੂਕਾਂ ਦੀ ਗਿਣਤੀ ਨਾਗਰਿਕਾਂ ਦੀ ਗਿਣਤੀ ਤੋਂ ਵੱਧ ਹੈ। ਸਾਲ 2021 ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ ਵਿੱਚ ਹਰ 100 ਅਮਰੀਕੀਆਂ ਕੋਲ 120 ਬੰਦੂਕਾਂ ਹਨ। ਜਦੋਂ ਕਿ 2011 ਦੌਰਾਨ ਇਹ ਅੰਕੜਾ 88 ਸੀ, ਜਿਸ ਦਾ ਮਤਲਬ ਇਹ ਹੈ ਕਿ ਅਮਰੀਕਾ ਵਿੱਚ ਬੰਦੂਕਾਂ ਦਾ ਕਾਰੋਬਾਰ ਜਾਰੀ ਹੈ, ਜਦਕਿ ਬਿਡੇਨ ਪ੍ਰਸ਼ਾਸਨ ਨੇ ਪਿਛਲੇ ਸਾਲ ਇਕ ਕਾਨੂੰਨ ਵੀ ਬਣਾਇਆ ਸੀ।

ਰਿਪੋਰਟ ਵਿੱਚ ਅਮਰੀਕਾ ਦੇ ਬੰਦੂਕ ਸੱਭਿਆਚਾਰ ਬਾਰੇ ਕੁਝ ਬਹੁਤ ਹੀ ਡਰਾਉਣੀਆਂ ਗੱਲਾਂ ਕਹੀਆਂ ਗਈਆਂ ਹਨ। ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਸਾਲ 2022 ਦੌਰਾਨ ਅਮਰੀਕਾ ਵਿੱਚ 45 ਫੀਸਦੀ ਨਾਗਰਿਕਾਂ ਕੋਲ ਬੰਦੂਕ ਹੈ। ਯਾਨੀ ਜਿਸ ਸਮਾਜ ਵਿੱਚ 45 ਫੀਸਦੀ ਲੋਕਾਂ ਦੇ ਹੱਥਾਂ ਵਿੱਚ ਬੰਦੂਕ ਹੋਵੇ, ਉਹ ਸਮਾਜ ਕਿੰਨਾ ਖ਼ਤਰਨਾਕ ਹੋ ਸਕਦਾ ਹੈ, ਇਸ ਦਾ ਅੰਦਾਜ਼ਾ ਵੀ ਨਹੀਂ ਲਗਾਇਆ ਜਾ ਸਕਦਾ, ਕਿਉਂਕਿ ਕਿਸ ਸਮੇਂ ਵਿਅਕਤੀ ਦੇ ਮਨ ਵਿੱਚ ਕੀ ਆਵੇਗਾ, ਉਸ ਨੂੰ ਕੌਣ ਸਮਝ ਸਕੇਗਾ।50 ਸਾਲ ਪਹਿਲਾਂ ਲਗਭਗ 37 ਪ੍ਰਤੀਸ਼ਤ ਅਮਰੀਕੀਆਂ ਕੋਲ ਬੰਦੂਕਾਂ ਸਨ।

ਅਮਰੀਕਾ ਦੀ ਆਬਾਦੀ 330 ਮਿਲੀਅਨ ਹੈ ਅਤੇ ਲੋਕਾਂ ਕੋਲ 400 ਮਿਲੀਅਨ ਬੰਦੂਕਾਂ ਹਨ। 1968 ਤੋਂ 2017 ਤੱਕ ਦੇ 50 ਸਾਲਾਂ ਵਿੱਚ ਅਮਰੀਕਾ ਵਿੱਚ ਗੋਲੀਬਾਰੀ ਦੀਆਂ ਘਟਨਾਵਾਂ ਵਿੱਚ ਘੱਟੋ-ਘੱਟ 15 ਲੱਖ ਲੋਕਾਂ ਦੀ ਮੌਤ ਹੋ ਚੁੱਕੀ ਹੈ।

ਅਮਰੀਕਾ ਵਿੱਚ ਗੋਲੀਬਾਰੀ ਦੀ ਹਰ ਮਹੀਨੇ ਘਟਨਾਵਾਂ ਤੋਂ ਬਾਅਦ ਸਮੂਹਿਕ ਗੰਨ ਕੰਟਰੋਲ ਦਾ ਮੁੱਦਾ ਸਿਆਸਤ ਅਤੇ ਮੀਡੀਆ ਵਿੱਚ ਉਛਲਦਾ ਹੈ ਪਰ ਇਸ ਦਾ ਹੁਣ ਤੱਕ ਕੋਈ ਫਾਇਦਾ ਨਜ਼ਰ ਨਹੀਂ ਆਇਆ। ਮਨੁੱਖੀ ਅਧਿਕਾਰਾਂ ਨੂੰ ਲੈ ਕੇ ਸਭ ਤੋਂ ਵੱਧ ਰੌਲਾ ਪਾਉਣ ਵਾਲੇ ਅਮਰੀਕਾ ਦੇਸ਼ ਵਿੱਚ ਕਦੋਂ, ਕਿਸ ਵਿਅਕਤੀ ਨੂੰ ਗੋਲੀ ਮਾਰ ਦਿੱਤੀ ਜਾਵੇਗੀ, ਕੋਈ ਨਹੀਂ ਜਾਣਦਾ।ਫੋਰਡਸ ਲਾਅ ਸੈਂਟਰ ਦੀ ਇੱਕ ਰਿਪੋਰਟ ਦੇ ਅਨੁਸਾਰ, ਉੱਚ ਆਮਦਨੀ ਵਾਲੇ ਦੇਸ਼ਾਂ ਦੇ ਮੁਕਾਬਲੇ ਇੱਥੇ ਨਾਗਰਿਕਾਂ ਦੀ ਬੰਦੂਕ ਨਾਲ ਹੱਤਿਆ ਨਾਲ ਮਰਨ ਦੀ ਸੰਭਾਵਨਾ 25 ਗੁਣਾ ਵੱਧ ਹੈ, ਜਿਸ ਨਾਲ ਅਮਰੀਕਾ ਸਭ ਤੋਂ ਖ਼ਤਰਨਾਕ ਵਿਕਸਤ ਦੇਸ਼ ਬਣ ਗਿਆ ਹੈ।ਅਮਰੀਕੀ ਲੋਕਾਂ ਲਈ, ਬੰਦੂਕ ਰੱਖਣਾ ਇੱਕ ਨਸ਼ੇ ਵਾਂਗ ਹੈ। ਇਸ ਲਈ (ਬਾਕੀ ਸਫ਼ਾ 29 ’ਤੇ)

## ਬਾਇਡਨ ਵੱਲੋਂ ਭਾਰਤੀ ਅਮਰੀਕੀ ਨੀਰਾ ਟੰਡਨ ਆਪਣੀ ਸਲਾਹਕਾਰ ਵਜੋਂ ਨਾਮਜ਼ਦ

ਸੈਕਰਾਮੈਂਟੋ ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਰਾਸ਼ਟਰਪਤੀ ਜੋ ਬਾਇਡਨ ਨੇ ਭਾਰਤੀ ਮੂਲ ਦੀ ਅਮਰੀਕੀ ਨਾਗਰਕ ਨੀਰਾ ਟੰਡਨ ਨੂੰ ਘਰੇਲੂ ਨੀਤੀ ਸਲਾਹਕਾਰ ਵਜੋਂ ਨਾਮਜ਼ਦ ਕੀਤਾ ਹੈ ਜੋ ਰਾਸ਼ਟਰਪਤੀ ਦੀ ਦੇਸ਼ ਵਿੱਚ ਨੀਤੀ ਏਜੰਡਾ ਤਿਆਰ ਤੇ ਲਾਗੂ ਕਰਨ ਵਿੱਚ ਮਦਦ ਕਰੇਗੀ। ਟੰਡਨ ਸੁਸਾਨ ਰਾਈਸ ਦਾ ਸਥਾਨ ਲਵੇਗੀ ਜੋ ਇਹ ਅਹੁੱਦਾ ਛੱਡ ਗਈ ਹੈ। ਰਾਸ਼ਟਰਪਤੀ ਨੇ ਇਕ ਬਿਆਨ ਵਿੱਚ ਕਿਹਾ ਹੈ ਕਿ ਮੈਨੂੰ ਇਹ ਐਲਾਨ ਕਰਦਿਆਂ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਮੇਰੀ ਘਰੇਲੂ ਨੀਤੀ



ਤਿਆਰ ਤੇ ਉਸ ਉਪਰ ਅਮਲ ਕਰਨ ਵਿੱਚ ਟੰਡਨ ਸਹਾਇਤਾ ਕਰੇਗੀ। ਉਨਾਂ ਕਿਹਾ ਹੈ ਕਿ ਟੰਡਨ ਨੂੰ ਜਨਤਿਕ ਨੀਤੀ ਸਬੰਧੀ 25 ਸਾਲ ਦਾ ਤਜ਼ਰਬਾ ਹੈ ਤੇ ਉਸ ਨੇ 3 ਰਾਸ਼ਟਰਪਤੀਆਂ ਨਾਲ ਕੰਮ ਕੀਤਾ ਹੈ।

## ਅਮਰੀਕਾ ਦੇ ਟੈਕਸਾਸ ਰਾਜ ਵਿੱਚ ਕਾਰ ਲੋਕਾਂ ਉੱਪਰ ਚੜੀ, 7 ਮੌਤਾਂ, ਡਰਾਈਵਰ ਗ੍ਰਿਫ਼ਤਾਰ

ਸੈਕਰਾਮੈਂਟੋ ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਟੈਕਸਾਸ ਰਾਜ ਵਿੱਚ ਬਰਾਊਨਸਵਿਲੇ ਵਿਖੇ ਇਕ ਤੇਜ ਰਫਤਾਰ ਐਸ ਯੂ ਵੀ ਕਾਰ ਪ੍ਰਵਾਸੀਆਂ ਦੀ ਰਿਹਾਇਸ਼ ਦੇ ਨੇੜੇ ਬੱਸ ਸਟਾਪ ’ਤੇ ਖੜੇ ਲੋਕਾਂ ਵਿੱਚ ਜਾ ਵੱਜੀ, ਜਿਸ ਦੇ ਸਿੱਟੇ ਵਜੋਂ 7 ਲੋਕਾਂ ਦੀ ਮੌਤ ਹੋ ਗਈ। ਬਰਾਊਨਸਵਿਲੇ ਪੁਲਿਸ ਦੇ ਜਾਂਚਕਾਰ ਮਾਰਟਿਨ ਸੈਂਡੋਵਲ ਨੇ ਕਿਹਾ ਹੈ ਕਿ ਇਹ ਹਾਦਸਾ ਸਵੇਰੇ 8.30 ਵਜੇ ਵਾਪਰਿਆ। ਉਨਾਂ



ਕਿਹਾ ਕਿ ਇਹ ਮਹਿਜ ਇਕ ਹਾਦਸਾ ਹੈ ਜਾਂ ਜਾਣਬੁਝ ਕੇ ਕੀਤਾ ਗਿਆ ਹਾਦਸਾ ਹੈ, ਇਸ ਬਾਰੇ ਜਾਂਚ ਕੀਤੀ ਜਾ ਰਹੀ ਹੈ। ਉਨਾਂ ਕਿਹਾ ਕਿ 3 ਗੱਲਾਂ ਹੋ ਸਕਦੀਆਂ ਹਨ। ਪਹਿਲਾ ਡਰਾਈਵਰ ਨਸ਼ੇ ਵਿਚ ਹੋ ਸਕਦਾ ਹੈ, ਦੂਸਰਾ ਅਚਾਨਕ ਵਾਪਰਿਆ ਹਾਦਸਾ ਹੋ ਸਕਦਾ ਜਾਂ ਫਿਰ ਗਿਣੀਮਿੱਥੀ ਯੋਜਨਾ ਤਹਿਤ ਇਹ ਹਾਦਸਾ ਕੀਤਾ ਗਿਆ ਹੈ। ਉਨਾਂ ਕਿਹਾ ਹੈ ਕਿ ਡਰਾਈਵਰ ਨੂੰ (ਬਾਕੀ ਸਫ਼ਾ 29 ’ਤੇ)

## ਅਮਰੀਕਾ ਦੇ ਟੈਕਸਾਸ ਰਾਜ ਵਿੱਚ ਇੱਕ ਮਾਲ ’ਚ ਹੋਈ ਗੋਲੀਬਾਰੀ ਦੌਰਾਨ 8 ਮੌਤਾਂ, 7 ਜ਼ਖ਼ਮੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਟੈਕਸਾਸ ਰਾਜ ਵਿੱਚ ਡਲਾਸ ਨੇੜੇ ਏਲਨ ਵਿਖੇ ਇੱਕ ਆਊਟਲੈਟ ਮਾਲ ਵਿੱਚ ਅਣਪਛਾਤੇ ਹਮਲਾਵਰ ਵੱਲੋਂ ਕੀਤੀ ਅੰਧਾਧੁੰਦ ਗੋਲੀਬਾਰੀ ਵਿਚ 8 ਵਿਅਕਤੀਆਂ ਦੀ ਮੌਤ ਹੋ ਗਈ ਤੇ 7 ਹੋਰ ਜ਼ਖਮੀ ਹੋ ਗਏ। ਪੁਲਿਸ ਅਨੁਸਾਰ ਹਮਲਾਵਰ ਇਕੱਲਾ ਹੀ ਸੀ ਤੇ ਉਹ ਵੀ ਜਵਾਬੀ ਕਾਰਵਾਈ ਵਿੱਚ ਮਾਰਿਆ ਗਿਆ। ਏਲਨ,ਟੈਕਸਾਸ ਦੇ ਫਾਇਰ ਚੀਫ ਜੋਨਾਥਨ ਬਾਇਡ ਨੇ ਕਿਹਾ ਹੈ ਕਿ 9 ਲੋਕਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਸੀ ਜਿਨਾਂ ਵਿਚੋਂ 2 ਦਮ ਤੋੜ ਗਏ ਜਦ ਕਿ 3 ਦੀ ਹਾਲਤ ਗੰਭੀਰ ਹੈ ਤੇ 4 ਸਥਿੱਰ ਹਾਲਤ ਵਿੱਚ ਹਨ। 6 ਵਿਅਕਤੀਆਂ ਦੀ ਮੌਤ ਮੌਕੇ ਉਪਰ ਹੀ ਹੋ ਗਈ ਸੀ। ਡਲਾਸ ਖੇਤਰ ਦੇ ਇਕ ਮੈਡੀਕਲ ਗਰੁੱਪ ਅਨੁਸਾਰ ਹੋਰਨਾਂ ਤੋਂ ਇਲਾਵਾ ਉਨਾਂ ਦੇ ਇਲਾਜ਼ ਅਧੀਨ ਸਭ ਤੋਂ ਛੋਟੀ ਉਮਰ ਦਾ ਇਕ 5 ਸਾਲ ਦਾ ਬੱਚਾ ਵੀ ਸ਼ਾਮਿਲ ਹੈ।

### ਟੈਕਸਾਸ ’ਚ ਗੋਲੀਬਾਰੀ ਦੌਰਾਨ ਮਾਰੇ ਗਏ ਲੋਕਾਂ ਵਿੱਚ ਹੈਦਰਾਬਾਦ ਵਾਸੀ ਜੱਜ ਦੀ ਧੀ ਵੀ ਸ਼ਾਮਿਲ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਟੈਕਸਾਸ ਰਾਜ ਵਿੱਚ ਡਲਾਸ ਨੇੜੇ ਏਲਨ ਵਿਖੇ ਬੀਤ ਦਿਨ ਇਕ ਸ਼ਾਪਿੰਗ ਮਾਲ ਵਿੱਚ ਹੋਈ ਗੋਲੀਬਾਰੀ ਵਿੱਚ ਮਾਰੇ ਗਏ 9 ਲੋਕਾਂ ਵਿੱਚ ਭਾਰਤ ਦੀ 27 ਸਾਲਾ ਔਰਤ ਵੀ ਸ਼ਾਮਿਲ ਹੈ ਜੋ ਟੈਕਸਾਸ ਵਿੱਚ ਇਕ ਪ੍ਰਾਈਵੇਟ ਕੰਪਨੀ ਵਿੱਚ ਪ੍ਰਾਜੈਕਟ ਇੰਜੀਨੀਅਰ ਵਜੋਂ ਕੰਮ ਕਰਦੀ ਸੀ। ਉਸ ਦੀ ਪਛਾਣ ਥਾਟੀਕੌਂਡਾ ਐਸ਼ਵਰਿਆ ਰੈਡੀ ਵਜੋਂ ਹੋਈ ਹੈ ਜੋ ਗੋਲੀਬਾਰੀ ਸਮੇ ਆਪਣੇ ਇਕ ਦੋਸਤ ਨਾਲ ਏਲਨ ਪ੍ਰੀਮੀਅਮ ਆਊਟਲੈਟਸ ਵਿਖੇ ਖਰੀਦਦਾਰੀ ਕਰ ਰਹੀ ਸੀ। ਉਹ ਹੈਦਰਾਬਾਦ (ਤੇਲੰਗਾਨਾ) ਦੇ ਜੱਜ ਟੀ ਨਰਸੀ ਰੈਡੀ ਦੀ ਧੀ ਹੈ। ਉਸ ਨੇ ਹੈਦਰਾਬਾਦ ਦੇ ਇਕ ਕਾਲਜ ਤੋਂ ਸਿਵਲ ਇੰਜਨੀਅਰਿੰਗ ਕੀਤੀ ਸੀ ਤੇ ਅਮਰੀਕਾ ਵਿੱਚ ਮਾਸਟਰ ਡਿਗਰੀ ਕਰਨ ਉਪਰੰਤ ਪਿਛਲੇ ਦੋ ਸਾਲਾਂ ਤੋਂ ਪ੍ਰਾਜੈਕਟ ਇੰਜਨੀਅਰ ਵਜੋਂ ਕੰਮ ਕਰ ਰਹੀ ਸੀ। ਜੱਜ ਦੇ ਇਕ ਦੋਸਤ ਨੇ ਦਸਿਆ ਕਿ ਸ਼ਨੀਵਾਰ ਨੂੰ ਹੋਈ ਗੋਲੀਬਾਰੀ ਤੋਂ ਪਹਿਲਾਂ ਐਸ਼ਵਰਿਆ ਨੇ ਪਰਿਵਾਰ ਨਾਲ ਗਲ ਕੀਤੀ ਸੀ। ਜਦੋਂ ਪਰਿਵਾਰ ਨੂੰ ਗੋਲੀਬਾਰੀ ਬਾਰੇ ਪਤਾ ਲੱਗਾ ਤਾਂ ਉਨਾਂ ਨੇ ਵਾਪਿਸ ਐਸ਼ਵਰਿਆ ਨੂੰ ਫੋਨ ਕੀਤਾ ਸੀ ਪਰੰਤੂ ਅਗਿਊਂ (ਬਾਕੀ ਸਫ਼ਾ 31 ’ਤੇ)



## ਕੈਨੇਡਾ ਵਿੱਚ ਆਏ ਵਿਦਿਆਰਥੀਆਂ ਦੀ ਡਾ. ਸਤਿੰਦਰ ਸਰਤਾਜ ਨੇ ਕੀਤੀ ਮਦਦ

### ਸਰਤਾਜ ਫਾਊਂਡੇਸ਼ਨ ਲੋੜਵੰਦਾਂ ਦੀ ਹਮਾਇਤ ਕਰਨੀ ਕਦੇ ਵੀ ਨਹੀਂ ਭੁੱਲਦੇ

ਵੈਨਕੂਵਰ/ਏ.ਟੀ.ਨਿਊਜ਼ :- ਡਾਕਟਰ ਸਤਿੰਦਰ ਸਰਤਾਜ ਅੱਜ-ਕੱਲ੍ਹ ਆਪਣੇ ਕੈਨੇਡਾ ਟੂਰ ’ਤੇ ਗਾਈਕੀ ਵਿੱਚ ਧੂੰਮਾਂ ਪਾ ਰਹੇ ਹਨ ਪਰ ਨਾਲ-ਨਾਲ ਉਹ ਸਰਤਾਜ ਫਾਊਂਡੇਸ਼ਨ ਵੱਲੋਂ ਲੋੜਵੰਦਾਂ ਦੀ ਹਮਾਇਤ ਕਰਨੀ ਵੀ ਨਹੀਂ ਭੁੱਲਦੇ। ਪੰਜਾਬ ਤੋਂ ਕੈਨੇਡਾ ਆਏ ਵਿਦਿਆਰਥੀਆਂ ਨੂੰ ਸ਼ੁਰੂ ਵਿੱਚ ਕਾਫ਼ੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਨਾਲ ਪੰਜਾਬੀ.ਕੌਮ ਦੀ ਟੀਮ ਦੇ ਉਪਰਾਲੇ ਸਦਕਾ ਸਤਿੰਦਰ ਸਰਤਾਜ ਨੇ 13000 ਡਾਲਰ ਵਿਦਿਆਰਥੀਆਂ ਦੀ ਮਦਦ ਕਰਨ ਲਈ ਹਿੱਸਾ ਪਾਇਆ।

ਪੰਜਾਬੀ.ਕੌਮ ਦੇ ਫ਼ਾਊਂਡਰ ਗੁਰਪ੍ਰੀਤ ਸਿੰਘ ਅਤੇ ਰਾਜ ਧਾਲੀਵਾਲ ਵੱਲੋਂ ਭਵਿੱਖ ਵਿੱਚ ਵੀ ਪੰਜਾਬੀ.ਕੌਮ ਲਈ ਅਜਿਹੇ ਉਪਰਾਲੇ ਕਰਨ ਦਾ ਭਰੋਸਾ ਦਿੱਤਾ ਗਿਆ।




ਦੱਸਣਯੋਗ ਹੈ ਕਿ ਬੀਤੇ ਦਿਨੀਂ ਸ਼ਨਿੱਚਰਵਾਰ ਵਾਲੇ ਦਿਨ ਵੈਨਕੂਵਰ ਦੇ ਸ਼ੋਅ ਵੇਲੇ ਤਕਰੀਬਨ 12000 ਦੇ ਇਕੱਠ ਵਿੱਚ ਉਹਨਾਂ ਨੇ ਪੁਰਾਣੇ ਆਏ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਤੋਂ ਨਵੇਂ ਆਇਆਂ ਦੀ ਮਦਦ ਕਰਿਆ ਕਰਨ ਨਾ ਕਿ ਉਹਨਾਂ ਪ੍ਰਤੀ ਰੁੱਖਾ ਰਵੱਈਆ ਰੱਖਣ। ਯਾਦ ਰਹੇ, ਕੁਝ ਸਥਾਪਿਤ ਪੰਜਾਬੀਆਂ ਵੱਲੋਂ ਪੰਜਾਬ ਤੋਂ ਆਏ ਬੱਚਿਆਂ ਪ੍ਰਤੀ ਨਫ਼ਰਤ ਵਾਲਾ ਰਵੱਈਆ ਹੈ। ਉਹਨਾਂ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਵੀ ਕਿਸੇ ਦੇ ਪੁੱਤ- ਧੀਆਂ ਹਨ , ਜੇ ਅੱਜ ਤੁਸੀਂ ਇਹਨਾਂ ਦੀ ਮਦਦ ਕਰਦੇ ਹੋ ਤਾਂ ਇਹ ਕੱਲ ਕਾਮਯਾਬ ਹੋ ਕੇ ਕਿਸੇ ਦੀ ਮਦਦ ਕਰ ਸਕਣਗੇ ਅਤੇ ਤੁਹਾਨੂੰ ਅਸੀਸਾਂ ਦੇਣਗੇ। ਸ਼ੋਅ ਦੌਰਾਨ ਐਬਟਸਫੋਰਡ ਦੇ ਮੈਂਬਰ ਪਾਰਲੀਮੈਂਟ ਨੇ ਡਾਕਟਰ ਸਤਿੰਦਰ ਸਰਤਾਜ ਦਾ ਧੰਨਵਾਦ ਵੀ ਕੀਤਾ।

## ਬਰਤਾਨੀਆਂ 'ਚ 70 ਸਾਲ ਬਾਅਦ ਹੋਈ ਤਾਜਪੋਸ਼ੀ

# ਮਹਾਰਾਜਾ ਚਾਰਲਸ ਦੇ ਸਿਰ ਸਜਿਆ 362 ਸਾਲ ਪੁਰਾਣਾ ਤਾਜ

## ਲੰਡਨ ਦੇ ਵੈਸਟਮਿੰਸਟਰ ਐਬੇ ਚਰਚ 'ਚ ਰਾਜਾ ਅਤੇ ਰਾਣੀ ਦੀ ਤਾਜਪੋਸ਼ੀ ਨਾਲ ਜੁੜੀਆਂ ਰਸਮਾਂ 80 ਮਿੰਟ ਤੱਕ ਚੱਲੀਆਂ





ਲੰਡਨ/ਏ.ਟੀ.ਨਿਊਜ਼ : ਬ੍ਰਿਟੇਨ ਦੇ ਨਵੇਂ ਬਾਦਸ਼ਾਹ ਚਾਰਲਸ ਤੀਜੇ ਅਤੇ ਮਹਾਰਾਣੀ ਕੈਮਿਲਾ ਨੂੰ ਤਾਜ ਪਹਿਨਾਇਆ ਗਿਆ। 6 ਮਈ ਸ਼ਨੀਵਾਰ ਨੂੰ ਲੰਡਨ ਦੇ ਵੈਸਟਮਿੰਸਟਰ ਐਬੇ ਚਰਚ 'ਚ ਰਾਜਾ ਅਤੇ ਰਾਣੀ ਦੀ ਤਾਜਪੋਸ਼ੀ ਨਾਲ ਜੁੜੀਆਂ ਰਸਮਾਂ 80 ਮਿੰਟ ਤੱਕ ਚੱਲੀਆਂ। ਆਰਚਬਿਸ਼ਪ ਨੇ ਫਿਰ ਰਾਜਾ ਚਾਰਲਸ ਅਤੇ ਰਾਣੀ ਕੈਮਿਲਾ ਨੂੰ ਤਾਜ ਪਹਿਨਾਇਆ। ਰਾਜਾ ਚਾਰਲਸ ਨੇ 1661 ਵਿੱਚ ਬਣਿਆ ਸੇਂਟ ਐਡਵਰਡ ਦਾ ਤਾਜ ਪਹਿਨਿਆ ਸੀ, ਜਦੋਂ ਕਿ ਰਾਣੀ ਦੁਆਰਾ ਪਹਿਨੇ ਗਏ ਤਾਜ ਵਿੱਚ ਕੋਹਿਨੂਰ ਹੀਰਾ ਨਹੀਂ ਸੀ।

ਬ੍ਰਿਟਿਸ਼ ਸ਼ਾਹੀ ਪਰਿਵਾਰ ਦੀ 70 ਸਾਲਾਂ ਬਾਅਦ ਤਾਜਪੋਸ਼ੀ ਹੋਈ ਹੈ। ਇਸ ਤੋਂ ਪਹਿਲਾਂ 1953 ਵਿੱਚ ਰਾਜਾ ਚਾਰਲਸ ਦੀ ਮਾਂ ਮਹਾਰਾਣੀ ਐਲਿਜ਼ਾਬੈਥ ਨੂੰ ਤਾਜ ਪਹਿਨਾਇਆ ਗਿਆ ਸੀ। ਉਸ ਸਮੇਂ ਚਾਰਲਸ ਦੀ ਉਮਰ ਸਿਰਫ਼ 4 ਸਾਲ ਸੀ। ਹੁਣ ਕਿੰਗ ਚਾਰਲਸ 74 ਸਾਲ ਦੇ ਹਨ। ਕਰੀਬ 6 ਮਹੀਨੇ ਪਹਿਲਾਂ ਮਹਾਰਾਣੀ ਐਲਿਜ਼ਾਬੈਥ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਵੱਡੇ ਪੁੱਤਰ ਚਾਰਲਸ ਨੂੰ ਰਾਜਾ ਐਲਾਨ ਦਿੱਤਾ ਗਿਆ ਸੀ ਪਰ ਹੁਣ ਉਨ੍ਹਾਂ ਦੀ ਤਾਜਪੋਸ਼ੀ ਹੋ ਚੁੱਕੀ ਹੈ।

**1. ਆਰਚਬਿਸ਼ਪ ਨੇ ਚਾਰਲਸ ਦੀ ਜਾਣ-ਪਛਾਣ ਕਰਵਾਈ** : ਸਭ ਤੋਂ ਪਹਿਲਾਂ, ਚਾਰਲਸ ਨੂੰ ਰਾਜੇ ਵਜੋਂ ਲੋਕਾਂ ਸਾਹਮਣੇ ਪੇਸ਼ ਕੀਤਾ ਗਿਆ। ਇਸ ਦੌਰਾਨ ਉਹ ਸਿੰਘਾਸਣ ਦੇ ਸਾਹਮਣੇ ਅਬੇ ਵੱਲ ਮੂੰਹ ਕਰਕੇ ਖੜ੍ਹਾ ਸੀ। ਆਰਚਬਿਸ਼ਪ ਵੱਲੋਂ ਆਪਣੀ ਤਾਜਪੋਸ਼ੀ ਦਾ ਐਲਾਨ ਕਰਨ ਤੋਂ ਬਾਅਦ, ਚਾਰਲਸ ਨੇ ਈਸਾਈਆਂ ਦੀ ਪਵਿੱਤਰ ਕਿਤਾਬ 'ਤੇ ਹੱਥ ਰੱਖ ਕੇ ਸਹੁੰ ਚੁੱਕੀ। ਸਹੁੰ ਦੌਰਾਨ ਉਨ੍ਹਾਂ ਕਿਹਾ ਕਿ ਮੈਂ ਰਾਜ ਕਰਨ ਨਹੀਂ, ਸੇਵਾ ਕਰਨ ਆਇਆ ਹਾਂ।

ਤਾਜਪੋਸ਼ੀ ਵਿੱਚ ਸ਼ਾਮਲ ਹੋਣ ਵਾਲਿਆਂ ਨੇ 'ਗੌਡ ਸੇਵ ਦ ਕਿੰਗ' ਦੇ ਗੀਤ ਗਾਏ। ਆਰਚਬਿਸ਼ਪ ਨੇ ਉੱਥੇ ਮੌਜੂਦ ਸਾਰੇ ਧਰਮਾਂ ਦੇ ਲੋਕਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਚਰਚ ਆਫ਼ ਇੰਗਲੈਂਡ ਅਜਿਹੇ ਮਾਹੌਲ ਨੂੰ ਉਤਸ਼ਾਹਿਤ ਕਰਦਾ ਹੈ ਜਿਸ ਵਿੱਚ ਸਾਰੇ ਧਰਮਾਂ ਦੇ ਲੋਕਾਂ ਦਾ ਬਰਾਬਰ ਸਤਿਕਾਰ ਕੀਤਾ ਜਾਂਦਾ ਹੈ। ਚਾਰਲਸ ਨੇ ਫਿਰ ਹਮੇਸ਼ਾ ਕਾਨੂੰਨ ਦੀ ਪਾਲਣਾ ਕਰਨ ਅਤੇ ਇੱਕ ਵਫ਼ਾਦਾਰ ਪ੍ਰੋਟੈਸਟੈਂਟ ਰਹਿਣ ਦੀ ਸਹੁੰ ਚੁੱਕੀ।

**2. ਚਾਰਲਸ ਦੇ ਸਿਰ 'ਤੇ ਪਵਿੱਤਰ ਤੇਲ ਡੋਲ੍ਹਿਆ** : ਆਰਚਬਿਸ਼ਪ ਨੇ ਸੋਨੇ ਦੇ ਕਲਸ਼ ਵਿੱਚੋਂ ਪਵਿੱਤਰ ਤੇਲ ਲਿਆ ਅਤੇ ਇਸਨੂੰ ਰਾਜਾ ਚਾਰਲਸ ਦੇ ਹੱਥਾਂ ਅਤੇ ਸਿਰ ਉੱਤੇ ਡੋਲ੍ਹ ਦਿੱਤਾ। ਇਸ ਦੇ ਲਈ ਉਨ੍ਹਾਂ ਨੂੰ ਚਰਚ ਵਿੱਚ ਪਰਦਿਆਂ ਨਾਲ ਢੱਕਿਆ ਗਿਆ ਸੀ। ਇਸ ਦੇ ਲਈ ਸੋਨੇ ਦੇ ਕਲਸ਼ ਅਤੇ 12ਵੀਂ ਸਦੀ ਦੇ ਚਮਚੇ ਵਰਤੇ ਗਏ ਸਨ। ਇਹ ਕਦਮ ਪੂਰੇ ਸਮਾਰੋਹ ਦਾ ਸਭ ਤੋਂ ਪਵਿੱਤਰ ਹਿੱਸਾ ਮੰਨਿਆ ਜਾਂਦਾ ਹੈ।

ਕਿੰਗ ਚਾਰਲਸ ਪਵਿੱਤਰ ਤੇਲ ਲਗਾਉਣ ਤੋਂ ਬਾਅਦ ਪੁੱਤਰ ਪ੍ਰਿੰਸ ਵਿਲੀਅਮ ਦੁਆਰਾ ਦਿੱਤੇ ਗਏ ਕੱਪੜੇ ਪਹਿਨਦਾ ਹੈ।

**3. ਨਿਆਂ ਲਈ ਰਾਜੇ ਨੂੰ ਤਲਵਾਰ ਸੌਂਪੀ** :ਰਾਜੇ ਨੂੰ ਨਿਆਂ ਦੀ ਤਲਵਾਰ ਸੌਂਪੀ ਗਈ ਸੀ, ਆਰਚਬਿਸ਼ਪ ਦੁਆਰਾ ਇਸਨੂੰ ਹਮੇਸ਼ਾ ਚਰਚ ਦੀ ਰੱਖਿਆ ਅਤੇ ਨਿਆਂ ਕਰਨ ਲਈ ਵਰਤਣ ਲਈ ਕਿਹਾ ਗਿਆ ਸੀ। ਇਸ ਤੋਂ ਇਲਾਵਾ ਉਨ੍ਹਾਂ ਨੂੰ ਸੋਵਰੇਨ ਓਰਬ ਵੀ ਦਿੱਤਾ ਗਿਆ। ਇਸ ਉੱਤੇ ਸਲੀਬ ਈਸਾਈ ਧਰਮ ਦਾ ਪ੍ਰਤੀਕ ਹੈ। ਪ੍ਰਿੰਸ ਵਿਲੀਅਮ ਨੇ ਉਸਦੇ ਅੱਗੇ ਗੋਡੇ ਟੇਕ ਦਿੱਤੇ, ਉਸਦਾ ਹੱਥ ਚੁੰਮਿਆ ਅਤੇ ਰਾਜੇ ਦਾ ਸਨਮਾਨ ਕੀਤਾ।

ਪ੍ਰਿੰਸ ਵਿਲੀਅਮ ਨੇ ਤਾਜਪੋਸ਼ੀ ਤੋਂ ਬਾਅਦ ਪਿਤਾ ਕਿੰਗ ਚਾਰਲਸ ਨੂੰ ਸਨਮਾਨ ਦੇ ਚਿੰਨ੍ਹ ਵਜੋਂ ਚੁੰਮਿਆ।

**4. 21 ਤੋਪਾਂ ਦੀ ਸਲਾਮੀ:** ਕਿੰਗ ਚਾਰਲਸ ਦੀ ਤਾਜਪੋਸ਼ੀ ਤੋਂ ਬਾਅਦ, ਆਰਚਬਿਸ਼ਪ ਨੇ ਲੋਕਾਂ ਨੂੰ ਵਫ਼ਾਦਾਰੀ ਦੀ ਸਹੁੰ ਚੁਕਾਈ। ਮਹਾਰਾਣੀ ਕੈਮਿਲਾ ਨੂੰ ਵੀ ਇੱਕ ਸਾਦੇ ਸਮਾਰੋਹ ਨਾਲ ਰਾਣੀ ਮੈਰੀ ਦਾ ਤਾਜ ਪਹਿਨਾਇਆ ਗਿਆ ਸੀ। ਕੋਹਿਨੂਰ ਨੂੰ ਇਸ ਨਾਲ ਜੋੜਿਆ ਨਹੀਂ ਗਿਆ ਸੀ। ਮਹਾਰਾਣੀ ਐਲਿਜ਼ਾਬੈਥ 99 ਦੁਆਰਾ 1937 ਵਿੱਚ ਆਪਣੇ ਪਤੀ ਕਿੰਗ ਜਾਰਜ ਦੀ ਤਾਜਪੋਸ਼ੀ ਮੌਕੇ ਪਹਿਨੀ ਗਈ ਸੀ। ਇਸੇ ਤਰ੍ਹਾਂ ਕਿੰਗ ਚਾਰਲਸ ਦੀ ਤਾਜਪੋਸ਼ੀ ਤੋਂ ਬਾਅਦ ਬਰਤਾਨੀਆ ਵਿੱਚ 13 ਥਾਵਾਂ 'ਤੇ 21 ਤੋਪਾਂ ਦੀ ਸਲਾਮੀ ਦਿੱਤੀ ਗਈ। ਉਨ੍ਹਾਂ ਵਿਚਕਾਰ 10 ਸਕਿੰਟ ਦਾ ਅੰਤਰ ਰੱਖਿਆ ਗਿਆ।

ਵਿੰਬਲਡਨ ਦੇ ਲਾਰਡ ਇੰਦਰਜੀਤ ਸਿੰਘ ਨੇ ਦਸਤਾਨੇ ਭੇਟ ਕੀਤੇ ਜੋ ਉਨ੍ਹਾਂ ਨੇ ਸ਼ਾਹੀ ਰਾਜਦੰਡ ਫੜ ਕੇ ਪਹਿਨੇ ਸਨ।

**5. 2200 ਮਹਿਮਾਨ** : ਦੁਨੀਆਂ ਦੀਆਂ ਕਈ ਮਸ਼ਹੂਰ ਹਸਤੀਆਂ ਅਤੇ ਲਗਭਗ 200 ਦੇਸ਼ਾਂ ਦੇ ਰਾਜਨੀਤਿਕ ਨੇਤਾਵਾਂ/ਨੁਮਾਇੰਦਿਆਂ ਨੇ ਸਮਾਰੋਹ ਵਿੱਚ ਹਿੱਸਾ ਲਿਆ। ਰਿਪੋਰਟ ਮੁਤਾਬਕ ਇਨ੍ਹਾਂ ਦੀ ਗਿਣਤੀ 2200 ਹੈ। ਰਾਜਸ਼ਾਹੀ ਛੱਡਣ ਵਾਲੇ ਪ੍ਰਿੰਸ ਹੈਰੀ ਪਿਤਾ ਕਿੰਗ ਚਾਰਲਸ ਦੀ ਤਾਜਪੋਸ਼ੀ ਵਿੱਚ ਸ਼ਾਮਲ ਹੋਣ ਲਈ ਪਹੁੰਚੇ ਸਨ।

ਖ਼ਰਾਬ ਮੌਸਮ ਦੀਆਂ ਚੇਤਾਵਨੀਆਂ ਦੇ ਬਾਵਜੂਦ, ਹਜ਼ਾਰਾਂ ਲੋਕ ਕਿੰਗ ਦੇ ਮੋਟਰ ਕਾਫ਼ਲੇ ਦੁਆਰਾ ਲੰਘਣ ਵਾਲੇ ਰਸਤੇ 'ਤੇ ਖੜ੍ਹੇ ਸਨ। ਬਕਿੰਘਮ ਪੈਲੇਸ, ਦ ਮਾਲ ਅਤੇ ਵੈਸਟਮਿੰਸਟਰ ਐਬੇ ਚਰਚ ਦੇ ਬਾਹਰ ਭਾਰੀ ਭੀੜ ਇਕੱਠੀ ਹੋਈ। ਸੜਕ, ਪਾਰਕ ਅਤੇ ਫੁੱਟਪਾਥ 'ਤੇ ਪਰਿਵਾਰ ਸਮੇਤ ਲੋਕ ਮੌਜੂਦ ਸਨ। ਰਾਜਸ਼ਾਹੀ ਵਿਰੋਧੀ ਸਮੂਹ 'ਰਿਪਬਲਿਕ' ਦੇ ਸਮਰਥਕਾਂ ਨੇ ਤਾਜਪੋਸ਼ੀ ਵਿਰੁੱਧ ਪ੍ਰਦਰਸ਼ਨ ਕੀਤਾ। ਪੁਲਿਸ ਨੇ 6 ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫਤਾਰ ਕਰ ਲਿਆ।

**6. ਤਾਜਪੋਸ਼ੀ 'ਤੇ 1 ਹਜ਼ਾਰ ਕਰੋੜ ਰੁਪਏ ਖਰਚ ਕੀਤੇ** : ਕਿੰਗ ਚਾਰਲਸ ਦੀ ਤਾਜਪੋਸ਼ੀ 'ਤੇ 100 ਮਿਲੀਅਨ ਪੌਂਡ ਯਾਨੀ ਲਗਭਗ ਇਕ ਹਜ਼ਾਰ ਕਰੋੜ ਰੁਪਏ ਦਾ ਖਰਚ ਆਇਆ ਹੈ। ਇਹ ਪੈਸਾ ਸਿਰਫ ਯੂਕੇ ਦੇ ਟੈਕਸਦਾਤਾਵਾਂ ਦੀਆਂ ਜੇਬਾਂ ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਸ਼ਾਹੀ ਖ਼ਜ਼ਾਨੇ ਦੀ ਵਰਤੋਂ ਨਹੀਂ ਕੀਤੀ ਗਈ ਹੈ। ਦਿ ਗਾਰਡੀਅਨ ਦੀ ਰਿਪੋਰਟ ਮੁਤਾਬਕ ਕਿੰਗ ਚਾਰਲਸ ਕੋਲ ਸੈਂਡਰਿੰਗਮ ਵਿੱਚ 75 ਮਿਲੀਅਨ ਪੌਂਡ ਯਾਨੀ 771 ਕਰੋੜ ਰੁਪਏ ਦੀ ਜਾਇਦਾਦ ਹੈ।

**7. ਸ਼ਾਹੀ ਚਿੰਨ੍ਹ** : ਬ੍ਰਿਟੇਨ ਇਕਲੌਤਾ ਦੇਸ਼ ਹੈ ਜੋ ਅਜੇ ਵੀ ਸ਼ਾਹੀ ਰੀਗਾਲੀਆ ਜਾਂ ਪ੍ਰਤੀਕਾਂ ਦੀ ਵਰਤੋਂ ਕਰਦਾ ਹੈ। ਇਹਨਾਂ ਵਿੱਚ ਤਾਜ, ਓਰਬ, ਸਿੰਘਾਸਣ, ਰਾਜਦੰਡ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਸ਼ਾਮਲ ਹਨ। ਇਨ੍ਹਾਂ ਦੀ ਵਰਤੋਂ ਕਿੰਗ ਚਾਰਲਸ ਦੀ ਤਾਜਪੋਸ਼ੀ ਵਿੱਚ ਵੀ ਕੀਤੀ ਗਈ। ਤਾਜਪੋਸ਼ੀ ਦੇ ਸਮੇਂ, ਰਾਜੇ ਨੂੰ ਸੇਂਟ ਐਡਵਰਡ ਦਾ ਤਾਜ ਪਹਿਨਾਇਆ ਗਿਆ। ਇਹ ਸੋਨੇ, ਰੂਬੀ, ਚਾਂਦੀ ਅਤੇ ਨੀਲਮ ਨਾਲ ਬਣਿਆ ਹੈ ਅਤੇ ਇਸ ਦਾ ਭਾਰ 2.23 ਕਿਲੋ ਹੈ। ਇਸ ਤੋਂ ਬਾਅਦ ਵਾਪਸੀ 'ਤੇ ਕਿੰਗ ਚਾਰਲਸ ਨੂੰ ਇੰਪੀਰੀਅਲ ਰਾਜ ਦਾ ਤਾਜ ਦਿੱਤਾ ਗਿਆ।

## ਸ੍ਰੀ ਦਰਬਾਰ ਸਾਹਿਬ ਨੇੜੇ ਹੈਰੀਟੇਜ ਸਟਰੀਟ ਵਿੱਚ ਸਿਰਫ਼ 30 ਘੰਟੇ ਦੇ ਵਕਫ਼ੇ ਦੌਰਾਨ ਦੋ ਧਮਾਕੇ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਦਰਬਾਰ ਸਾਹਿਬ ਨੇੜੇ ਹੈਰੀਟੇਜ ਸਟਰੀਟ ਵਿੱਚ ਸਿਰਫ਼ 30 ਘੰਟੇ ਦੇ ਵਕਫ਼ੇ ਦੌਰਾਨ ਦੋ ਧਮਾਕੇ ਹੋਣ ਕਾਰਨ ਜਿਥੇ ਇਲਾਕੇ ਵਿੱਚ ਦਹਿਸ਼ਤ ਫੈਲ ਗਈ, ਉਥੇ ਇਹਨਾਂ ਧਮਾਕਿਆਂ ਨੇ ਕਈ ਸਵਾਲ ਵੀ ਖੜ੍ਹੇ ਕਰ ਦਿਤੇ ਹਨ।

ਜ਼ਿਕਰਯੋਗ ਹੈ ਕਿ ਸ਼ਨੀਵਾਰ ਤੜਕੇ 12.15 ਵਜੇ ਸ੍ਰੀ ਹਰਿਮੰਦਰ ਸਾਹਿਬ ਨੇੜੇ ਹੈਰੀਟੇਜ ਸਟਰੀਟ 'ਤੇ ਇਕ ਰੈਸਟੋਰੈਂਟ 'ਚ ਧਮਾਕਾ ਹੋਣ ਤੋਂ ਬਾਅਦ ਹਫੜਾ-ਦਫੜੀ ਮਚ ਗਈ। ਮੌਕੇ 'ਤੇ ਮੌਜੂਦ ਲੋਕਾਂ ਨੇ ਭੱਜਣਾ ਸ਼ੁਰੂ ਕਰ ਦਿੱਤਾ। ਘਟਨਾ ਦਾ ਪਤਾ ਲੱਗਦਿਆਂ ਹੀ ਪੁਲਿਸ ਮੌਕੇ 'ਤੇ ਪਹੁੰਚ ਗਈ। ਡੀਸੀਪੀ ਪਰਮਿੰਦਰ ਸਿੰਘ ਭੰਡਾਲ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਹਾਦਸੇ 'ਚ ਸੋਨੂੰ ਰਾਜਪੂਤ ਨਾਂ ਦਾ ਨੌਜਵਾਨ ਜ਼ਖਮੀ ਹੋ ਗਿਆ ਹੈ। ਘਟਨਾ ਸਮੇਂ ਉਹ ਹੈਰੀਟੇਜ ਸਟਰੀਟ ਵਿੱਚ ਸੌਂ ਰਿਹਾ ਸੀ।

ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਸ਼ਨੀਵਾਰ ਨੂੰ ਹੈਰੀਟੇਜ ਸਟਰੀਟ 'ਚ ਸੈਲਾਨੀਆਂ ਅਤੇ ਸ਼ਰਧਾਲੂਆਂ ਦੀ ਕਾਫੀ ਭੀੜ ਸੀ। ਪਾਰਕਿੰਗ ਕੋਲ ਵੱਡੀ ਗਿਣਤੀ ਵਿੱਚ ਲੋਕ ਇਕੱਠੇ ਹੋ ਗਏ। ਨੇੜੇ ਹੀ ਬਾਂਸਲ ਸਵੀਟਸ ਨਾਮ ਦਾ ਇੱਕ ਰੈਸਟੋਰੈਂਟ ਹੈ।ਅਚਾਨਕ ਉਸਦੀ ਚਿਮਨੀ ਵਿੱਚ ਧਮਾਕਾ ਹੋਇਆ। ਧਮਾਕੇ ਦੀ ਆਵਾਜ਼ ਤੋਂ ਬਾਅਦ ਹਫੜਾ-ਦਫੜੀ ਮਚ ਗਈ।

ਸ੍ਰੀ ਦਰਬਾਰ ਸਾਹਿਬ ਨੇੜੇ ਹੈਰੀਟੇਜ ਸਟਰੀਟ ਵਿੱਚ ਸਿਰਫ਼ 30 ਘੰਟੇ ਦੇ ਵਕਫ਼ੇ ਦੌਰਾਨ ਹੀ ਦੂਜੀ ਵਾਰ ਧਮਾਕਾ ਹੋਇਆ। ਲੇਕਿਨ ਇਸ ਨਾਲ ਕੋਈ (**ਬਾਕੀ ਸਫ਼ਾ 29 'ਤੇ**)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Proof Editor: Prabhjot Kaur Designer: Anil Kumar Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਇੱਕ ਪੱਖ ਇਹ ਵੀ...

# ਆਪਣੇ ਪਿੰਡਾਂ ਦੇ ਨਾਂਅ ਨਾਲ ਮਸ਼ਹੂਰ ਹੋਏ ਪੰਜਾਬ ਦੇ ਅਨੇਕਾਂ ਸਿਆਸੀ ਆਗੂ

## ਬਾਦਲ, ਟੌਹੜਾ, ਲੌਂਗੋਵਾਲ, ਬਰਨਾਲਾ, ਤਲਵੰਡੀ, ਰਾਮੂੰਵਾਲ, ਮਜੀਠਾ, ਜੱਸੀ, ਕਾਂਗੜ, ਮਲੂਕਾ, ਕੋਟਫੱਤਾ, ਕੋਟਭਾਈ, ਵੜਿੰਗ, ਸਿਧਾਨਾ, ਖੁੱਡੀਆਂ, ਮੋਫਰ ਹਨ ਪਿੰਡਾਂ ਤੇ ਸ਼ਹਿਰਾਂ ਦੇ ਨਾਂਅ



ਪਟਿਆਲਾ/ਏ.ਟੀ.ਨਿਊਜ਼ : ਪੰਜਾਬ ਦੀ ਸਿਆਸਤ 'ਚ ਅਕਸਰ ਅਜਿਹੇ ਸਿਆਸੀ ਆਗੂ ਚਰਚਿਤ ਰਹੇ ਹਨ, ਜੋ ਕਿ ਆਪਣੇ ਨਾਂਅ ਦੇ ਨਾਲ ਆਪਣੇ ਪਿੰਡਾਂ ਦੇ ਨਾਂਅ ਜੋੜੇ ਜਾਣ ਨਾਲ ਵਧੇਰੇ ਚਰਚਿਤ ਹੋਏ। ਇਹਨਾਂ ਆਗੂਆਂ 'ਚ ਸੰਤ ਹਰਚੰਦ ਸਿੰਘ ਲੌਂਗੋਵਾਲ, ਪ੍ਰਕਾਸ਼ ਸਿੰਘ ਬਾਦਲ, ਗੁਰਚਰਨ ਸਿੰਘ ਟੌਹੜਾ, ਸੁਰਜੀਤ ਸਿੰਘ ਬਰਨਾਲਾ, ਜਗਦੇਵ ਸਿੰਘ ਤਲਵੰਡੀ, ਪ੍ਰਤਾਪ ਸਿੰਘ ਕੈਰੋਂ, ਬਲਵੰਤ ਸਿੰਘ ਰਾਮੂੰਵਾਲੀਆ,ਜਗਦੇਵ ਸਿੰਘ ਖੁੱਡੀਆਂ, ਸੁਰਜੀਤ ਸਿੰਘ ਰੱਖੜਾ ਦਾ ਨਾਂਅ ਮੂਹਰਲੀਆਂ ਸਫ਼ਾਂ ਵਿੱਚ ਆਉਂਦਾ ਹੈ, ਜਦੋਂਕਿ ਸੁਖਬੀਰ ਬਾਦਲ, ਬਿਕਰਮ ਸਿੰਘ ਮਜੀਠੀਆ, ਬਲਵਿੰਦਰ ਸਿੰਘ ਭੂੰਦੜ, ਰਾਜਾ ਵੜਿੰਗ ਸਮੇਤ ਅਨੇਕਾਂ ਸਿਆਸੀ ਆਗੂ ਵੀ ਆਪਣੇ ਪਿੰਡਾਂ ਦੇ ਨਾਂਅ ਕਰਕੇ ਵਧੇਰੇ ਚਰਚਿਤ ਹਨ। ਵੱਖ- ਵੱਖ ਪਿੰਡਾਂ 'ਚੋਂ ਉੱਠਕੇ ਸਿਆਸਤ 'ਚ ਆਏ ਆਗੂਆਂ ਨੇ ਆਪਣੇ ਨਾਂਅ ਦੇ ਨਾਲ ਪਿੰਡਾਂ ਦੇ ਨਾਂਅ ਨੂੰ ਜੋੜਿਆ ਤਾਂ ਉਹ ਪਿੰਡਾਂ ਦੇ ਨਾਂਅ ਨਾਲ ਜ਼ਿਆਦਾ ਚਰਚਿਤ ਹੋਏ।

**ਪੰਜਾਬ ਦੀ ਸਿਆਸਤ ਦਾ ਧੁਰਾ 'ਪਿੰਡ ਬਾਦਲ'**

ਪੰਜਾਬ ਦੇ ਪਿੰਡ ਬਾਦਲ ਨੂੰ ਪੰਜਾਬ ਦੀ ਸਿਆਸਤ ਦਾ ਧੁਰਾ ਸਮਝਿਆ ਜਾਂਦਾ ਹੈ। ਅਸਲ ਵਿੱਚ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦਾ ਪਿੰਡ ਬਾਦਲ ਪੰਜਾਬ ਦੇ ਸਿਆਸੀ ਨਕਸ਼ੇ 'ਚ ਸਭ ਤੋਂ ਵੱਧ ਚਰਚਿਤ ਰਿਹਾ ਹੈ। ਇਸ ਪਿੰਡ ਦੇ ਪ੍ਰਕਾਸ਼ ਸਿੰਘ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ। ਜਦੋਂਕਿ ਸੁਖਬੀਰ ਸਿੰਘ ਇੱਕ ਵਾਰ ਉਪ ਮੁੱਖ ਮੰਤਰੀ ਬਣੇ। ਇਸੇ ਪਿੰਡ ਦਾ ਮਨਪ੍ਰੀਤ ਸਿੰਘ ਪੰਜਾਬ ਦਾ ਵਿੱਤ ਮੰਤਰੀ ਰਹਿ ਚੁੱਕਾ ਹੈ। ਜੇਕਰ ਬਾਦਲ ਪਿੰਡ 'ਚ ਜਾ ਕੇ ਕੋਈ ਪੁੱਛ ਲਵੇ ਕਿ ਪ੍ਰਕਾਸ਼ ਸਿੰਘ ਦੇ ਘਰ ਜਾਣਾ ਹੈ ਤਾਂ ਸ਼ਾਇਦ ਦੱਸਣ ਵਾਲਾ ਥੋੜਾ ਸਮਾਂ ਸੋਚਣ ਲੱਗੇ ਕਿ ਕੌਣ ਪ੍ਰਕਾਸ਼ ਸਿੰਘ ਪਰ ਪ੍ਰਕਾਸ਼ ਸਿੰਘ ਬਾਦਲ ਕਹਿਣ 'ਤੇ ਝੱਟ ਸਮਝ ਆ ਜਾਂਦਾ ਹੈ। ਪਿਛਲੇ ਦਿਨੀਂ ਪ੍ਰਕਾਸ਼ ਸਿੰਘ ਬਾਦਲ ਦਾ ਦੇਹਾਂਤ ਹੋਣ ਨਾਲ ਬਾਦਲ ਪਿੰਡ ਮੁੜ ਸੁਰਖੀਆਂ ਵਿੱਚ ਆਇਆ ਹੋਇਆ ਹੈ।

**ਪਿੰਡ ਲੌਂਗੋਵਾਲ, ਟੌਹੜਾ, ਤਲਵੰਡੀ ਤੇ ਰਾਮੂੰਵਾਲ ਵੀ ਰਹੇ ਚਰਚਿਤ :** ਕਿਸੇ ਸਮੇਂ ਪੰਜਾਬ ਦੀ ਸਿਆਸਤ 'ਚ ਪਿੰਡ ਲੌਂਗੋਵਾਲ, ਟੌਹੜਾ, ਤਲਵੰਡੀ ਅਤੇ ਰਾਮੂੰਵਾਲ ਬਹੁਤ ਚਰਚਿਤ ਰਹਿੰਦੇ ਸਨ। ਇਹਨਾਂ ਪਿੰਡਾਂ ਤੋਂ ਉਠ ਕੇ ਸਿਆਸਤ ਵਿੱਚ ਆਏ ਆਗੂ ਸੰਤ ਹਰਚੰਦ ਸਿੰਘ ਲੌਂਗੋਵਾਲ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਲੋਹ ਪੁਰਸ਼ ਜਗਦੇਵ ਸਿੰਘ ਤਲਵੰਡੀ ਤੇ ਬਲਵੰਤ ਸਿੰਘ ਰਾਮੂੰਵਾਲੀਆ ਦਾ ਕਿਸੇ ਸਮੇਂ ਪੰਜਾਬ ਦੀ ਸਿਆਸਤ ਵਿੱਚ ਸਿੱਕਾ ਚਲਦਾ ਹੁੰਦਾ ਸੀ। ਇਹਨਾਂ ਆਗੂਆਂ ਕਾਰਨ ਉਪਰੋਕਤ ਪਿੰਡਾਂ ਵਿੱਚ ਅਕਸਰ ਸਿਆਸੀ ਹਲਚਲ ਹੁੰਦੀ ਰਹਿੰਦੀ ਸੀ ਅਤੇ ਇਹਨਾਂ ਪਿੰਡਾਂ ਵਿੱਚ ਇਹਨਾਂ ਸਿਆਸੀ ਆਗੂਆਂ ਕਾਰਨ ਹੋਰਨਾਂ ਸੀਨੀਅਰ ਸਿਆਸੀ ਆਗੂਆਂ ਦਾ ਆਉਣਾ ਜਾਣਾ ਲਗਿਆ ਰਹਿੰਦਾ ਸੀ ਤੇ ਲਾਲ ਬੱਤੀ ਵਾਲੀਆਂ ਕਾਰਾਂ ਅਕਸਰ ਇਹਨਾਂ ਪਿੰਡਾਂ 'ਚ ਘੁੰਮਦੀਆਂ ਵੇਖੀਆਂ ਜਾਂਦੀਆਂ ਸਨ।



**ਸ਼ਹਿਰ ਬਰਨਾਲਾ ਵੀ ਰਿਹਾ ਸਿਆਸਤ ਦਾ ਕੇਂਦਰ**

ਬਰਨਾਲਾ ਸ਼ਹਿਰ ਦੇ ਵਸਨੀਕ ਸੁਰਜੀਤ ਸਿੰਘ ਬਰਨਾਲਾ ਜਦੋਂ ਪੰਜਾਬ ਦੇ ਮੁੱਖ ਮੰਤਰੀ ਬਣੇ ਸਨ ਤਾਂ ਹਰ ਪਾਸੇ ਬਰਨਾਲਾ ਸ਼ਹਿਰ ਮਸ਼ਹੂਰ ਹੋ ਗਿਆ ਸੀ। ਉਸ ਸਮੇਂ ਬਰਨਾਲਾ ਸਿਆਸੀ ਗਤੀਵਿਧੀਆਂ ਦਾ ਕੇਂਦਰ ਬਣ ਗਿਆ ਸੀ। ਸੁਰਜੀਤ ਸਿੰਘ ਬਰਨਾਲਾ ਪੰਜਾਬ ਦੇ ਮੁੱਖ ਮੰਤਰੀ, ਤਾਮਿਲਨਾਡੂ, ਉੱਤਰਾਖੰਡ, ਆਂਧਰਾ ਪ੍ਰਦੇਸ਼ ਅਤੇ ਅੰਡੇਮਾਨ ਅਤੇ ਨਿਕੋਬਾਰ ਟਾਪੂ ਦੇ ਰਾਜਪਾਲ ਅਤੇ ਕੇਂਦਰ ਸਰਕਾਰ 'ਚ ਕੇਂਦਰੀ ਮੰਤਰੀ ਰਹੇ। ਸ੍ਰ. ਸੁਰਜੀਤ ਸਿੰਘ ਬਰਨਾਲਾ ਦਾ ਜੱਦੀ ਪਿੰਡ ਬਰਨਾਲਾ ਨੇੜੇ 'ਧੌਲਾ' ਹੈ ਪਰ ਬਰਨਾਲਾ ਤੋਂ ਇਕ ਵਾਰ ਉਹਨਾਂ ਨੂੰ ਅਕਾਲੀ ਦਲ ਦੀ

(ਬਾਕੀ ਸਫ਼ਾ 31 'ਤੇ)

## ਵੱਖ-ਵੱਖ ਪਿੰਡਾਂ ਦੇ ਆਗੂ ਹੋਏ ਚਰਚਿਤ



ਪੰਜਾਬ ਦੇ ਵੱਖ-ਵੱਖ ਪਿੰਡਾਂ ਤੋਂ ਹੋਰ ਵੀ ਕਈ ਆਗੂ ਪੰਜਾਬ ਦੀ ਸਿਆਸਤ 'ਚ ਚਰਚਿਤ ਰਹੇ। ਪਟਿਆਲਾ ਜ਼ਿਲ੍ਹੇ ਦੇ ਪਿੰਡ ਚੰਦੂਮਾਜਰਾ ਦੇ ਜੰਮਪਲ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਵੀ ਪੰਜਾਬ ਦੀ ਸਿਆਸਤ ਦੇ ਚਰਚਿਤ ਚਿਹਰੇ ਹਨ। ਉਹਨਾਂ ਦੇ ਪੁੱਤਰ ਸਿਮਰਨਜੀਤ ਸਿੰਘ ਚੰਦੂਮਾਜਰਾ ਵੀ ਸਿਆਸਤ 'ਚ ਸਰਗਰਮ ਹਨ। ਇਸੇ ਤਰ੍ਹਾਂ ਪਟਿਆਲਾ ਜ਼ਿਲ੍ਹੇ ਦੇ ਇਤਿਹਾਸਕ ਪਿੰਡ 'ਰੱਖੜਾ' ਦੇ ਵਸਨੀਕ ਸੁਰਜੀਤ ਸਿੰਘ ਰੱਖੜਾ ਵੀ ਆਪਣੇ ਨਾਮ ਨਾਲ 'ਰੱਖੜਾ' ਪਿੰਡ ਦਾ ਨਾਮ ਜੋੜ ਕੇ ਰਾਜਨੀਤੀ ਵਿਚ ਪ੍ਰਸਿੱਧ ਹਨ।



ਮਜੀਠਾ ਪਿੰਡ ਦੇ ਬਿਕਰਮ ਸਿੰਘ ਮਜੀਠੀਆ ਵੀ ਆਪਣੇ ਪਿੰਡ ਮਜੀਠਾ ਕਰਕੇ ਸਿਆਸਤ ਵਿੱਚ ਪਹਿਚਾਣੇ ਜਾਂਦੇ ਹਨ। ਭੂੰਦੜ ਪਿੰਡ ਦੇ ਬਲਵਿੰਦਰ ਸਿੰਘ ਭੂੰਦੜ ਅਕਾਲੀ ਆਗੂ ਹਨ, ਜਦੋਂ ਕਿ ਮੋਫਰ ਪਿੰਡ ਦੇ ਇੰਦਰਜੀਤ ਸਿੰਘ ਮੋਫਰ ਵੀ ਸਿਆਸਤ ਵਿੱਚ ਸਰਗਰਮ ਰਹੇ ਹਨ। ਇਸੇ ਤਰਾਂ ਸਾਬਕਾ ਮੰਤਰੀ ਹਰਮਿੰਦਰ ਸਿੰਘ ਜੱਸੀ ਨੂੰ ਪੰਜਾਬ ਦੀ ਸਿਆਸਤ 'ਚ ਜੱਸੀ ਵਜੋਂ ਜਾਣਿਆ ਜਾਂਦਾ ਹੈ, ਜਦੋਂਕਿ ਜੱਸੀ ਬਾਗਵਾਲੀ ਉਨਾਂ ਦਾ ਪਿੰਡ ਹੈ, ਜੋ ਬਠਿੰਡਾ-ਡੱਬਵਾਲੀ ਰੋਡ 'ਤੇ ਸਥਿਤ ਹੈ।

ਇਸੇ ਤਰਾਂ ਸਾਬਕਾ ਮਾਲ ਮੰਤਰੀ ਗੁਰਪ੍ਰੀਤ ਸਿੰਘ ਦਾ ਪਿੰਡ ਕਾਂਗੜ ਹੈ, ਜਦੋਂਕਿ ਹਲਕੇ ਦੇ ਲੋਕ ਉਨਾਂ ਨੂੰ ਕਾਂਗੜ ਵਜੋਂ ਵੀ ਜਾਣਦੇ ਹਨ। ਇਸੇ ਤਰਾਂ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸਿਕੰਦਰ ਸਿੰਘ ਦਾ ਪਿੰਡ ਮਲੂਕਾ ਹੈ, ਉਹ ਸਿਕੰਦਰ ਸਿੰਘ ਮਲੂਕਾ ਵਜੋਂ ਪਹਿਚਾਣੇ ਜਾਂਦੇ ਹਨ।

ਵਿਧਾਨ ਸਭਾ ਹਲਕਾ ਮੌੜ ਤੋਂ ਸੰਯੁਕਤ ਸਮਾਜ ਮੋਰਚੇ ਦੇ ਉਮੀਦਵਾਰ ਵਜੋਂ ਪਿਛਲੀਆਂ ਵਿਧਾਨ ਸਭਾ ਚੋਣਾਂ ਮੌਕੇ ਚੋਣ ਲੜ ਚੁਕੇ ਲਖਵੀਰ ਸਿੰਘ ਲੱਖਾ ਸਿਧਾਣਾ ਨੇ ਆਪਣੇ ਪਿੰਡ ਦੇ ਨਾਂਅ ਸਿਧਾਣੇ ਨੂੰ ਜੋੜਿਆ। ਇਸ ਤੋਂ ਇਲਾਵਾ ਵੜਿੰਗ ਪਿੰਡ ਦੇ ਅਮਰਿੰਦਰ ਸਿੰਘ ਰਾਜਾ ਸਾਬਕਾ ਟਰਾਂਸਪੋਰਟ ਮੰਤਰੀ ਹਨ। ਪਿੰਡ ਕੋਟਭਾਈ ਤੋਂ ਪ੍ਰੀਤਮ ਸਿੰਘ ਕੋਟਭਾਈ ਅਤੇ ਹਰਪ੍ਰੀਤ ਸਿੰਘ ਕੋਟਭਾਈ ਵਰਗੇ ਲੀਡਰ ਸਿਆਸਤ ਵਿੱਚ ਸਰਗਰਮ ਹਨ।

ਸੀਨੀਅਰ ਸਿਆਸੀ ਆਗੂ ਸੁਖਦੇਵ ਸਿੰਘ ਢੀਂਡਸਾ ਸੰਗਰੂਰ ਦੇ ਜੰਮਪਲ ਹਨ ਪਰ ਉਹਨਾਂ ਦੇ ਨਾਂਅ ਨਾਲ ਢੀਂਡਸਾ ਲਗਿਆ ਹੋਣ ਕਰਕੇ ਅਕਸਰ ਲੋਕ ਉਹਨਾਂ ਨੂੰ ਪਿੰਡ ਢੀਂਡਸਾ ਦਾ ਜੰਮਪਲ ਸਮਝ ਲੈਂਦੇ ਹਨ। ਇਸੇ ਤਰਾਂ ਪੰਜਾਬ ਦੀ ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਪਾਕਿਸਤਾਨ ਦੇ ਲਾਹੌਰ ਸ਼ਹਿਰ ਦੀ ਜੰਮਪਲ ਹਨ ਪਰ ਉਹਨਾਂ ਦੇ ਨਾਂਅ ਨਾਲ ਭੱਠਲ ਲਗਿਆ ਹੋਣ ਕਰਕੇ ਅਕਸਰ ਲੋਕ ਉਹਨਾਂ ਨੂੰ ਪਿੰਡ ਭੱਠਲ ਦੀ ਜੰਮਪਲ ਸਮਝ ਲੈਂਦੇ ਹਨ।

# ਆਂਧਰਾ ਪ੍ਰਦੇਸ਼ 'ਚ ਗੁਰਦੁਆਰਿਆਂ ਦਾ ਪ੍ਰਾਪਰਟੀ ਟੈਕਸ ਖ਼ਤਮ

## ਗ੍ਰੰਥੀ ਸਿੰਘਾਂ ਨੂੰ ਮਿਲਣਗੀਆਂ ਵਿਸ਼ੇਸ਼ ਸਹੂਲਤਾਂ

ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ: ਆਂਧਰਾ ਪ੍ਰਦੇਸ਼ ਰਾਜ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਜਤਿੰਦਰਜੀਤ ਸਿੰਘ ਦੀ ਅਗਵਾਈ ਵਿੱਚ ਸਿੱਖ ਭਾਈਚਾਰੇ ਦੇ ਇੱਕ ਵਫ਼ਦ ਨੇ ਮੁੱਖ ਮੰਤਰੀ ਵਾਈਐਸ ਜਗਨ ਮੋਹਨ ਰੈਡੀ ਨਾਲ ਉਨ੍ਹਾਂ ਦੇ ਕੈਂਪ ਦਫ਼ਤਰ ਵਿੱਚ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਸਿੱਖਾਂ ਅਤੇ ਉਨ੍ਹਾਂ ਨਾਲ ਸਬੰਧਤ ਭਾਈਚਾਰਿਆਂ ਲਈ ਕਾਰਪੋਰੇਸ਼ਨ ਬਣਾਉਣ ਲਈ ਕਦਮ ਚੁੱਕਣ ਲਈ ਕਿਹਾ। ਉਨ੍ਹਾਂ ਦੀ ਅਪੀਲ ::ਤੇ ਗੌਰ ਕਰਦਿਆਂ ਮੁੱਖ ਮੰਤਰੀ ਨੇ ਸਿੱਖਾਂ ਲਈ ਇੱਕ ਕਮੇਟੀ ਬਣਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ।

ਸਰਕਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਗੁਰਦੁਆਰਿਆਂ ਨੂੰ ਪ੍ਰਾਪਰਟੀ ਟੈਕਸ ਤੋਂ ਛੋਟ ਦੇਣ ਲਈ ਨੁਮਾਇੰਦਿਆਂ ਵੱਲੋਂ ਕੀਤੀ ਗਈ ਬੇਨਤੀ 'ਤੇ ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਗੁਰਦੁਆਰਿਆਂ ਤੋਂ ਪ੍ਰਾਪਰਟੀ ਟੈਕਸ ਹਟਾਉਣ ਦੇ ਨਿਰਦੇਸ਼ ਦਿੱਤੇ ਹਨ। ਇਸ ਤੋਂ ਇਲਾਵਾ, ਅਧਿਕਾਰੀਆਂ ਨੂੰ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘਾਂ ਨੂੰ ਪੁਜਾਰੀਆਂ, ਪਾਦਰੀ ਅਤੇ ਮੌਲਵੀਆਂ ਦੇ ਬਰਾਬਰ ਲਾਭ ਦੇਣ ਲਈ ਵੀ ਨਿਰਦੇਸ਼ ਦਿੱਤੇ ਗਏ ਹਨ।

ਮੁੱਖ ਮੰਤਰੀ ਨੇ ਗੁਰੂ ਨਾਨਕ ਜਯੰਤੀ ਨੂੰ ਕਾਰਤਿਕਾ ਪੂਰਨਮਾਸ਼ੀ ਦੀ ਛੁੱਟੀ ਘੋਸ਼ਿਤ ਕਰਨ ਲਈ ਵੀ ਸਹਿਮਤੀ ਜਤਾਈ ਅਤੇ ਐਲਾਨ ਕੀਤਾ ਕਿ ਉਹ ਘੱਟ ਗਿਣਤੀ ਵਿਦਿਅਕ ਅਦਾਰੇ ਦੀ ਸਥਾਪਨਾ ਲਈ ਹਰ ਲੋੜੀਂਦਾ ਸਹਿਯੋਗ ਦੇਣਗੇ। ਇਸ ਸਬੰਧੀ ਅਗਲੀ ਕੈਬਨਿਟ ਮੀਟਿੰਗ ਵਿੱਚ ਇੱਕ ਮਤਾ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਵੱਖ-ਵੱਖ ਸਮਾਜਿਕ ਸਮੂਹਾਂ ਦੁਆਰਾ ਚਲਾਏ ਜਾ ਰਹੇ ਐਮਐਸਐਮਈਜ਼ ਦੇ ਕਾਰੋਬਾਰਾਂ ਨੂੰ ਵਧਾਉਣ ਲਈ ਸਾਰੇ ਉਪਾਅ ਕੀਤੇ ਜਾਣੇ ਚਾਹੀਦੇ ਹਨ ਅਤੇ ਸਾਰੀਆਂ ਤਜਵੀਜ਼ਾਂ ਨੂੰ 10 ਦਿਨਾਂ ਵਿੱਚ ਅਮਲੀ ਰੂਪ ਦਿੱਤਾ ਜਾਣਾ ਚਾਹੀਦਾ ਹੈ। ਇਸ ਦੌਰਾਨ ਮੁਲਾਕਾਤ ਸਮੇਂ ਘੱਟ ਗਿਣਤੀ ਭਲਾਈ ਸਕੱਤਰ ਇਮਤਿਆਜ਼ ਅਤੇ ਮੁੱਖ ਮੰਤਰੀ ਦਫ਼ਤਰ ਦੇ ਅਧਿਕਾਰੀ ਵੀ ਮੌਜੂਦ ਸਨ।

# ਇਮਰਾਨ ਦੀ ਗ੍ਰਿਫ਼ਤਾਰੀ ’ਤੇ ਸੁਲਗ ਰਿਹਾ ਪਾਕਿਸਤਾਨ

## ਮਿਗ ਜਹਾਜ਼, ਫ਼ੌਜ ਦੇ ਹੈੱਡਕੁਆਰਟਰ ਨੂੰ ਲਾਈ ਅੱਗ, ਸੋਸ਼ਲ ਮੀਡੀਆ ਬੰਦ







ਇਸਲਾਮਾਬਾਦ/ਏ.ਟੀ.ਨਿਊਜ਼ : ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਗ੍ਰਿਫ਼ਤਾਰ ਕਰਨ ਲਈ ਕਈ ਮਹੀਨਿਆਂ ਤੋਂ ਕੋਸ਼ਿਸ਼ ’ਚ ਲੱਗੀ ਪਾਕਿਸਤਾਨ ਸਰਕਾਰ ਅਤੇ ਫ਼ੌਜ ਨੇ ਮੰਗਲਵਾਰ ਨੂੰ ਆਪਣਾ ਮਕਸਦ ਪੂਰਾ ਕਰਦਿਆਂ ਉਨ੍ਹਾਂ ਨੂੰ ਉਸ ਸਮੇਂ ‘ਧੋਖੇ ਨਾਲ’ ਗ੍ਰਿਫ਼ਤਾਰ ਕਰ ਲਿਆ, ਜਦੋਂ ਉਹ ਆਪਣੇ ਖ਼ਿਲਾਫ਼ ਦਰਜ ਕਈ ਕੇਸਾਂ ’ਚ ਇਸਲਾਮਾਬਾਦ ਹਾਈ ਕੋਰਟ ਤੋਂ ਜ਼ਮਾਨਤ ਲੈਣ ਆਏ ਸਨ। ਜਿਸ ਤਰ੍ਹਾਂ ਦਾ ਖ਼ਦਸ਼ਾ ਸੀ, ਇਮਰਾਨ ਦੀ ਗ੍ਰਿਫ਼ਤਾਰੀ ਹੁੰਦਿਆਂ ਹੀ ਪਾਕਿਸਤਾਨ ਸੁਲਗ ਉੱਠਿਆ। ਹਾਲਾਤ ਵਿਗੜਨ ’ਤੇ ਫ਼ੌਜ ਨੂੰ ਸੜਕਾਂ ’ਤੇ ਉਤਾਰਿਆ ਗਿਆ। ਵੱਖ-ਵੱਖ ਥਾਵਾਂ ’ਤੇ ਫ਼ੌਜ ਦੀ ਫਾਇਰਿੰਗ ’ਚ 60 ਲੋਕਾਂ ਨੂੰ ਗੋਲੀਆਂ ਲੱਗੀਆਂ, ਜਿਨ੍ਹਾਂ ’ਚੋਂ 15 ਦੀ ਮੌਤ ਹੋ ਗਈ। ਮਰਨ ਵਾਲਿਆਂ ’ਚ ਇਕ ਬੱਚਾ ਵੀ ਹੈ। ਇਮਰਾਨ ਦੀ ਗ੍ਰਿਫ਼ਤਾਰੀ ਤੋਂ ਬਾਅਦ ਇਸਲਾਮਾਬਾਦ ’ਚ ਧਾਰਾ 144 ਲਾਗੂ ਕਰ ਦਿੱਤੀ ਗਈ।ਇਮਰਾਨ ਦੀ ਤਹਿਰੀਕ-ਏ-ਇਨਸਾਫ਼ ਪਾਰਟੀ (ਪੀ.ਟੀ.ਆਈ.) ਦੇ ਵਰਕਰਾਂ ਨੇ ਪੂਰੇ ਦੇਸ਼ ’ਚ ਸੜਕਾਂ ’ਤੇ ਉੱਤਰ ਕੇ ਗ੍ਰਿਫ਼ਤਾਰੀ ਦੇ ਵਿਰੋਧ ’ਚ ਪ੍ਰਦਰਸ਼ਨ ਸ਼ੁਰੂ ਕਰ ਦਿੱਤੇ, ਖਾਸ ਤੌਰ ’ਤੇ ਇਸਲਾਮਾਬਾਦ, ਲਾਹੌਰ, ਕਵੇਟਾ ਤੇ ਕਰਾਚੀ ’ਚ ਹਿੰਸਾ ਨੇ ਬੇਹੱਦ ਭਿਆਨਕ ਰੂਪ ਲੈ ਲਿਆ। ਪਾਰਟੀ ਵਰਕਰਾਂ ਨੇ ਫ਼ੌਜ ਦੇ ਹੈੱਡਕੁਆਰਟਰ ਤੇ ਇਕ ਕੋਰ ਕਮਾਂਡਰ ਦੇ ਘਰ ਨੂੰ ਅੱਗ ਲਾ ਦਿੱਤੀ, ਇਕ ਲੜਾਕੂ ਮਿਗ ਜਹਾਜ਼ ਨੂੰ ਵੀ ਫੂਕ ਦਿੱਤਾ, ਪਾਕਿ ਦੀ ਬਦਨਾਮ ਖੁਫੀਆ ਏਜੰਸੀ ਦੇ ਦਫ਼ਤਰ ’ਚ ਭੰਨਤੋੜ ਕੀਤੀ, ਪੁਲਸ ਮੁਲਾਜ਼ਮਾਂ ਦੀ ਕੁੱਟ-ਮਾਰ ਕੀਤੀ, ਟੈਂਕਰਾਂ ਸਮੇਤ ਵਾਹਨਾਂ, ਰੇਡੀਓ ਦਫ਼ਤਰ ਨੂੰ ਅੱਗ ਦੇ ਹਵਾਲੇ ਕਰ ਦਿੱਤਾ ਅਤੇ ਲਾਹੌਰ ’ਚ ਇੱਕ

(**ਬਾਕੀ ਸਫ਼ਾ 30 ’ਤੇ**)

### ਸਿਆਸੀ ਫ਼ਾਇਦੇ ਲਈ ਫ਼ੌਜ ਤੇ ਖ਼ੁਫ਼ੀਆ ਏਜੰਸੀ ਨੂੰ ਬਦਨਾਮ ਕਰਨਾ ਨਿੰਦਣਯੋਗ: ਸ਼ਹਿਬਾਜ਼ ਸ਼ਰੀਫ਼



ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ ਕਿਹਾ ਹੈ ਕਿ ਇਮਰਾਨ ਖ਼ਾਨ ਦਾ ਸਿਆਸੀ ਫ਼ਾਇਦੇ ਲਈ ਪਾਕਿਸਤਾਨੀ ਫ਼ੌਜ ਤੇ ਖ਼ੁਫ਼ੀਆ ਏਜੰਸੀਆਂ ਨੂੰ ਨਿਯਮਿਤ ਤੌਰ ’ਤੇ ਬਦਨਾਮ ਕਰਨ ਤੇ ਧਮਕੀਆਂ ਦੇਣ ਦਾ ਕੰਮ ਬੇਹੱਦ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਜਨਰਲ ਫ਼ੈਜ਼ਲ ਨਸੀਰ ਤੇ ਖ਼ੁਫ਼ੀਆ ਏਜੰਸੀ ਆਈ.ਐੱਸ.ਆਈ. ਦੇ ਅਧਿਕਾਰੀਆਂ ’ਤੇ ਬਿਨਾਂ ਕਿਸੇ ਸਬੂਤ ਦੇ ਦੋਸ਼ ਲਗਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਤੇ ਨਾ ਹੀ ਅਜਿਹੇ ਦੋਸ਼ਾਂ ਨੂੰ ਬਰਦਾਸ਼ਤ ਕੀਤਾ ਜਾਵੇਗਾ।

## ਬੇਅੰਤ ਸਿੰਘ ਮਾਮਲੇ ’ਚ ਲਖਵਿੰਦਰ ਸਿੰਘ ਲੱਖਾ ਦੀ ਹੋਈ ਰੈਗੂਲਰ ਜ਼ਮਾਨਤ



ਜਲੰਧਰ/ਏ.ਟੀ.ਨਿਊਜ਼ : ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ ਦੇ ਮੁਲਜ਼ਮ ਲਖਵਿੰਦਰ ਸਿੰਘ ਲੱਖਾ ਨੂੰ ਅਦਾਲਤ ਨੇ ਵੱਡੀ ਰਾਹਤ ਦੇ ਦਿੱਤੀ ਹੈ। ਲਖਵਿੰਦਰ ਸਿੰਘ ਲੱਖਾ ਨੂੰ ਅਦਾਲਤ ਨੇ ਰਾਹਤ ਦਿੰਦਿਆਂ ਰੈਗੂਲਰ ਜ਼ਮਾਨਤ ਦੇ ਦਿੱਤੀ ਹੈ।

ਇਸ ਦੀ ਜਾਣਕਾਰੀ ਦਿੰਦਿਆਂ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਉਨ੍ਹਾਂ ਨੇ ਲਖਵਿੰਦਰ ਸਿੰਘ ਲੱਖਾ ਦੀ ਭੈਣ ਸੁਖਵਿੰਦਰ ਕੌਰ ਵੱਲੋਂ ਉਹਨਾਂ ਦੀ ਰੈਗੂਲਰ ਜ਼ਮਾਨਤ ਲਈ ਅਰਜ਼ੀ ਲਗਾਈ ਸੀ। ਉਨ੍ਹਾਂ ਨੇ ਦੱਸਿਆ ਕਿ ਡਾ. ਅਮਰ ਇੰਦਰ ਸਿੰਘ ਸੰਧੂ ਸੀ.ਜੇ.ਐਮ. ਚੰਡੀਗੜ੍ਹ ਦੀ ਅਦਾਲਤ ਨੇ ਇਹ ਬੇਨਤੀ ਪ੍ਰਵਾਨ ਕਰਦਿਆਂ ਉਨ੍ਹਾਂ ਨੂੰ ਦੋ-ਦੋ ਲੱਖ ਦੀਆਂ ਦੋ ਸਕਿਊਰਟੀਆਂ ਦੇ ਇਵਜ਼ ਵਿੱਚ ਜ਼ਮਾਨਤ ’ਤੇ ਰਿਹਾਅ ਕਰਨ ਦਾ ਹੁਕਮ ਸੁਣਾਇਆ ਹੈ।

ਉਨ੍ਹਾਂ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਹੁਕਮ ਸੀ ਕਿ ਜਿਹਨਾਂ ਦੀ ਉਮਰ ਕੈਦ ਦੀ ਸਜ਼ਾ ਪੂਰੀ ਹੋ ਗਈ ਹੋਵੇ ਤੇ ਉਨ੍ਹਾਂ ਦੀ ਪੱਕੀ ਰਿਹਾਈ ਦੇ ਫ਼ੈਸਲੇ ਦਾ ਜਦੋਂ ਤੱਕ ਨਿਪਟਾਰਾ ਨਹੀਂ ਹੋ ਜਾਂਦਾ, ਅਜਿਹੇ ਕੈਦੀਆਂ ਨੂੰ ਰੈਗੂਲਰ ਜ਼ਮਾਨਤ ’ਤੇ ਰਿਹਾਅ ਕੀਤਾ ਜਾਵੇ, ਜਿਸਦੇ ਮੱਦੇਨਜ਼ਰ ਇਹ ਫੈਸਲਾ ਆਇਆ ਹੈ।

(**ਬਾਕੀ ਸਫ਼ਾ 31 ’ਤੇ**)

## ਇਮਰਾਨ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਪਾਕਿ ਫੌਜ ਵਿੱਚ ਫੁੱਟ

### ਪਾਕਿ ਦੇ ਪ੍ਰਮਾਣੂ ਬੰਬ ਅੱਤਵਾਦੀਆਂ ਦੇ ਕਬਜ਼ੇ ਵਿੱਚ ਆਉਣ ਦਾ ਖ਼ਤਰਾ ਮੰਡਰਾਇਆ



ਇਸਲਾਮਾਬਾਦ— ਦੱਸਿਆ ਜਾ ਰਿਹਾ ਹੈ ਕਿ ਪਾਕਿਸਤਾਨੀ ਫੌਜ ਦੇ ਡਾਇਰੈਕਟਰ ਜਨਰਲ ਮਿਲਟਰੀ ਆਪਰੇਸ਼ਨ ਨੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੂੰ ਮਾਰਸ਼ਲ ਲਾਅ ਦੀ ਸਿਫਾਰਿਸ਼ ਕੀਤੀ ਹੈ।

ਪਾਕਿਸਤਾਨੀ ਫੌਜ ਇਮਰਾਨ ਖਾਨ ਦੀ ਗ੍ਰਿਫਤਾਰੀ ਨੂੰ ਲੈ ਕੇ ਵੰਡੀ ਗਈ ਹੈ। ਫੌਜ ਵਿੱਚ ਫੁੱਟ ਪੈ ਗਈ ਹੈ। ਫੌਜ ਨੇ ਕਈ ਥਾਵਾਂ ’ਤੇ ਪੀਟੀਆਈ ਸਮਰਥਕਾਂ ’ਤੇ ਤਾਕਤ ਦੀ ਵਰਤੋਂ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਫੌਜ ਦੇ ਹੈੱਡਕੁਆਰਟਰ ’ਤੇ ਵੀ ਹਮਲੇ ਦੌਰਾਨ ਡਿਊਟੀ ’ਤੇ ਤਾਇਨਾਤ ਸੈਨਿਕ ਪਿੱਛੇ ਹਟ ਗਏ ਸਨ। ਲਾਹੌਰ ਵਿੱਚ ਵੀ ਪਾਕਿਸਤਾਨੀ ਫੌਜ ਦੇ ਕੋਰ ਕਮਾਂਡਰ ਦੇ ਘਰ ਦੇ ਪਿੱਛੇ ਤਾਇਨਾਤ ਸੈਨਿਕਾਂ ਨੇ ਭੀੜ ਅੱਗੇ ਆਤਮ ਸਮਰਪਣ ਕਰ ਦਿੱਤਾ ਸੀ। ਕਈ ਹੋਰ ਥਾਵਾਂ ’ਤੇ ਵੀ ਫੌਜੀ ਅਫਸਰਾਂ ਨੇ ਇਮਰਾਨ ਖਾਨ ਪ੍ਰਤੀ ਆਪਣੀ ਵਫਾਦਾਰੀ ਦਾ ਪ੍ਰਗਟਾਵਾ ਕੀਤਾ ਸੀ।

ਪਾਕਿਸਤਾਨੀ ਖੁਫੀਆ ਏਜੰਸੀ ਲੈਫਟੀਨੈਂਟ ਜਨਰਲ ਫੈਜ਼ ਹਾਮਿਦ ਦਾ ਧੜਾ ਇਮਰਾਨ ਖਾਨ ਦਾ ਸਮਰਥਨ ਕਰ ਰਿਹਾ ਹੈ। ਫੈਜ਼ ਹਾਮਿਦ ਫਿਲਹਾਲ ਪਾਕਿਸਤਾਨੀ ਫੌਜ ਤੋਂ ਸੇਵਾਮੁਕਤ ਹਨ। ਸੇਵਾਮੁਕਤੀ ਦੇ ਸਮੇਂ ਉਹ ਪਿਸ਼ਾਵਰ ਕੋਰ ਕਮਾਂਡਰ ਸਨ। ਇਮਰਾਨ ਖਾਨ ਜਨਰਲ ਕਮਰ ਜਾਵੇਦ ਬਾਜਵਾ ਦੇ ਸੇਵਾਮੁਕਤ ਹੋਣ ਤੋਂ ਬਾਅਦ ਉਨ੍ਹਾਂ ਨੂੰ ਫੌਜ ਮੁਖੀ ਬਣਾਉਣਾ ਚਾਹੁੰਦੇ ਸਨ ਪਰ ਇਸ ਤੋਂ ਪਹਿਲਾਂ ਹੀ ਉਨ੍ਹਾਂ ਦੀ ਸਰਕਾਰ ਡਿੱਗ ਗਈ। ਬਾਅਦ ਵਿੱਚ ਸ਼ਾਹਬਾਜ਼ ਸ਼ਰੀਫ ਸਰਕਾਰ ਨੇ ਲੈਫਟੀਨੈਂਟ ਜਨਰਲ ਅਸੀਮ ਮੁਨੀਰ ਨੂੰ ਫੌਜ ਮੁਖੀ ਬਣਾਇਆ। ਆਸਿਮ ਮੁਨੀਰ ਨੂੰ ਸ਼ਾਹਬਾਜ਼ ਸ਼ਰੀਫ ਦਾ ਖਾਸ ਮੰਨਿਆ ਜਾਂਦਾ ਹੈ। ਫੌਜ ਮੁਖੀ ਬਣਦੇ ਹੀ ਫੈਜ਼ ਹਾਮਿਦ ਖਿਲਾਫ ਕਈ ਅੰਦਰੂਨੀ ਜਾਂਚਾਂ ਵੀ

(**ਬਾਕੀ ਸਫ਼ਾ 30 ’ਤੇ**)

### ਗ੍ਰਿਫ਼ਤਾਰੀ ਲਈ ਫੌਜ ਨੇ ਇੱਕ ਦਿਨ ਪਹਿਲਾਂ ਲਿਆ ਫ਼ੈਸਲਾ



ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਬੀਤੇ ਮੰਗਲਵਾਰ ਨੂੰ ਇਸਲਾਮਾਬਾਦ ਵਿੱਚ ਗ੍ਰਿਫਤਾਰ ਕਰ ਲਏ ਜਾਣਗੇ, ਇਸਦਾ ਫੈਸਲਾ ਬੀਤੇ ਸੋਮਵਾਰ ਸ਼ਾਮ ਹੀ ਰਾਵਲਪਿੰਡੀ ਵਿੱਚ ਹੋਈ ਫੌਜ ਦੀ ਉੱਚ ਪੱਧਰੀ ਮੀਟਿੰਗ ਵਿੱਚ ਤੈਅ ਕਰ ਲਿਆ ਗਿਆ ਸੀ। ਇਸ ਮੀਟਿੰਗ ਵਿੱਚ ਪਾਕਿਸਤਾਨ ਦੀ ਫੌਜ ਦੇ ਇੰਟਰ ਸਵਰਿਸ ਪਬਲਿਕ ਰਿਲੇਸ਼ਨ, ਡਾਇਰੈਕਟਰ ਜਨਰਲ ਕਾਊਂਟਰ ਇੰਟੈਲੀਜੈਂਸ ਅਤੇ ਆਈ. ਐੱਸ. ਆਈ. ਦੇ 3 ਵੱਡੇ ਅਧਿਕਾਰੀ ਬੈਠੇ। ਸੂਤਰਾਂ ਦਾ ਕਹਿਣਾ ਹੈ ਕਿ ਤਿੰਨੇ ਅਧਿਕਾਰੀਆਂ ਦੀ ਮੀਟਿੰਗ ਤੋਂ ਬਾਅਦ ਤੈਅ ਹੋਇਆ ਕਿ ਮੰਗਲਵਾਰ ਨੂੰ ਇਸਲਾਮਾਬਾਦ ਵਿੱਚ ਹੋਣ ਵਾਲੀ ਇਮਰਾਨ ਖਾਨ ਦੀ ਪੇਸ਼ੀ ਦੌਰਾਨ ਉਨ੍ਹਾਂ ਦੀ ਗ੍ਰਿਫਤਾਰੀ ਕਰ ਲਈ ਜਾਏਗੀ। ਮੀਟਿੰਗ ਦੌਰਾਨ ਹੀ ਪਾਕਿਸਤਾਨੀ ਫੌਜ ਦੇ

(**ਬਾਕੀ ਸਫ਼ਾ 30 ’ਤੇ**)

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us





# ਸਿਆਸੀ ਅੱਗ 'ਚ ਸੜਦਾ ਮਨੀਪੁਰ

# ਜ਼ਿੰਮੇਵਾਰ ਕੌਣ ?

## ਅਸ਼ਾਂਤ ਮਨੀਪੁਰ ਨੂੰ ਸ਼ਾਂਤ ਕਰਨ 'ਚ ਅਸਫ਼ਲ ਹੋਈ ਡਬਲ ਇੰਜਣ ਵਾਲੀ ਸਰਕਾਰ

ਭਾਰਤ ਦਾ ਉੱਤਰ-ਪੂਰਬੀ ਰਾਜ ਮਨੀਪੁਰ ਇਸ ਸਮੇਂ ਅੱਗ ਦੀਆਂ ਲਪਟਾਂ ਵਿੱਚ ਘਿਰਿਆ ਲਗਾਤਾਰ ਸੜ ਰਿਹਾ ਹੈ, ਹਿੰਸਾ ਸਮਾਪਤ ਹੋਣ ਦਾ ਨਾਂਅ ਨਹੀਂ ਲੈ ਰਹੀ। ਡਬਲ ਇੰਜਣ ਵਾਲੀ ਸਰਕਾਰ ਹੋਣ ਦੇ ਬਾਵਜੂਦ ਮਨੀਪੁਰ ਵਿੱਚ ਹਾਲਾਤ ਵਿਗੜਦੇ ਜਾ ਰਹੇ ਹਨ।ਹੁਣ ਸਭ ਤੋਂ ਵੱਡਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਮਨੀਪੁਰ ਵਿੱਚ ਜਾਰੀ ਹਿੰਸਾ ਲਈ ਜ਼ਿੰਮੇਵਾਰ ਕੌਣ ਹੈ ? ਮਨੀਪੁਰ ਦੇ ਵਸਨੀਕ ਹੁਣ ਸਵਾਲ ਕਰਦੇ ਹਨ ਕਿ ਮਨੀਪੁਰ ਵਿੱਚ ਡਬਲ ਇੰਜਣ ਵਾਲੀ ਸਰਕਾਰ ਦੇ ਫਾਇਦੇ ਗਿਣਾਉਣ ਵਾਲੀ ਸਿਆਸੀ ਪਾਰਟੀ ਦੇ ਆਗੂ ਹੁਣ ਕਿੱਥੇ ਹਨ ?

ਅਸਲ ਵਿੱਚ ਬਿਨਾਂ ਸਲਾਹ-ਮਸ਼ਵਰੇ ਦੇ ਫੈਸਲੇ ਥੋਪਣ ਦਾ ਨਤੀਜਾ ਦੇਸ਼ ਨੂੰ ਭੁਗਤਣਾ ਪੈ ਰਿਹਾ ਹੈ। ਨੋਟ ਬੰਦੀ ਤੋਂ ਲੈ ਕੇ ਖੇਤੀਬਾੜੀ ਕਾਨੂੰਨ ਤੱਕ ਹਰ ਵਾਰ ਇਹ ਦੇਖਿਆ ਗਿਆ ਕਿ ਜਦੋਂ ਸਬੰਧਿਤ ਧਿਰਾਂ ਨੂੰ ਭਰੋਸੇ ਵਿੱਚ ਲਏ ਬਿਨਾਂ ਹੁਕਮ ਦਿੱਤੇ ਗਏ ਤਾਂ ਇਸ ਦਾ ਮਾੜਾ ਅਸਰ ਪਿਆ।ਇਹੋ ਕੁਝ ਮਨੀਪੁਰ ਵਿੱਚ ਹੋ ਰਿਹਾ ਹੈ। ਮੀਤੇਈ ਭਾਈਚਾਰੇ ਨੂੰ ਅਨੁਸੂਚਿਤ ਜਨ ਜਾਤੀ ਦਾ ਦਰਜਾ ਦਿੱਤੇ ਜਾਣ ਦੇ ਖ਼ਿਲਾਫ਼ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਮਨੀਪੁਰ ਵਿੱਚ ਹਿੰਸਾ ਭੜਕ ਗਈ।

ਪਿਛਲੇ ਦਿਨੀਂ ਆਲ ਟਰਾਈਬਲ ਸਟੂਡੈਂਟਸ ਯੂਨੀਅਨ ਵੱਲੋਂ 'ਕਬਾਇਲੀ ਏਕਤਾ ਮਾਰਚ' ਬੁਲਾਇਆ ਗਿਆ ਸੀ, ਜਿਸ ਵਿੱਚ ਹਜ਼ਾਰਾਂ ਲੋਕਾਂ ਨੇ ਸ਼ਮੂਲੀਅਤ ਕੀਤੀ। ਅਸ਼ਾਂਤ ਮਨੀਪੁਰ ਵਿੱਚ ਸਥਿਤੀ ਨੂੰ ਕਾਬੂ ਵਿੱਚ ਲਿਆਉਣ ਲਈ ਫੌਜ ਦਾ ਫਲੈਗ ਮਾਰਚ ਕੱਢਿਆ ਗਿਆ। ਵੱਡੀਆਂ ਰੈਲੀਆਂ 'ਤੇ ਪਾਬੰਦੀ ਦੇ ਨਾਲ ਕਈ ਜ਼ਿਲ੍ਹਿਆਂ ਵਿੱਚ ਰਾਤ ਦਾ ਕਰਫਿਊ ਲਗਾਇਆ ਗਿਆ ਅਤੇ ਪੰਜ ਦਿਨਾਂ ਲਈ ਰਾਜ ਭਰ ਵਿੱਚ ਇੰਟਰਨੈਟ ਨੂੰ ਬੰਦ ਕਰ ਦਿੱਤਾ ਗਿਆ। ਭਾਜਪਾ ਸਰਕਾਰ ਲਈ ਵਿਰੋਧ ਪ੍ਰਦਰਸ਼ਨਾਂ 'ਤੇ ਕਾਬੂ ਪਾਉਣ ਲਈ ਇੰਟਰਨੈੱਟ ਬੰਦ ਕਰਨਾ ਸਭ ਤੋਂ ਆਸਾਨ ਹਥਿਆਰ ਬਣ ਗਿਆ ਹੈ।ਕਸ਼ਮੀਰ ਵਿੱਚ ਲੰਬੇ ਸਮੇਂ ਤੱਕ ਸਰਕਾਰ ਨੇ ਇਹੀ ਕੀਤਾ, ਹੁਣ ਮਨੀਪੁਰ ਦੀ ਵਾਰੀ ਹੈ।

ਮਨੀਪੁਰ ਵਿੱਚ ਮੀਤੇਈ, ਨਾਗਾ ਅਤੇ ਕੂਕੀ ਤਿੰਨ ਪ੍ਰਮੁੱਖ ਭਾਈਚਾਰੇ ਹਨ। ਇਨ੍ਹਾਂ ਵਿੱਚ ਨਾਗਾ ਅਤੇ ਕੂਕੀ ਆਦਿਵਾਸੀ ਹਨ, ਜਿਨ੍ਹਾਂ ਨੂੰ ਅਨੁਸੂਚਿਤ ਜਨ ਜਾਤੀ ਦਾ ਦਰਜਾ ਪ੍ਰਾਪਤ ਹੈ, ਇਨ੍ਹਾਂ ਦੋਵਾਂ ਭਾਈਚਾਰਿਆਂ ਦੇ ਜ਼ਿਆਦਾਤਰ ਲੋਕ ਇਸਾਈ ਧਰਮ ਦੇ ਪੈਰੋਕਾਰ ਹਨ। ਜਦੋਂ ਕਿ ਮੀਤੇਈ ਹਿੰਦੂਆਂ ਦੀ ਬਹੁਗਿਣਤੀ ਵਾਲਾ ਭਾਈਚਾਰਾ ਹੈ, ਜਿਸ ਨੂੰ ਹੁਣ ਤੱਕ ਗੈਰ-ਆਦਿਵਾਸੀ ਮੰਨਿਆ ਜਾਂਦਾ ਸੀ, ਪਰ ਮਾਰਚ ਮਹੀਨੇ ਵਿੱਚ ਮਨੀਪੁਰ ਹਾਈ ਕੋਰਟ ਨੇ ਮੀਤੇਈ ਭਾਈਚਾਰੇ ਨੂੰ ਅਨੁਸੂਚਿਤ ਜਨ ਜਾਤੀ ਦਾ ਦਰਜਾ ਦੇਣ ਦਾ ਹੁਕਮ ਦਿੱਤਾ ਸੀ। ਇਹ ਹੁਕਮ 19 ਅਪ੍ਰੈਲ ਨੂੰ ਹਾਈ ਕੋਰਟ ਦੀ ਵੈੱਬਸਾਈਟ 'ਤੇ ਅਪਲੋਡ ਕੀਤਾ ਗਿਆ ਸੀ। ਉਦੋਂ ਤੋਂ ਹੀ ਇੱਥੇ ਵਿਰੋਧ ਦੀ ਚੰਗਿਆੜੀ ਬਲਣ ਲੱਗੀ ਸੀ, ਜਿਸ ਨੇ ਹੁਣ ਅੱਗ ਦਾ ਰੂਪ ਧਾਰਨ ਕਰ ਲਿਆ ਹੈ। ਕਿਉਂਕਿ

(ਬਾਕੀ ਸਫ਼ਾ 31 'ਤੇ)











## ਮੇਰਾ ਰਾਜ ਮਨੀਪੁਰ ਸੜ ਰਿਹਾ ਹੈ, ਮਦਦ ਕਰੋ : ਮੈਰੀਕਾਮ



ਮਨੀਪੁਰ ਵਿੱਚ ਇੰਟਰਨੈੱਟ ਬੰਦ ਹੋਣ ਤੋਂ ਪਹਿਲਾਂ ਹੀ, ਰਾਜ ਸਭਾ ਮੈਂਬਰ, ਉਲੰਪਿਕ ਜੇਤੂ ਅਤੇ ਮੁੱਕੇਬਾਜ਼ੀ ਦੀ ਵਿਸ਼ਵ ਚੈਂਪੀਅਨ ਐਮਸੀ ਮੈਰੀਕਾਮ ਨੇ ਅੱਧੀ ਰਾਤ ਨੂੰ ਟਵੀਟ ਕੀਤਾ ਕਿ ਮੇਰਾ ਰਾਜ ਮਨੀਪੁਰ ਸੜ ਰਿਹਾ ਹੈ, ਮਦਦ ਕਰੋ। ਇਸ ਟਵੀਟ ਵਿੱਚ ਉਨ੍ਹਾਂ ਨੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਪ੍ਰਧਾਨ ਮੰਤਰੀ ਦਫ਼ਤਰ ਨੂੰ ਟੈਗ ਕੀਤਾ ਹੈ।

## ਮਣੀਆਂ ਦੀ ਧਰਤੀ ਹੈ 'ਮਨੀਪੁਰ'

ਮਨੀਪੁਰ ਦਾ ਅਰਥ ਹੈ 'ਮਣੀਆਂ ਭਾਵ ਰਤਨਾਂ ਦੀ ਧਰਤੀ'। ਇਸ ਉੱਤਰ-ਪੂਰਬੀ ਰਾਜ ਨੂੰ ਸੋਨੇ ਦੀ ਧਰਤੀ ਵੀ ਕਿਹਾ ਜਾਂਦਾ ਹੈ। ਮਨੀਪੁਰ 1891 ਵਿੱਚ ਬ੍ਰਿਟਿਸ਼ ਰਾਜ ਦੇ ਅਧੀਨ ਇੱਕ ਰਿਆਸਤ ਸੀ। 1947 ਵਿੱਚ, ਮਨੀਪੁਰ ਸੰਵਿਧਾਨ ਐਕਟ ਦੇ ਤਹਿਤ, ਮਹਾਰਾਜਾ ਦੇ ਕਾਰਜਕਾਰੀ ਮੁੱਖੀ ਦੇ ਰੂਪ ਵਿੱਚ ਇੱਕ ਲੋਕਤੰਤਰੀ ਸਰਕਾਰ ਦੀ ਸਥਾਪਨਾ ਕੀਤੀ ਗਈ ਸੀ। ਇਸ ਸ਼ਾਹੀ ਪਰਿਵਾਰ ਨੇ ਮਨੀਪੁਰ ਨੂੰ ਇੱਕ ਲੰਮਾ ਸ਼ਾਂਤੀਪੂਰਨ ਸਮਾਂ ਦਿੱਤਾ ਜਿਸ ਵਿੱਚ ਉਸਨੇ ਬਿਨਾਂ ਕਿਸੇ ਰੁਕਾਵਟ ਦੇ ਆਪਣੀ ਕਲਾ ਅਤੇ ਸ਼ਿਲਪਕਾਰੀ ਨੂੰ ਵਿਕਸਤ ਕੀਤਾ। ਇਹ ਖੇਤਰ 21 ਜਨਵਰੀ, 1972 ਨੂੰ ਏਕੀਕਰਨ ਦੇ ਨਾਲ ਇੱਕ ਪੂਰਨ ਰਾਜ ਬਣ ਗਿਆ। ਰਾਜ 1969 ਵਿੱਚ ਮਾਨਤਾ ਪ੍ਰਾਪਤ 10 ਸਬ-ਡਿਵੀਜ਼ਨਾਂ ਵਾਲਾ ਇੱਕ ਸਿੰਗਲ ਜ਼ਿਲ੍ਹਾ ਖੇਤਰ ਸੀ।

(ਬਾਕੀ ਸਫ਼ਾ 31 'ਤੇ)



## ਦਹਾਕਿਆਂ ਤੋਂ ਬਲਦੀ ਰਹੀ ਹੈ ਦੁਸ਼ਮਣੀ ਦੀ ਅੱਗ

ਮਨੀਪੁਰ ਵਿੱਚ 6 ਜ਼ਿਲ੍ਹੇ ਹਨ। ਰਾਜ ਦੀ ਜ਼ਮੀਨ ਇੰਫਾਲ ਘਾਟੀ ਅਤੇ ਪਹਾੜੀ ਜ਼ਿਲ੍ਹਿਆਂ ਵਿੱਚ ਵੰਡੀ ਹੋਈ ਹੈ। ਇੰਫਾਲ ਘਾਟੀ 'ਚ ਮੀਤੇਈ ਦਾ ਦਬਦਬਾ ਹੈ। ਮੀਤੇਈ ਜਾਤੀ ਦੇ ਲੋਕ ਹਿੰਦੂ ਭਾਈਚਾਰੇ ਨਾਲ ਸਬੰਧਿਤ ਹਨ।

ਪਹਾੜੀ ਜ਼ਿਲ੍ਹਿਆਂ ਵਿੱਚ ਨਾਗਾ ਅਤੇ ਕੂਕੀ ਕਬੀਲਿਆਂ ਦਾ ਦਬਦਬਾ ਹੈ। ਹਾਲੀਆ ਹਿੰਸਾ ਚੂਰਾਚੰਦਪੁਰ ਪਹਾੜੀ ਜ਼ਿਲ੍ਹਿਆਂ ਵਿੱਚ ਜ਼ਿਆਦਾ ਦੇਖਣ ਨੂੰ ਮਿਲੀ। ਇੱਥੇ ਰਹਿਣ ਵਾਲੇ ਲੋਕ ਕੂਕੀ ਅਤੇ ਨਾਗਾ ਇਸਾਈ ਹਨ। ਚਾਰ ਪਹਾੜੀ ਜ਼ਿਲ੍ਹਿਆਂ ਵਿੱਚ ਕੂਕੀ ਜਾਤੀ ਦਾ ਬੋਲਬਾਲਾ ਹੈ।

ਮਨੀਪੁਰ ਦੀ ਆਬਾਦੀ ਲਗਭਗ 28 ਲੱਖ ਹੈ। ਇਸ 'ਚ ਮੀਤੇਈ ਭਾਈਚਾਰੇ ਦੇ ਲੋਕ ਲਗਭਗ 53 ਫੀਸਦੀ ਹਨ। ਮਨੀਪੁਰ ਦੇ ਕਰੀਬ 10% ਜ਼ਮੀਨੀ ਖੇਤਰ ਇਨ੍ਹਾਂ ਲੋਕਾਂ ਦੇ ਕਬਜ਼ੇ ਵਿੱਚ ਹੈ। ਇਹ ਲੋਕ ਮੁੱਖ ਤੌਰ 'ਤੇ ਇੰਫਾਲ ਘਾਟੀ ਵਿੱਚ ਵਸੇ ਹੋਏ ਹਨ। ਕੂਕੀ ਨਸਲੀ ਸਮੂਹ ਮੀਤੇਈ ਭਾਈਚਾਰੇ ਨੂੰ ਅਨੁਸੂਚਿਤ ਜਨ ਜਾਤੀ ਦਾ ਦਰਜਾ ਦੇਣ ਦਾ ਵਿਰੋਧ ਕਰ ਰਿਹਾ ਹੈ।

ਕੂਕੀ ਨਸਲੀ ਸਮੂਹ ਵਿੱਚ ਕਈ ਕਬੀਲੇ ਸ਼ਾਮਲ ਹਨ। ਮੁੱਖ ਤੌਰ 'ਤੇ ਮਨੀਪੁਰ ਦੀਆਂ ਪਹਾੜੀਆਂ ਵਿੱਚ ਰਹਿਣ ਵਾਲੇ ਵੱਖ-ਵੱਖ ਕੂਕੀ ਕਬੀਲੇ ਇਸ ਵੇਲੇ ਰਾਜ ਦੀ ਕੁੱਲ ਆਬਾਦੀ ਦਾ 30 ਪ੍ਰਤੀਸ਼ਤ ਬਣਦੇ ਹਨ।ਤੁਹਾਨੂੰ ਦੱਸ ਦੇਈਏ ਕਿ ਅਨੁਸੂਚਿਤ ਜਨ ਜਾਤੀ ਮੰਗ ਕਮੇਟੀ ਮਨੀਪੁਰ ਪਿਛਲੇ 10 ਸਾਲਾਂ ਤੋਂ ਸੂਬਾ ਸਰਕਾਰ ਤੋਂ ਰਾਖਵੇਂ ਕਰਨ ਦੀ ਮੰਗ ਕਰ ਰਹੀ ਹੈ। ਇਸ ਮੰਗ ਬਾਰੇ ਅਜੇ ਤੱਕ ਕਿਸੇ ਵੀ ਸਰਕਾਰ ਨੇ ਕੋਈ ਫੈਸਲਾ ਨਹੀਂ ਦਿੱਤਾ ਹੈ। ਆਖ਼ਰਕਾਰ ਮੀਤੇਈ ਕਬੀਲਾ ਕਮੇਟੀ ਨੇ ਅਦਾਲਤ ਦਾ ਰੁਖ ਕੀਤਾ। ਅਦਾਲਤ ਨੇ ਰਾਜ ਸਰਕਾਰ ਨੂੰ ਇਸ ਮੰਗ ਬਾਰੇ ਕੇਂਦਰ ਨੂੰ ਸਿਫਾਰਸ਼ ਕਰਨ ਲਈ ਕਿਹਾ ਹੈ। ਇਸ ਸਿਫਾਰਿਸ਼ ਤੋਂ ਬਾਅਦ ਆਲ ਟ੍ਰਾਈਬਲ ਸਟੂਡੈਂਟਸ ਯੂਨੀਅਨ ਮਨੀਪੁਰ ਨੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ।

# ਲੁਧਿਆਣਾ ਸਮੇਤ ਰਸਾਇਣਕ ਆਫ਼ਤਾਂ ਦਾ ਲਗਾਤਾਰ ਗਵਾਹ ਬਣਿਆ ਭਾਰਤ

## ਪੀੜ੍ਹਤਾਂ ਨੂੰ ਉਮਰ ਭਰ ਦੇ ਜ਼ਖ਼ਮ ਦੇ ਜਾਂਦੇ ਹਨ ਉਦਯੋਗਿਕ ਅਤੇ ਰਸਾਇਣਕ ਹਾਦਸੇ





ਹਰ ਉਦਯੋਗਿਕ ਅਤੇ ਕੈਮੀਕਲ ਹਾਦਸਾ ਆਪਣੇ ਪਿੱਛੇ ਅਨੇਕਾਂ ਲੋਕਾਂ ਲਈ ਜ਼ਿੰਦਗੀ ਭਰ ਦੇ ਜ਼ਖ਼ਮ ਦੇ ਜਾਂਦਾ ਹੈ। ਅਜਿਹੇ ਹਾਦਸੇ ਵਾਪਰਨ ਤੋਂ ਬਾਅਦ ਭਾਵੇਂ ਹਾਦਸਿਆਂ ਦੀ ਜਾਂਚ ਕਰਨ, ਪ੍ਰਭਾਵਿਤਾਂ ਨੂੰ ਮੁਆਵਜ਼ਾ ਦੇਣ ਦਾ ਵੀ ਢਕਵੰਜ ਕੀਤਾ ਜਾਂਦਾ ਹੈ, ਪਰ ਅਜਿਹੇ ਹਾਦਸਿਆਂ ਦੇ ਪੀੜ੍ਹਤਾਂ ਦੇ ਜ਼ਖ਼ਮ ਜ਼ਿੰਦਗੀ ਭਰ ਰਿਸਦੇ ਰਹਿੰਦੇ ਹਨ। ਅਜਿਹੇ ਹਾਦਸਿਆਂ ਦੇ ਵਾਪਰਨ ਤੋਂ ਬਾਅਦ ਇੱਕ ਦਮ ਹੀ ਹਰ ਪਾਸੇ ਅਜਿਹੇ ਹਾਦਸਿਆਂ ਤੋਂ ਬਚਾਓ ਲਈ ਲੋੜੀਂਦੇ ਯਤਨ ਅਤੇ ਪ੍ਰਬੰਧ ਕਰਨ ਦਾ ਰੌਲਾ ਪੈਂਦਾ ਹੈ ਪਰ ਬਾਅਦ ਵਿੱਚ ਸਭ ਕੁਝ ਭੁੱਲ ਭੁਲਾ ਦਿਤਾ ਜਾਂਦਾ ਹੈ। ਇਸੇ ਕਾਰਨ ਭਾਰਤ ਵਿੱਚ ਲਗਾਤਾਰ ਉਦਯੋਗਿਕ ਅਤੇ





ਰਸਾਇਣਕ ਹਾਦਸੇ ਵਾਪਰਦੇ ਜਾ ਰਹੇ ਹਨ, ਅਜਿਹੇ ਹਾਦਸਿਆਂ ਤੋਂ ਬਚਾਓ ਲਈ ਪਹਿਲਾਂ ਵਾਪਰੇ ਹਾਦਸਿਆਂ ਤੋਂ ਕੋਈ ਸਬਕ ਨਹੀਂ ਸਿੱਖਿਆ ਗਿਆ।

ਭੋਪਾਲ ਗੈਸ ਤ੍ਰਾਸਦੀ ਵੱਲੋਂ ਦੇਸ਼ ਦੀ ਤਬਾਹੀ ਦਾ ਪਰਦਾਫਾਸ਼ ਕਰਨ ਤੋਂ ਕਈ ਸਾਲਾਂ ਬਾਅਦ ਭਾਰਤ ਲਗਾਤਾਰ ਰਸਾਇਣਕ ਹਾਦਸਿਆਂ ਤੇ ਆਫ਼ਤਾਂ ਦਾ ਲਗਾਤਾਰ ਗਵਾਹ ਬਣਦਾ ਜਾ ਰਿਹਾ ਹੈ। ਇਥੇ ਲੋੜੀਂਦੇ ਸੰਵਿਧਾਨਕ ਤੇ ਵਿਧਾਨਿਕ ਸੁਰਖਿਆ ਉਪਾਅ ਹਨ ਪਰ ਇਹਨਾਂ ਨੂੰ ਲਾਗੂ ਕਰਨਾ ਇੱਕ ਚੁਣੌਤੀ ਬਣ ਗਿਆ ਹੈ।

ਇਹਨਾਂ ਹਾਦਸਿਆਂ ਦੀ ਜਾਂਚ ਕਰਨ ਤੋਂ ਬਾਅਦ ਇਹ ਗਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਇਹ ਘਟਨਾਵਾਂ ਇਸ ਕਰਕੇ ਵਾਪਰੀਆਂ ਕਿਉਂਕਿ ਸਬੰਧਿਤ ਉਦਯੋਗਾਂ/ ਫੈਕਟਰੀਆਂ ’ਚ ਅਕਸਰ ਉਦਯੋਗਿਕ ਸੁੱਰਖਿਆ ਨਿਯਮਾਂ ਦੇ ਵਿੱਚ ਅਣਗਹਿਲੀ ਹੁੰਦੀ ਹੈ, ਕਾਨੂੰਨੀ ਸਪਸ਼ਟਤਾ ਦੀ ਘਾਟ ਹੁੰਦੀ ਹੈ, ਜੁਰਮਾਨੇ ਦੇ ਪ੍ਰਬੰਧ ਸਖ਼ਤ ਨਹੀਂ ਹਨ, ਸਾਡਾ ਪਬਲਿਕ ਲਾਇਬੈਲਿਟੀ ਐਕਟ ਵੀ ਐਨਾ ਮਜ਼ਬੂਤ ਨਹੀਂ ਹੈ। ਇਸ ਤੋਂ ਇਲਾਵਾ ਉਦਯੋਗਿਕ ਹਾਦਸਿਆਂ ਤੋਂ ਬਚਾਓ ਲਈ ਸੁੱਰਖਿਆ ਪ੍ਰਬੰਧ ਬਜਟ ਦੀਆਂ ਰੁਕਾਵਟਾਂ ਵੀ ਹੁੰਦੀਆਂ ਹਨ। ਇਸ ਤੋਂ ਇਲਾਵਾ ਸਮੇਂ ਸਮੇਂ ’ਤੇ ਉਦਯੋਗਿਕ ਖੇਤਰਾਂ ’ਚ ਸੁਰਖਿਆ ਜਾਂਚਾਂ ਨੂੰ ਅਕਸਰ ਛੱਡ ਦਿੱਤਾ ਜਾਂਦਾ ਹੈ। ਇਹ ਵੀ ਅਸਲੀਅਤ ਹੈ ਕਿ ਉਦਯੋਗਾਂ ਵਿੱਚ ਤਕਨਾਲੋਜੀ ਕਾਫ਼ੀ ਪੁਰਾਣੀ ਹੈ। ਇਸ ਹਫਤੇ ਲੁਧਿਆਣਾ ਗੈਸ ਲੀਕ ਘਟਨਾ ਵਾਪਰਨ ਤੋਂ ਪਹਿਲਾਂ ਭਾਰਤ ਵਿੱਚ ਅਜਿਹੀਆਂ ਪੰਜ ਕੈਮੀਕਲ ਤਬਾਹੀਆਂ ਹੋ ਚੁੱਕੀਆਂ ਹਨ।

ਅਹਿਮਦਾਬਾਦ ਕੈਮੀਕਲ ਫੈਕਟਰੀ ਧਮਾਕਾ : ਸਾਲ 2022 ਵਿੱਚ ਅਹਿਮਦਾਬਾਦ ਦੇ ਵਿੱਚ ਇੱਕ ਕੈਮੀਕਲ ਫੈਕਟਰੀ ਵਿੱਚ ਧਮਾਕਾ ਹੋਣ ਨਾਲ ਸਾਰੀ ਇਮਾਰਤ ਢਹਿ ਗਈ ਸੀ। ਅਸਲ ਵਿੱਚ ਇਸ ਅਪਾਰਮੈਂਟ ਬਿਲਡਿੰਗ ਵਿੱਚ ਕੱਪੜਿਆਂ ਦਾ ਗੁਦਾਮ ਵੀ ਸੀ। ਇਸ ਹਾਦਸੇ ਦੀ ਲਪੇਟ ਵਿੱਚ 30 ਵਿਅਕਤੀ ਆਏ ਸਨ। ਮਲਬੇ ਵਿਚੋਂ ਚਾਰ ਔਰਤਾਂ ਦੋ ਨਾਬਾਲਗਾਂ ਸਮੇਤ 12 ਲਾਸ਼ਾਂ ਤੇ 9 ਗੰਭੀਰ ਲੋਕਾਂ ਨੂੰ ਕੱਢਿਆ ਗਿਆ ਸੀ। ਉਸ ਸਮੇਂ ਇਸ ਕੈਮੀਕਲ ਫੈਕਟਰੀ ਦੇ ਮਾਲਕ ਸਮੇਤ ਤਿੰਨ ਵਿਅਕਤੀਆਂ ਦੀਆਂ ਗ੍ਰਿਫਤਾਰੀਆਂ ਹੋਈਆਂ ਸਨ। ਬਾਅਦ ਵਿੱਚ ਪਤਾ ਚਲਿਆ ਕਿ ਇਹ ਕੈਮੀਕਲ ਫੈਕਟਰੀ ਬਿਨਾਂ ਲਾਇਸੈਂਸ ਦੇ ਚਲ ਰਹੀ ਸੀ। ਕੈਮੀਕਲ ਫੈਕਟਰੀ ਨੇੜੇ ਹੋਣ ਦੇ ਬਾਵਜੂਦ ਕੱਪੜੇ ਸਟੋਰ ਕਰਨ ਲਈ ਥਾਂ ਕਿਰਾਏ ’ਤੇ ਦਿੱਤੀ ਗਈ। ਰਿਪੋਰਟ ਅਨੁਸਾਰ 12 ਮ੍ਰਿਤਕਾਂ ਵਿਚੋਂ ਇੱਕ 14 ਸਾਲਾ ਲੜਕਾ ਕੈਮੀਕਲ ਫੈਕਟਰੀ ਵਿੱਚ ਖਤਰਨਾਕ ਹਾਲਾਤਾਂ ਵਿੱਚ ਨੌਕਰੀ ਕਰ ਰਿਹਾ ਸੀ ਅਤੇ 17 ਸਾਲਾ ਇੱਕ ਲੜਕੀ ਗਾਰਮੈਂਟ ਕੰਪਨੀ ਵਿੱਚ ਨੌਕਰੀ ਕਰ ਰਹੀ ਸੀ। ਇਸ ਘਟਨਾ ਲਈ ਜਿੰਮੇਵਾਰ ਲੋਕਾਂ ’ਤੇ ਬਾਲ ਮਜ਼ਦੂਰੀ ਸੋਧ ਐਕਟ ਤਹਿਤ ਦੋਸ਼ ਵੀ ਲਗਾਏ ਗਏ ਸਨ।

ਹਾਪੁੜ ਕੈਮੀਕਲ ਪਲਾਂਟ ਵਿਸਫੋਟ : ਸਾਲ 2022 ਦੌਰਾਨ ਯੂ ਪੀ ਦੇ ਹਾਪੁੜ ਵਿੱਚ ਇੱਕ ਇਲੈਕਟ੍ਰੌਨਿਕਸ ਨਿਰਮਾਣ ਯੂਨਿਟ ਵਿੱਚ ਵੱਡਾ ਧਮਾਕਾ ਹੋਇਆ, ਜਿਸ ਵਿੱਚ 13 ਮਜ਼ਦੂਰਾਂ ਦੀ ਮੌਤ ਹੋਈ ਅਤੇ 20 ਜ਼ਖਮੀ ਹੋ ਗਏ ਸਨ।

ਬਾਅਦ ਵਿੱਚ ਇਹ ਪਤਾ ਚਲਿਆ ਕਿ ਇਹ ਪਲਾਂਟ ਬੱਚਿਆਂ ਦੇ ਖੇਡਣ ਵਾਲੀਆਂ ਬੰਦੂਕਾਂ ਦੀਆਂ ਗੋਲੀਆਂ ਬਣਾਉਣ ਲਈ ਵਰਤਿਆ ਜਾ ਰਿਹਾ ਸੀ ਅਤੇ ਉਥੋਂ ਬਾਰੂਦ ਬਰਾਮਦ ਹੋਇਆ ਸੀ। ਰਾਜ ਸਰਕਾਰ ਅਤੇ ਸਥਾਨਕ ਲੋਕਾਂ ਵੱਲੋਂ ਤੁਰੰਤ ਰਾਹਤ ਕਾਰਜ ਸਥਾਨ ’ਤੇ ਕਾਰਵਾਈ ਕਰਨ ਨਾਲ ਕਈ ਜ਼ਿੰਦਗੀਆਂ ਬਚ ਗਈਆਂ ਸਨ।

ਭਾਗਜਨ ਗੈਸ ਤੇ ਤੇਲ ਲੀਕ ਘਟਨਾ 2020 : ਇਹ ਘਟਨਾ ਆਸਾਮ ਦੇ ਤਿਨਸੁਕੀਆ ਜ਼ਿਲ੍ਹੇ ਵਿੱਚ ਇੰਡੀਅਨ ਆਇਲ ਕਾਰਪੋਰੇਸ਼ਨ ਦੇ ਭਾਗਜਨ ਆਇਲ ਫੀਲਡ ਵਿਚ ਵਾਪਰੀ। ਕੁਦਰਤੀ ਗੈਸ ਤੇ ਤੇਲ ਲੀਕ ਹੋ ਗਏ ਅਤੇ ਬਾਅਦ ਵਿੱਚ ਅੱਗ ਲੱਗ ਗਈ। ਇਸ ਘਟਨਾ ਵਿੱਚ ਤਿੰਨ ਮੌਤਾਂ ਹੋਈਆਂ ਸਨ, ਤੇ ਨੇੜਲੇ ਪਿੰਡਾਂ ਨੂੰ ਵੱਡੇ ਪੱਧਰ ’ਤੇ ਖਾਲੀ ਕਰਵਾ ਦਿੱਤਾ ਗਿਆ ਸੀ। ਇਸ ਘਟਨਾ ਨੇ ਨੇੜਲੇ ਡਿਬਰੂ-ਸ਼ੈਖੋਵਾ ਨੈਸ਼ਨਲ ਪਾਰਕ ਤੇ ਮਾਗੁਰੀ-ਮੋਟਾਪੁੰਗ ਵੈਟਾਲੈਂਡ ਜਿਹੀਆਂ ਥਾਂਵਾਂ ਨੂੰ ਕਾਫ਼ੀ ਨੁਕਸਾਨ ਪਹੁੰਚਿਆ ਸੀ। ਇਸ ਘਟਨਾ ਦਾ ਉਥੋਂ ਦੀਆਂ ਦੋ ਸਥਾਨਕ ਨਦੀਆਂ ਡਿਬਰੂ ਅਤੇ ਲੋਹਿਤ ’ਤੇ ਵੀ ਪ੍ਰਭਾਵ ਪਿਆ ਸੀ। ਐਨਜੀਟੀ ਜਾਂਚ ਕਮੇਟੀ ਨੇ ਦੱਸਿਆ ਕਿ ਇੰਡੀਆ ਆਇਲ ਲਿਮ. ਦੀਆਂ ਕਾਨੂੰਨੀ ਮਨਜ਼ੂਰੀਆਂ ਵਿੱਚ ਅਸਫਲਤਾ, ਵਾਤਾਵਰਣ ਕਾਨੂੰਨਾਂ ਦੀ ਪਾਲਣਾ ਨਾ ਕਰਨਾ ਤੇ ਤੇਲ ਖੇਤਰ ਵਿੱਚ ਅੰਦਰੂਨੀ ਸੁਰਖਿਆ ਨਾ ਹੋਣ ਕਾਰਨ ਇਹ ਘਟਨਾ ਵਾਪਰੀ ਸੀ।



ਗੇਲ ਪਾਈਪ ਲਾਈਨ ਧਮਾਕਾ 2014 : ਜੂਨ 2014 ਵਿੱਚ ਆਂਧਰਾ ਪ੍ਰਦੇਸ਼ ਦੇ ਪੂਰਬੀ ਗੋਦਾਵਰੀ ਜ਼ਿਲ੍ਹੇ ਦੇ ਨਗਰਮ ਵਿਖੇ ਗੈਸ ਅਥਾਰਿਟੀ ਆਫ ਇੰਡੀਆ ਲਿਮ. (ਗੇਲ), ਦੀ 18 ਇੰਚ ਜ਼ਮੀਨ ਹੇਠਾਂ ਦੱਬੀ ਹੋਈ ਪਾਈਪ ਲਾਈਨ ਵਿੱਚ ਧਮਾਕਾ ਹੋਇਆ ਸੀ, ਜਿਸ ਕਾਰਨ ਅੱਗ ਲੱਗ ਗਈ ਸੀ। ਇਸ ਘਟਨਾ ਵਿੱਚ 25 ਵਿਅਕਤੀਆਂ ਦੀ ਮੌਤ ਹੋ ਗਈ ਸੀ ਅਤੇ 40 ਵਿਅਕਤੀ ਜ਼ਖਮੀ ਹੋ ਗਏ ਸਨ। ਅੱਗ ਕਾਰਨ ਖੜ੍ਹੀਆਂ ਫਸਲਾਂ, ਨਾਰੀਅਲ ਦੇ ਦਰਖ਼ਤ, ਪਸ਼ੂਆਂ, ਜੰਗਲੀ ਪੰਛੀਆਂ ਦਾ ਭਾਰੀ ਨੁਕਸਾਨ ਹੋਇਆ। ਇਸ ਤੋਂ ਇਲਾਵਾ ਕਰੀਬ 10 ਏਕੜ ਜਮੀਨ ਵਿੱਚ ਸਭ ਕੁਝ ਸਵਾਹ ਹੋ ਗਿਆ ਸੀ।

ਭੋਪਾਲ ਗੈਸ ਤ੍ਰਾਸਦੀ 1984 : ਭਾਰਤ ਦੀ ਸਭ ਤੋਂ ਭੈੜੀ ਉਦਯੋਗਿਕ ਤਬਾਹੀ ਭੋਪਾਲ ਗੈਸ ਤ੍ਰਾਸਦੀ ਸੀ। ਇਹ ਘਟਨਾ ਉਦੋਂ ਵਾਪਰੀ ਜਦੋਂ ਯੂਨੀਅਨ ਕਾਰਬਾਈਡ ਇੰਡੀਆ ਲਿਮ.(ਯੂ. ਸੀ. ਆਈ. ਐਲ.) ਦੀ ਮਲਕੀਅਤ ਵਾਲੇ ਇਕ ਕੀਟਨਾਸ਼ਕ ਪਲਾਂਟ ਵਿੱਚ ਲੀਕੇਜ ਹੋਣ ਨਾਲ 40 ਟਨ ਜ਼ਹਿਰੀਲੀ ਮਿਥਾਇਲ ਆਈਸੋਸਾਈਨੇਟ ਯਾਨੀ ਐਮ. ਆਈ. ਸੀ. ਗੈਸ ਹਵਾ ਦੇ ਸੰਪਰਕ ਵਿੱਚ ਆਈ ਤੇ ਤੇਜੀ ਨਾਲ ਆਲ਼ੇ ਦੁਆਲ਼ੇ ਫੈਲ ਗਈ। ਘਟਨਾ ਦੇ ਤੁਰੰਤ ਬਾਅਦ ਤਿੰਨ ਹਜ਼ਾਰ ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਅਤੇ ਬਹੁਤ ਸਾਰੇ ਲੋਕ ਬਾਅਦ ਵਿੱਚ ਗੈਸ ਦੇ ਸੰਪਰਕ ਵਿੱਚ ਆਉਣ ਕਾਰਨ ਮਰੇ। 5 ਲੱਖ ਤੋਂ ਵੱਧ ਲੋਕ ਲੰਬੇ ਸਮੇਂ ਦੀਆਂ ਸਿਹਤ ਸਮੱਸਿਆਵਾਂ ਦੇ ਨਾਲ ਲੜਦੇ ਰਹੇ। ਇਸ ਵਿੱਚ ਵੀ ਪਲਾਂਟ ਦੀ ਸੁਰਖਿਆ ਵਿੱਚ ਅਣਗਹਿਲੀ ਵਰਤੀ ਗਈ ਸੀ। ਪਲਾਂਟ ਦਾ ਰੈਫ੍ਰਿਜ਼ਰੈਸ਼ਨ ਸਿਸਟਮ ਜੋ ਐਮ.ਆਈ.ਸੀ. ਗੈਸ ਨੂੰ ਠੰਢਾ ਰੱਖਣ ਤੇ ਰਸਾਇਣਾਂ ਨਾਲ ਪ੍ਰਤੀਕ੍ਰਿਆ ਰੋਕਣ ਲਈ ਤਿਆਰ ਕੀਤਾ ਗਿਆ ਸੀ, ਉਹ ਸਹੀ ਢੰਗ ਨਾਲ ਕੰਮ ਨਹੀਂ ਕਰ ਰਿਹਾ ਸੀ। ਗੈਸ ਸਟੋਰੇਜ ਟੈਂਕ ਓਵਰ ਫਿਲ ਹੋ ਗਏ ਸਨ, ਜਿਸ ਕਾਰਨ ਗੈਸ ਨਿਕਲ ਰਹੀ ਸੀ। ਕੇਂਦਰੀ ਜਾਂਚ ਬਿਊਰੋ ਦੁਆਰਾ ਜਾਂਚ ਕੀਤੀ ਗਈ ਤਾਂ ਪਤਾ ਚਲਿਆ ਕਿ ਪਲਾਂਟ ਵਿੱਚ ਸੁਰਖਿਆ ਦੀ ਘਾਟ, ਪਲਾਂਟ ਕਰਮਚਾਰੀਆਂ ਵਿੱਚ ਸਿਖਲਾਈ ਅਤੇ ਜਾਗਰੂਕਤਾ ਦੀ ਘਾਟ, ਐਮਰਜੈਂਸੀ ਨਾਲ ਨਿਪਟਣ ਦੀ ਜਾਣਕਾਰੀ ਦੀ ਘਾਟ ਸਾਹਮਣੇ ਆਈ ਸੀ। ਸੀਬੀਆਈ ਨੇ ਯੂ.ਸੀ.ਆਈ.ਐਲ. ਦੇ ਸੀਈਓ ਵਾਰਨ ਐਡਰਸਨ ਸਮੇਤ ਕਈ ਅਧਿਕਾਰੀਆਂ ਖ਼ਿਲਾਫ਼ ਅਪਰਾਧਿਕ ਦੋਸ਼ ਦਾਇਰ ਕੀਤੇ ਸਨ। ਐਡਰਸਨ ਅਮਰੀਕਾ ਭੱਜ ਗਿਆ, ਮੁਕਦਮੇ ਦਾ ਸਾਹਮਣਾ ਕਰਨ ਲਈ ਉਸ ਨੂੰ ਕਦੇ ਵੀ ਭਾਰਤ ਦੇ ਹਵਾਲੇ ਨਹੀਂ ਕੀਤਾ ਗਿਆ। ਯੂ.ਸੀ.ਆਈ.ਐਲ. ਨੇ ਆਖਰਕਾਰ 1989 ਵਿੱਚ ਭਾਰਤ ਸਰਕਾਰ ਨੂੰ 470 ਮਿਲੀਅਨ ਡਾਲਰ ਦਾ ਭੁਗਤਾਨ ਕੀਤਾ ਸੀ।







ਦਰਪਣ ਝੂਠ ਨਹੀਂ ਬੋਲਦਾ

# ਗਿਆਨ ਸ਼ਾਸਤਰ ਰਾਹੀਂ ਸਿੱਖ ਜਗਤ ਦਾ ਵਿਸ਼ਵ 'ਚ ਹੋ ਰਿਹੈ ਉਭਾਰ

## ਭਾਰਤ ਵਿੱਚ ਗਿਆਨ ਤੇ ਰਾਜਨੀਤੀ ਪੱਖੋਂ ਪਛੜ ਰਹੇ ਨੇ ਸਿੱਖ






ਬੀਤੇ ਦਿਨੀਂ ਅਜੈਪਾਲ ਸਿੰਘ ਬੰਗਾ ਦੇ ਵਿਸ਼ਵ ਬੈਂਕ ਦੇ ਪ੍ਰਧਾਨ ਨਿਯੁਕਤ ਹੋਣ ਕਾਰਨ ਵਿਸ਼ਵ ਭਰ ਦੇ ਅਖ਼ਬਾਰਾਂ, ਮੀਡੀਆ ਚੈਨਲਾਂ ਅਤੇ ਸੋਸ਼ਲ ਮੀਡੀਆ ਨੇ ਇਸ ਖਬਰ ਨੂੰ ਪਹਿਲ ਦੇ ਆਧਾਰ ਉਪਰ ਪ੍ਰਕਾਸ਼ਿਤ ਤੇ ਪ੍ਰਸਾਰਿਤ ਕੀਤਾ।ਉਹ 2 ਜੂਨ ਤੋਂ ਆਪਣਾ ਅਹੁਦਾ ਸੰਭਾਲਣਗੇ ਅਤੇ 5 ਸਾਲ ਇਸ ਅਹੁਦੇ 'ਤੇ ਕੰਮ ਕਰਨਗੇ। ਵਿਸ਼ਵ ਬੈਂਕ ਦੇ 25 ਮੈਂਬਰੀ ਕਾਰਜਕਾਰੀ ਬੋਰਡ ਨੇ ਉਨ੍ਹਾਂ ਨੂੰ ਸਰਬਸੰਮਤੀ ਨਾਲ ਇਸ ਅਹੁਦੇ ਲਈ ਚੁਣਿਆ ਹੈ।ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਵਿਸ਼ਵ ਬੈਂਕ ਦੇ ਬੋਰਡ ਆਫ਼ ਗਵਰਨਰਜ਼ ਦੁਆਰਾ ਸ਼ਾਨਦਾਰ ਪ੍ਰਵਾਨਗੀ ਲਈ ਅਜੇ ਪਾਲ ਸਿੰਘ ਬੰਗਾ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਬੰਗਾ ਵਿਸ਼ਵ ਬੈਂਕ ਦੇ ਮੁਖੀ ਦੇ ਅਹੁਦੇ 'ਤੇ ਮੁਹਾਰਤ, ਤਜ਼ਰਬੇ ਅਤੇ ਨਵੀਨਤਾ ਲਿਆਉਣ ਵਾਲਾ ਪਰਿਵਰਤਨਸ਼ੀਲ ਨੇਤਾ ਹੋਵੇਗਾ।ਸੰਯੁਕਤ ਰਾਜ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਭਾਰਤ ਵਿੱਚ ਜਨਮੇ ਅਜੈ ਬੰਗਾ ਨੂੰ ਵਿਸ਼ਵ ਬੈਂਕ ਦਾ ਮੁਖੀ ਚੁਣੇ ਜਾਣ 'ਤੇ ਵਧਾਈ ਦਿੱਤੀ ਹੈ।

ਗੌਰਤਲਬ ਹੈ ਕਿ ਇਸ ਅਹੁਦੇ ਲਈ ਬੰਗਾ ਨੂੰ ਫਰਵਰੀ ਮਹੀਨੇ ਵਿੱਚ ਹੀ ਅਮਰੀਕਾ ਦੇ ਰਾਸ਼ਟਰਪਤੀ ਜੋ ਬਾਇਡਨ ਨੇ ਨਾਮਜ਼ਦ ਕੀਤਾ ਸੀ। ਉਹ ਮੂਲ ਰੂਪ ਵਿੱਚ ਪੰਜਾਬ ਦੇ ਬੰਗਾ ਸ਼ਹਿਰ ਦੇ ਰਹਿਣ ਵਾਲੇ ਹਨ। ਉਨ੍ਹਾਂ ਦੀ ਨਿਯੁਕਤੀ ਸਿੱਖ ਜਗਤ ਤੇ ਪੰਜਾਬ ਲਈ ਮਾਣ ਦੀ ਗੱਲ ਹੈ,ਕਿਉਂਕਿ ਉਹ ਪਹਿਲੇ ਸਿੱਖ ਹਨ ਜੋ ਅਮਰੀਕਾ ਸਥਿਤ ਵਿਸ਼ਵ ਦੀ ਇਸ ਸਭ ਤੋਂ ਵੱਡੀ ਤੇ ਮਹੱਤਵਪੂਰਨ ਵਿੱਤੀ ਸੰਸਥਾ ਦੇ ਮੁਖੀ ਬਣੇ ਹਨ । ਅਜੈਪਾਲ ਸਿੰਘ ਬੰਗਾ ਦਾ ਜਨਮ 10 ਨਵੰਬਰ, 1959 ਨੂੰ ਪੂਨੇ ਵਿੱਚ ਹੋਇਆ ਸੀ। ਇਥੇ ਜ਼ਿਕਰਯੋਗ ਹੈ ਕਿ ਸਿੱਖ, ਗਿਆਨ, ਰਾਜਨੀਤੀ ਤੇ ਸੇਵਾ ਦੇ ਖੇਤਰ ਵਿੱਚ ਵਿਦੇਸ਼ਾਂ ਵਿਖੇ ਆਪਣੀ ਵਸੋਂ ਦੇ ਮੁਕਾਬਲੇ ਵੱਡੀਆਂ ਪ੍ਰਾਪਤੀਆਂ ਕਰ ਰਹੇ ਹਨ। ਪਰ ਭਾਰਤ ਤੇ ਪੰਜਾਬ ਵਿੱਚ ਲਗਾਤਾਰ ਪਛੜਦੇ ਜਾ ਰਹੇ ਹਨ। ਕੈਨੇਡਾ ਵਿੱਚ ਕਿੰਨੇ ਹੀ ਸਿੱਖ ਤੇ ਪੰਜਾਬੀ ਮੰਤਰੀ ਤੇ ਪਾਰਲੀਮੈਂਟ ਮੈਂਬਰ ਬਣ ਚੁੱਕੇ ਹਨ। ਇਕ ਸਿੱਖ ਜਗਮੀਤ ਸਿੰਘ ਕੈਨੇਡਾ ਦੀ ਇਕ ਕੌਮੀ ਪਾਰਟੀ ਦਾ ਮੁਖੀ ਹੈ ਤੇ ਕਿਸੇ ਵੇਲੇ ਉਹ ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਦਾਅਵੇਦਾਰ ਵੀ ਹੋ ਸਕਦਾ ਹੈ। ਇਥੋਂ ਤੱਕ ਕਿ ਕਈ ਦੇਸ਼ਾਂ ਦੇ ਭਾਰਤ ਵਿਚਲੇ ਅੰਬੈਸਡਰ ਵੀ ਸਿੱਖ ਬਣੇ ਹਨ। ਜਿਨ੍ਹਾਂ ਵਿੱਚ ਯੁਗਾਂਡਾ ਅਤੇ ਸਿੰਗਾਪੁਰ ਦੇ ਅੰਬੈਸਡਰ ਸ਼ਾਮਿਲ ਸਨ। ਹੁਣੇ-ਹੁਣੇ ਯੂ.ਕੇ. ਨੇ ਇਕ ਸਿੱਖ ਪਰਿਵਾਰ ਦੇ ਹਰਜਿੰਦਰ ਸਿੰਘ ਕੰਗ ਨੂੰ ਭਾਰਤ ਵਿੱਚ ਆਪਣਾ ਡਿਪਟੀ ਹਾਈ ਕਮਿਸ਼ਨਰ ਅਤੇ ਟਰੇਡ ਕਮਿਸ਼ਨਰ ਬਣਾਇਆ ਹੈ। ਮਲੇਸ਼ੀਆ ਦਾ ਪੁਲਿਸ ਮੁਖੀ ਇਕ ਸਿੱਖ ਅਮਰ ਸਿੰਘ ਬਣਿਆ ਸੀ। ਉਪਟਿਕ ਫਾਈਬਰ ਦਾ ਨਿਰਮਾਤਾ ਮੰਨਿਆ ਜਾਂਦਾ ਨਰਿੰਦਰ ਸਿੰਘ ਕਪਾਨੀ ਵੀ ਇਕ ਸਿੱਖ ਸੀ। ਇੰਗਲੈਂਡ ਤੇ ਕਈ ਹੋਰ ਦੇਸ਼ਾਂ ਵਿੱਚ ਸਿੱਖ ਜੱਜ ਵੀ ਬਣੇ ਹਨ। ਭਾਈ ਰਵੀ ਸਿੰਘ ਨੇ ਸੇਵਾ ਖੇਤਰ ਵਿੱਚ ਕੁਦਰਤੀ ਆਫਤਾਂ ਦੌਰਾਨ ਪੀੜ੍ਹਤ ਲੋਕਾਂ ਦਾ ਸਾਥ ਦੇਕੇ ਸਿੱਖ ਜਗਤ ਦਾ ਨਾਮ ਵਿਸ਼ਵ ਵਿੱਚ ਚਮਕਾਇਆ ਹੈ ਤੇ ਨਸਲਵਾਦ ਨੂੰ ਚੁਣੌਤੀ ਦਿਤੀ ਹੈ।

ਭਾਰਤ ਵਿੱਚ ਵੀ ਲੰਮਾ ਸਮਾਂ ਸਿੱਖਾਂ ਦੀ ਪੁਜ਼ੀਸ਼ਨ ਬਹੁਤ ਉੱਚੀ ਰਹੀ। ਬੇਸ਼ੱਕ ਸਿੱਖਾਂ ਨੂੰ 1984 ਦਾ ਸੰਤਾਪ ਵੀ ਹੰਢਾਉਣਾ ਪਿਆ, ਪਰ ਇਸ ਦੁਖਾਂਤ ਤੋਂ ਬਾਅਦ ਸਿੱਖ ਪੰਥ ਪੂਰੇ ਵਿਸ਼ਵ ਵਿੱਚ ਆਪਣੀਆਂ ਪ੍ਰਾਪਤੀਆਂ, ਉਦਮ ਤੇ ਮਨੁੱਖਤਾ ਦੀ ਸੇਵਾ ਕਾਰਨ ਛਾ ਗਿਆ ਹੈ।ਯਾਦ ਰਹੇ ਕਿ ਭਾਰਤ ਵਿੱਚ ਸਿੱਖ ਪ੍ਰਧਾਨ ਮੰਤਰੀ, ਰਾਸ਼ਟਰਪਤੀ, ਕਈ ਵਾਰ ਫ਼ੌਜ ਮੁਖੀ ਰਹੇ ਤੇ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਦੇ ਅਹੁਦੇ ਤੱਕ ਵੀ ਪੁੱਜੇ। ਕਦੇ ਬੰਗਾਲ, ਬਿਹਾਰ, ਯੂ.ਪੀ., ਜੰਮੂ-ਕਸ਼ਮੀਰ, ਰਾਜਸਥਾਨ, ਦਿੱਲੀ ਅਤੇ ਕੁਝ ਹੋਰ ਰਾਜਾਂ ਵਿੱਚ ਵੀ ਸਿੱਖ ਮੰਤਰੀ ਬਣਦੇ ਰਹੇ ਸਨ। 1966 ਵਿੱਚ ਪੰਜਾਬੀ ਸੂਬਾ ਬਣਨ ਉਪਰੰਤ ਪੰਜਾਬ ਵਿੱਚ ਬਹੁ-ਗਿਣਤੀ ਸਿੱਖ ਤੇ ਪੰਜਾਬੀ ਉੱਚ ਅਧਿਕਾਰੀਆਂ ਦੀ ਹੀ ਹੁੰਦੀ ਸੀ। ਪਰ ਸਿੱਖ ਜਿਵੇਂ-ਜਿਵੇਂ ਵਿਦਿਅਕ ਤੇ ਗਿਆਨ ਖੇਤਰ ਵਿੱਚ ਪਛੜਦੇ ਜਾ ਰਹੇ ਹਨ, ਉਨ੍ਹਾਂ ਦੀ ਪਕੜ ਆਪਣੇ ਬਹੁਗਿਣਤੀ ਵਾਲੇ ਰਾਜ ਵਿੱਚ ਵੀ ਕਮਜ਼ੋਰ ਪੈਂਦੀ ਜਾ ਰਹੀ ਹੈ। ਸਿੱਖ ਬੱਚਿਆਂ ਦੀ ਪੜ੍ਹਾਈ ਦਾ ਨਿਸ਼ਾਨਾ ਪਲੱਸ ਟੂ (10+2) ਪਾਸ ਕਰਕੇ ਆਈਲੈਟਸ ਕਰਕੇ ਬਾਹਰ ਜਾਣ ਦਾ ਹੀ ਬਣਦਾ ਜਾ ਰਿਹਾ ਹੈ। ਬਾਹਰ ਜਾ ਕੇ ਵੀ ਉਨ੍ਹਾਂ ਵਿਚੋਂ ਬਹੁਤੇ ਉੱਚੀ ਪੜ੍ਹਾਈ ਨਹੀਂ ਕਰਦੇ, ਬਸ ਕਿਸੇ ਨਾ ਕਿਸੇ ਤਰ੍ਹਾਂ ਪੀ.ਆਰ. ਹੋਣਾ ਤੇ ਬਾਅਦ ਵਿੱਚ ਸਿਟੀਜ਼ਨ ਬਣਨਾ ਹੀ ਉਨ੍ਹਾਂ ਦਾ ਨਿਸ਼ਾਨਾ ਬਣ ਜਾਂਦਾ ਹੈ।

ਇਸ ਵੇਲੇ ਪੰਜਾਬ ਦੇ 26 ਵਧੀਕ ਮੁੱਖ ਸਕੱਤਰਾਂ, ਵਿੱਤੀ ਕਮਿਸ਼ਨਰਾਂ ਤੇ ਪ੍ਰਮੁੱਖ ਸਕੱਤਰਾਂ ਜਿਹੇ ਸਭ ਤੋਂ ਮਹੱਤਵਪੂਰਨ ਅਹੁਦਿਆਂ 'ਤੇ ਤਾਇਨਾਤ 26 ਅਧਿਕਾਰੀਆਂ ਵਿਚੋਂ ਸਿਰਫ਼ 3-4 ਹੀ ਸਿੱਖ ਹਨ। ਕੁੱਲ 24 ਪ੍ਰਬੰਧਕੀ ਸਕੱਤਰਾਂ ਵਿਚੋਂ 11-12 ਸਿੱਖ ਹਨ। 28 ਵਿਸ਼ੇਸ਼ ਸਕੱਤਰਾਂ ਵਿਚੋਂ ਵੀ 10 ਦੇ ਕਰੀਬ ਹੀ ਸਿੱਖ ਹਨ। 12 ਵਧੀਕ ਸਕੱਤਰਾਂ ਵਿਚੋਂ ਸਿਰਫ਼ 4 ਹੀ ਸਿੱਖ ਹਨ।

24 ਡੀ.ਜੀ.ਪੀ., ਵਿਸ਼ੇਸ਼ ਡੀ.ਜੀ.ਪੀ. ਤੇ ਏ.ਡੀ.ਜੀ.ਪੀ. ਪੱਧਰ ਦੇ ਪੁਲਿਸ ਅਧਿਕਾਰੀਆਂ ਵਿਚੋਂ ਸਿਰਫ਼ 6-7 ਅਧਿਕਾਰੀ ਹੀ ਸਿੱਖ ਹਨ। ਇਨ੍ਹਾਂ ਵਿੱਚ ਕਾਫੀ ਸਾਰੇ ਗ਼ੈਰ-ਪੰਜਾਬੀ ਵੀ ਹਨ। 5 ਡਿਵੀਜ਼ਨਲ ਕਮਿਸ਼ਨਰਾਂ ਵਿੱਚ 2 ਸਿੱਖ ਹਨ। ਹੋਰ ਉੱਚ ਅਧਿਕਾਰੀਆਂ ਦੇ ਅਹੁਦਿਆਂ ਦਾ ਵੀ ਇਹੀ ਹਾਲ ਹੈ। ਪੰਜਾਬ ਵਿੱਚ 58 ਫ਼ੀਸਦੀ ਦੇ ਕਰੀਬ ਸਿੱਖ ਆਬਾਦੀ ਹੋਣ ਦੇ ਬਾਵਜੂਦ ਸਿੱਖ ਤੇ ਪੰਜਾਬੀ ਹੌਲੀ-ਹੌਲੀ ਵੱਡੇ ਅਹੁਦਿਆਂ ਤੋਂ ਗਾਇਬ ਹੁੰਦੇ ਜਾ ਰਹੇ ਹਨ। ਸਿੱਖ ਬੱਚੇ ਆਈ.ਏ.ਐਸ. ਵਰਗੇ ਇਮਤਿਹਾਨਾਂ ਵਿੱਚ ਜਾਂ ਤਾਂ ਦਿਲਚਸਪੀ ਹੀ ਨਹੀਂ ਲੈਂਦੇ ਜਾਂ ਫਿਰ ਸਫਲ ਨਹੀਂ ਹੁੰਦੇ।

ਅਕਾਲ ਤਖਤ ਸਾਹਿਬ, ਸ਼੍ਰੋਮਣੀ ਕਮੇਟੀ, ਚੀਫ਼ ਖ਼ਾਲਸਾ ਦੀਵਾਨ ਜਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਵਿਸ਼ਵ ਦੀਆਂ ਪੰਥਕ ਸੰਸਥਾਵਾਂ ,ਗੁਰਧਾਮਾਂ ਨੂੰ ਇਸ ਸੰਬੰਧ ਵਿੱਚ ਉਦਮ ਕਰਨੇ ਚਾਹੀਦੇ ਹਨ ਜਿਵੇਂ ਸਿੰਘ ਸਭਾ ਲਹਿਰ ਦੇ ਬਾਨੀਆਂ ਗਿਆਨੀ ਦਿੱਤ ਸਿੰਘ ਤੇ ਪ੍ਰੋਫੈਸਰ ਗੁਰਮੁੱਖ ਸਿੰਘ ਹੁਣਾਂ ਨੇ ਕੀਤੇ। (ਬਾਕੀ ਸਫ਼ਾ 30 'ਤੇ)

# ਅਕਾਲੀ ਦਲ ਦੀ ਹੋਂਦ ਬਚਾਉਣ ਲਈ ਜਥੇਦਾਰ ਅਕਾਲ ਤਖ਼ਤ ਸਾਹਿਬ ਸਰਗਰਮ



ਬਾਦਲ ਅਕਾਲੀ ਦਲ ਦੀ ਲੋਕ ਸਭਾ ਜ਼ਿਮਨੀ ਚੋਣ ਹਾਰਨ ਦੀ ਵੱਡੀ ਸੰਭਾਵਨਾ ਦਿਖਾਈ ਦੇ ਰਹੀ ਹੈ। ਸਿਆਸੀ ਮਾਹਿਰ ਇਹੀ ਸ਼ੰਕਾ ਜਾਹਿਰ ਕਰ ਰਹੇ ਹਨ।ਇਸ ਤੋਂ ਪਹਿਲਾਂ ਜਥੇਦਾਰ ਅਕਾਲ ਤਖਤ ਗਿਆਨੀ ਹਰਪ੍ਰੀਤ ਸਿੰਘ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਪੰਥ ਦੇ ਨਾਇਕ ਵਜੋਂ ਸਵੀਕਾਰਨ ਬਾਅਦ ਸੁਖਬੀਰ ਬਾਦਲ ਦੀ ਸਿਆਸਤ ਅਰਥਾਤ ਬਾਦਲ ਅਕਾਲੀ ਦਲ ਨੂੰ ਬਚਾਉਣ ਲਈ ਹੌਕਾ ਦਿਤਾ ਹੈ - ਕਿ ਰਾਜਾਂ ਦੇ ਵੱਧ ਅਧਿਕਾਰਾਂ ਲਈ ਜੇਕਰ ਕਿਸੇ ਪਾਰਟੀ ਨੇ ਆਵਾਜ਼ ਉਠਾਈ ਹੈ ਤਾਂ ਉਹ ਸ਼੍ਰੋਮਣੀ ਅਕਾਲੀ ਦਲ ਹੀ ਹੈ ਅਤੇ ਸਵਰਗੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਮੇਤ ਸਮੁੱਚੀ ਅਕਾਲੀ ਲੀਡਰਸ਼ਿਪ ਪਿਛਲੇ ਲੰਬੇ ਸਮੇਂ ਤੋਂ ਸੰਘੀ ਢਾਂਚੇ ਦੀ ਲੜਾਈ ਲੜਦੀ ਆ ਰਹੀ ਹੈ । ਇਸ ਸੰਬੰਧ ਵਿੱਚ ਸਮੁਚੀਆਂ ਜਥੇਬੰਦੀਆਂ ਨੂੰ ਇਕਮੁਠ ਹੋਣ ਦੀ ਲੋੜ ਹੈ। ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਹੈ ਕਿ ਅਕਾਲ ਤਖਤ ਦੇ ਜਥੇਦਾਰ ਪੰਥ ਵਿੱਚ ਏਕਤਾ ਲਿਆਕੇ ਅਕਾਲੀ ਦਾ ਪੁਨਰਗਠਨ ਕਰਨ।ਦੂਸਰੇ ਪਾਸੇ ਦਲਜੀਤ ਸਿੰਘ ਚੀਮਾ ਜੋ ਬਾਦਲ ਦਲ ਦੇ ਸਿਧਾਂਤ ਘਾੜੇ ਹਨ, ਦਾ ਕਹਿਣਾ ਹੈ ਕਿ ਦੋਹਰੇ ਸੰਵਿਧਾਨ ਦੇ ਮਾਮਲੇ 'ਤੇ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਦੇ ਖ਼ਿਲਾਫ਼ ਸਾਰੇ ਦੋਸ਼ ਖ਼ਾਰਜ ਹੋਣ ਤੋਂ ਬਾਅਦ ਹੁਣ ਪਾਰਟੀ ਖ਼ਿਲਾਫ਼ ਕੂੜ ਪ੍ਰਚਾਰ ਮੁਹਿੰਮ ਬੰਦ ਕਰ ਦਿੱਤੀ ਜਾਵੇ । ਕੇਸ ਦਾ ਵਿਸਥਾਰਿਤ ਫ਼ੈਸਲਾ ਆਉਣ ਤੋਂ ਬਾਅਦ ਡਾ. ਚੀਮਾ ਨੇ ਕਿਹਾ ਕਿ ਇਹ ਸਪਸ਼ਟ ਹੈ ਕਿ ਪਾਰਟੀ ਵਲੋਂ ਕੋਈ ਦੋਹਰਾ ਸੰਵਿਧਾਨ ਨਹੀਂ ਰੱਖਿਆ ਗਿਆ ।

ਪ੍ਰਸਿੱਧ ਸਿੱਖ ਚਿੰਤਕ ਗੁਰਬਚਨ ਸਿੰਘ ਨੇ ਇਸ ਵਰਤਾਰੇ ਉਪਰ ਟਿਪਣੀ ਕਰਦਿਆਂ ਕਿਹਾ ਕਿ ਕਿੰਨਾ ਕੂੜ ਤੋਲਿਆ ਜਾ ਰਿਹਾ ਹੈ ਕਿ ਇਕ ਪਾਸੇ ਬਾਦਲ ਦਲ ਪੰਥਕ ਚੋਣ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜ ਰਿਹਾ ਹੈ, ਇਥੇ ਇਸਦਾ ਪੰਜਾਬੀ ਨਹੀਂ, ਪੰਥਕ ਏਜੰਡਾ ਹੁੰਦਾ ਹੈ, ਪਰ ਜਦੋਂ ਸਿਆਸਤ ਦੀ ਗਲ ਹੁੰਦੀ ਹੈ ਤਾਂ ਬਾਦਲ ਦਲ ਆਪਣੇ ਏਜੰਡੇ ਵਿਚੋਂ ਪੰਥ ਨੂੰ ਖਾਰਜ ਕਰ ਦਿੰਦਾ ਹੈ।ਅਨੰਦਪੁਰ ਮਤਾ ਤਾਂ ਪਹਿਲਾਂ ਹੀ ਗਾਇਬ ਕੀਤਾ ਜਾ ਚੁਕਾ ਹੈ।ਅਕਾਲੀ ਦਲ ਨਾ ਖੇਤਰੀ ਪਾਰਟੀ ਹੈ ਨਾ ਪੰਥਕ ਪਾਰਟੀ ਰਹੀ ਹੈ।ਇਹ ਕੇਂਦਰੀ ਪੱਖੀ ਨੀਤੀਆਂ ਤਹਿਤ ਵਿਚਰਦੀ ਰਹੀ ਹੈ।ਇਹ ਦੋਗਲਾ ਕਿਰਦਾਰ ਨਿਭਾ ਰਹੀ ਹੈ।ਇਸਦੇ ਲਈ ਮਹੇਸ਼ਇੰਦਰ ਗਰੇਵਾਲ, ਬਲਵਿੰਦਰ ਸਿੰਘ ਭੂੰਦੜ ,ਦਲਜੀਤ ਸਿੰਘ ਚੀਮਾ ਜਿੰਮੇਵਾਰ ਹਨ।ਕਿਉਂਕਿ ਬਾਦਲਕਿਆਂ ਦੇ ਮੁਖ ਕਰਤਾ ਧਰਤਾ ਇਹੀ ਹਨ।ਇਸ ਕਾਰਣ ਅਕਾਲੀ ਦਲ ਢਹਿ ਢੇਰੀ ਹੋਇਆ।ਜਥੇਦਾਰ ਅਕਾਲ ਤਖਤ ਬਾਦਲਕਿਆਂ ਦੇ ਘੜੇ ਇਸ ਅਕਾਲੀ ਦਲ ਜੋ ਪ੍ਰਾਈਵੇਟ ਲਿਮਟਿਡ ਕੰਪਨੀ ਹੈ ਨੂੰ ਬਚਾਉਣ ਦਾ ਯਤਨ ਕਰ ਰਹੇ ਹਨ।

ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਨੇ ਮੌਜੂਦਾ ਅਕਾਲੀ ਰਾਜਨੀਤੀ ਉਪਰ ਟਿੱਪਣੀ ਕਰਦਿਆਂ ਜਥੇਦਾਰ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ (ਬਾਕੀ ਸਫ਼ਾ 31 'ਤੇ)

# ਮਨੀਪੁਰ ਦੇ ਦੰਗੇ ਤੇ ਭਲਵਾਨ ਬੱਚੀਆਂ ਦੇ ਮਾਮਲੇ ਭਾਰਤੀ ਜਮਹੂਰੀਅਤ ਲਈ ਬਣੇ ਚੈਲੰਜ



ਦੋ ਕੁ ਦਿਨ ਪਹਿਲਾਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਰਨਾਟਕ ਦੀ ਇੱਕ ਚੋਣ ਸਭਾ ਵਿੱਚ ਕਿਹਾ ਸੀ ਕਿ ਜੇਕਰ ਕਰਨਾਟਕ ਵਿੱਚ ਕਾਂਗਰਸ ਦੀ ਸਰਕਾਰ ਬਣ ਗਈ ਤਾਂ ਦੰਗੇ ਸ਼ੁਰੂ ਹੋ ਜਾਣਗੇ। ਲੋਕ ਪੁੱਛ ਰਹੇ ਹਨ ਕਿ ਮਨੀਪੁਰ ਵਿੱਚ ਤਾਂ ਭਾਜਪਾ ਦੀ ਸਰਕਾਰ ਹੈ, ਫਿਰ ਉੱਥੇ ਦੰਗੇ ਕਿਉਂ ਹੋ ਰਹੇ ਹਨ। ਭਾਰਤ ਦੀ ਰਾਜਧਾਨੀ ਵਿੱਚ ਔਰਤ ਪਹਿਲਵਾਨ ਆਪਣੇ ਨਾਲ ਹੁੰਦੇ ਜਿਨਸੀ ਸ਼ੋਸ਼ਣ ਵਿਰੁੱਧ ਲਗਾਤਾਰ ਧਰਨਾ ਦੇ ਰਹੀਆਂ ਹਨ। ਪੂਰਾ ਦੇਸ਼ ਉਨ੍ਹਾਂ ਦੇ ਸਮਰਥਨ ਵਿੱਚ ਉਤਰ ਰਿਹਾ ਹੈ। ਖਾਪ ਪੰਚਾਇਤਾਂ ਨੇ ਅਗਲੀ ਲੜਾਈ ਲਈ ਮੀਟਿੰਗ ਬੁਲਾ ਲਈ ਹੈ। ਕਿਸਾਨ ਯੂਨੀਅਨਾਂ ਵੀ ਖਾਪ ਪੰਚਾਇਤਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਆਣ ਖੜ੍ਹੀਆਂ ਹਨ।ਜਿਨਸੀ ਸ਼ੋਸ਼ਣ ਦੇ ਦੋਸ਼ਾਂ ਨੂੰ ਲੈ ਕੇ ਜੰਤਰ ਮੰਤਰ 'ਤੇ ਧਰਨਾ ਲਾਈ ਬੈਠੇ ਪਹਿਲਵਾਨਾਂ ਨੂੰ ਸਲਾਹ ਮਸ਼ਵਰਾ ਦੇਣ ਵਾਲੀ 31 ਮੈਂਬਰੀ ਕਮੇਟੀ ਨੇ ਮੋਦੀ ਸਰਕਾਰ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ 21 ਮਈ ਤੱਕ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਗ੍ਰਿਫ਼ਤਾਰ ਨਾ ਕੀਤਾ ਗਿਆ ਤਾਂ ਉਸ ਨੂੰ ਕੋਈ 'ਵੱਡਾ/ ਅਹਿਮ ਫੈਸਲਾ' ਲੈਣ ਲਈ ਮਜਬੂਰ ਹੋਣਾ ਪਏਗਾ। ਉਧਰ ਔਰਤ ਪਹਿਲਵਾਨ ਵਿਨੇਸ਼ ਫੋਗਾਟ ਨੇ ਸਾਫ਼ ਕਰ ਦਿੱਤਾ ਕਿ ਉਨ੍ਹਾਂ ਦੇ ਧਰਨੇ ਨੂੰ ਕਿਸਾਨ ਜਥੇਬੰਦੀਆਂ ਨਹੀਂ ਬਲਕਿ ਉਹ ਖ਼ੁਦ ਚਲਾ ਰਹੇ ਹਨ। ਫੋਗਾਟ ਨੇ ਕਿਹਾ, "ਸਾਡੀ ਬੱਸ (ਬਾਕੀ ਸਫ਼ਾ 30 'ਤੇ)

# ਕਰਨਾਟਕ ਵਿਧਾਨ ਸਭਾ ਦੀ ਸੰਭਾਵੀ ਹਾਰ ਨੂੰ ਦੇਖਦਿਆਂ ਬਜਰੰਗ ਦਲ ਸਰਗਰਮ

## ਭਾਜਪਾ ਵੱਲੋਂ ਜੈ ਸ੍ਰੀ ਰਾਮ ਬਾਅਦ ਹਨੂੰਮਾਨ ਦੇ ਨਾਮ 'ਤੇ ਸਿਆਸਤ ਸ਼ੁਰੂ

ਕਰਨਾਟਕ ਵਿਧਾਨ ਸਭਾ ਲਈ 10 ਮਈ ਨੂੰ ਵੋਟਾਂ ਪੈਣੀਆਂ ਹਨ। ਰੈਲੀਆਂ ਦੀ ਭੀੜ ਤੇ ਚੋਣ ਸਰਵੇਖਣਾਂ ਤੋਂ ਸਾਫ ਲੱਗ ਰਿਹਾ ਸੀ ਕਿ ਕਾਂਗਰਸ ਅੱਗੇ ਚੱਲ ਰਹੀ ਹੈ, ਪਰ ਕਾਂਗਰਸ ਦੀ ਕਰਨਾਟਕ ਇਕਾਈ ਨੇ ਆਪਣੇ ਚੋਣ ਮੈਨੀਫੈਸਟੋ ਵਿੱਚ ਸੱਤਾ ਵਿੱਚ ਆਉਣ 'ਤੇ ਬਜਰੰਗ ਦਲ ਵਰਗੀਆਂ ਜਥੇਬੰਦੀਆਂ 'ਤੇ ਰੋਕ ਲਾਉਣ ਦਾ ਵਾਅਦਾ ਕੀ ਕਰ ਦਿੱਤਾ ਕਿ ਭਾਜਪਾ ਆਗੂਆਂ ਨੂੰ ਫਿਰਕੂ ਧਰੁਵੀਕਰਨ ਦਾ ਮੌਕਾ ਦੇ ਦਿੱਤਾ। ਮੈਨੀਫੈਸਟੋ ਜਾਰੀ ਹੋਣ ਵਾਲੇ ਦਿਨ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੈਲੀ ਕਰਦਿਆਂ ਕਿਹਾ ਕਿ ਕਾਂਗਰਸ ਨੇ ਹਨੂੰਮਾਨ ਜੀ ਨੂੰ ਤਾਲੇ ਵਿੱਚ ਬੰਦ ਕਰਨ ਦਾ ਸੰਕਲਪ ਲਿਆ ਹੈ, ਜਿਵੇਂ ਪਹਿਲਾਂ ਸ੍ਰੀ ਰਾਮ ਨੂੰ ਤਾਲੇ ਵਿੱਚ ਬੰਦ ਕੀਤਾ ਸੀ। ਕਾਂਗਰਸ ਨੂੰ ਪਹਿਲਾਂ ਪ੍ਰਭੂ ਸ੍ਰੀ ਰਾਮ ਤੋਂ ਤਕਲੀਫ ਹੁੰਦੀ ਸੀ ਤੇ ਹੁਣ ਜੈ ਬਜਰੰਗ ਬਲੀ ਬੋਲਣ ਵਾਲਿਆਂ ਤੋਂ ਵੀ ਤਕਲੀਫ ਹੋਣ ਲੱਗੀ ਹੈ। ਇਸ ਤੋਂ ਬਾਅਦ ਭਾਜਪਾ ਨੇ ਆਪਣਾ ਚੋਣ ਪ੍ਰਚਾਰ ਨਿਊ ਇੰਡੀਆ ਤੇ ਸਭ ਕਾ ਸਾਥ ਸਭ ਕਾ ਵਿਕਾਸ ਦੇ ਨਾਅਰੇ ਛੱਡ ਕੇ ਬਜਰੰਗ ਦਲ ਨੂੰ ਬਜਰੰਗ ਬਲੀ ਨਾਲ ਜੋੜਨ 'ਤੇ ਫੋਕਸ ਕਰ ਦਿੱਤਾ ਹੈ। ਹੁਕਮਰਾਨ ਭਾਜਪਾ ਨੂੰ ਲੱਗ ਰਿਹਾ ਸੀ ਕਿ ਉਹ ਦਲਿਤ-ਮੁਸਲਮਾਨ ਰਿਜ਼ਰਵੇਸ਼ਨ ਵਿੱਚ ਛੇੜਛਾੜ ਕਰਕੇ ਮੁੜ ਸੱਤਾ ਵਿੱਚ ਆ ਜਾਵੇਗੀ, ਪਰ ਉਸ ਨੂੰ ਖਾਸ ਰਿਸਪਾਂਸ ਨਹੀਂ ਸੀ ਮਿਲ ਰਿਹਾ। ਹੁਣ ਉਸ ਦਾ ਸਾਰਾ ਜ਼ੋਰ ਬਜਰੰਗ ਦਲ ਨੂੰ ਬਜਰੰਗ ਬਲੀ ਨਾਲ ਜੋੜ ਕੇ ਵੋਟਰਾਂ ਨੂੰ ਫਿਰਕੂ ਆਧਾਰ 'ਤੇ ਵੰਡਣ ਵਿੱਚ ਲੱਗ ਗਿਆ ਹੈ। ਗੋਦੀ ਮੀਡੀਆ ਵੀ ਉਸ ਦਾ ਪੂਰਾ ਸਾਥ ਦੇ ਰਿਹਾ ਹੈ। ਚੋਣ ਕਮਿਸ਼ਨ ਤੇ ਸੁਪਰੀਮ ਕੋਰਟ ਚੋਣਾਂ ਨੂੰ ਫਿਰਕੂ ਰੰਗਤ ਵਿਚ ਰੰਗੇ ਜਾਣ ਦੇ ਸੰਬੰਧ ਵਿਚ ਚੁਪ ਹਨ। ਕੀ ਚੋਣ ਕਮਿਸ਼ਨ ਨੂੰ ਅਜੇ ਤੱਕ ਨਹੀਂ ਪਤਾ ਲੱਗਾ ਕਿ ਪ੍ਰਧਾਨ ਮੰਤਰੀ ਨੇ ਵੋਟਰਾਂ ਨੂੰ ਸੱਦਾ ਦਿੱਤਾ ਹੈ ਕਿ ਵੋਟ ਪਾਉਣ ਵੇਲੇ ਜੈ ਬਜਰੰਗ ਬਲੀ ਦਾ ਨਾਅਰਾ ਲਾ ਕੇ ਗਾਲ੍ਹ ਕੱਢਣ ਵਾਲੀ ਕਾਂਗਰਸ ਨੂੰ ਸਜ਼ਾ ਦਿਓ। ਚੋਣ ਕਮਿਸ਼ਨ ਨੇ ਪ੍ਰਧਾਨ ਮੰਤਰੀ ਨੂੰ ਨੋਟਿਸ ਤਾਂ ਕੀ ਕੱਢਣਾ ਸੀ, ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਦੇ ਪੁੱਤਰ ਪ੍ਰਿਅੰਕ ਖੜਗੇ ਨੂੰ ਕੱਢ ਦਿੱਤਾ ਕਿ ਉਸ ਨੇ ਪ੍ਰਧਾਨ ਮੰਤਰੀ ਨੂੰ ਨਾਲਾਇਕ ਬੇਟਾ ਕਿਉ ਕਿਹਾ। ਚਾਰ ਜਨਵਰੀ 2017 ਨੂੰ ਸੁਪਰੀਮ (ਬਾਕੀ ਸਫ਼ਾ 30 'ਤੇ)

ਅਜੀਬੋ ਗ਼ਰੀਬ ਦੁਨੀਆਂ

# 66 ਸਾਲ ਪਹਿਲਾਂ ਜਾਪਾਨ ਦੇ ਹਵਾਈ ਅੱਡੇ 'ਤੇ ਆਇਆ ਇੱਕ ਰਹੱਸਮਈ ਵਿਅਕਤੀ

## ਪੁਲਿਸ ਪਹਿਰੇ ਵਾਲੇ ਬੰਦ ਕਮਰੇ 'ਚੋਂ ਅਚਾਨਕ ਹੋ ਗਿਆ ਸੀ ਗ਼ਾਇਬ

ਟੋਕੀਓ : ਭਾਵੇਂ ਦੁਨੀਆਂ ਵਿੱਚ ਰਹੱਸਮਈ ਖ਼ਬਰਾਂ ਦੀ ਕੋਈ ਕਮੀ ਨਹੀਂ ਹੈ, ਪਰ ਪੂਰੀ ਦੁਨੀਆਂ ਰਹੱਸਾਂ ਨਾਲ ਭਰੀ ਹੋਈ ਹੈ। ਪਰ ਕੁਝ ਅਜਿਹੇ ਰਾਜ਼ ਹਨ ਜਿਨ੍ਹਾਂ ਨੂੰ ਸਮਝਣਾ ਅਸੰਭਵ ਹੈ। ਅੱਜ ਅਸੀਂ ਤੁਹਾਨੂੰ ਅਜਿਹੀ ਹੀ ਇਕ ਹੈਰਾਨੀਜਨਕ ਕਹਾਣੀ ਬਾਰੇ ਦੱਸਣ ਜਾ ਰਹੇ ਹਾਂ। ਜਿਸ ਨੂੰ ਜਾਣ ਕੇ ਤੁਸੀਂ ਹੈਰਾਨ ਰਹਿ ਜਾਓਗੇ। ਦਰਅਸਲ, 66 ਸਾਲ ਪਹਿਲਾਂ ਜਾਪਾਨ ਦੇ ਇਕ ਏਅਰਪੋਰਟ 'ਤੇ ਕੁਝ ਅਜਿਹੀ ਰਹੱਸਮਈ ਘਟਨਾ ਵਾਪਰੀ ਸੀ, ਜੋ ਅਜੇ ਵੀ ਅਣਸੁਲਝੀ ਪਹੇਲੀ ਵਾਂਗ ਹੈ। ਇੱਕ ਰਹੱਸਮਈ ਆਦਮੀ ਜਾਪਾਨ ਦੇ ਇੱਕ ਹਵਾਈ ਅੱਡੇ 'ਤੇ ਪਹੁੰਚਿਆ ਸੀ, ਇੱਕ ਅਜਿਹੇ ਦੇਸ਼ ਦਾ ਨਾਗਰਿਕ ਹੋਣ ਦਾ ਦਾਅਵਾ ਕਰਦਾ ਹੈ ਜੋ ਅਸਲ ਵਿੱਚ ਧਰਤੀ 'ਤੇ ਕਿਤੇ ਨਹੀਂ ਹੈ। ਇੰਨਾ ਹੀ ਨਹੀਂ ਉਹ ਇਕ ਬੰਦ ਕਮਰੇ 'ਚੋਂ ਅਚਾਨਕ ਗਾਇਬ ਹੋ ਗਿਆ, ਜਿਸ ਤੋਂ ਬਾਅਦ ਉਹ ਫਿਰ ਕਦੇ ਨਜ਼ਰ ਨਹੀਂ ਆਇਆ।




ਇਹ ਘਟਨਾ ਜੁਲਾਈ 1954 ਦੀ ਹੈ। ਦੁਪਹਿਰ ਦੇ 12.30 ਵੱਜ ਚੁੱਕੇ ਸਨ। ਇੱਕ ਯੂਰਪੀਅਨ ਜਹਾਜ਼ ਟੋਕੀਓ ਦੇ ਹਨੇਡਾ ਹਵਾਈ ਅੱਡੇ 'ਤੇ ਉਤਰਿਆ। ਜਹਾਜ਼ 'ਚ ਸਵਾਰ ਸਾਰੇ ਯਾਤਰੀ ਹੇਠਾਂ ਉਤਰ ਕੇ ਚੈੱਕ ਆਊਟ ਕਾਊਂਟਰ ਵੱਲ ਚਲੇ ਗਏ। ਉਥੇ ਬੈਠੇ ਅਧਿਕਾਰੀ ਸਾਰੇ ਯਾਤਰੀਆਂ ਦੇ ਪਾਸਪੋਰਟ ਚੈੱਕ ਕਰ ਰਹੇ ਸਨ। ਫਿਰ ਉਸ ਨੂੰ ਇਕ ਯਾਤਰੀ ਮਿਲਿਆ ਜਿਸ ਦਾ ਪਾਸਪੋਰਟ ਦੇਖ ਕੇ ਉਹ ਹੈਰਾਨ ਰਹਿ ਗਿਆ।

ਯਾਤਰੀ ਦੇ ਪਾਸਪੋਰਟ 'ਤੇ 'ਟੋਰਡ' ਨਾਂਅ ਦੇ ਦੇਸ਼ ਦਾ ਨਾਂਅ ਲਿਖਿਆ ਹੋਇਆ ਸੀ। ਜਾਂਚ ਅਧਿਕਾਰੀਆਂ ਨੇ ਇਸ ਤੋਂ ਪਹਿਲਾਂ ਕਦੇ ਵੀ ਅਜਿਹੇ ਕਿਸੇ ਦੇਸ਼ ਦਾ ਨਾਂਅ ਨਹੀਂ ਸੁਣਿਆ ਸੀ। ਉਨ੍ਹਾਂ ਨੇ ਯਾਤਰੀ ਨੂੰ ਸ਼ੱਕੀ ਪਾਇਆ, ਇਸ ਲਈ ਉਨ੍ਹਾਂ ਨੇ ਸੁਰੱਖਿਆ ਅਧਿਕਾਰੀਆਂ ਨੂੰ ਇਸ ਦੀ ਸੂਚਨਾ ਦਿੱਤੀ, ਜੋ ਫਿਰ ਯਾਤਰੀ ਨੂੰ ਪੁੱਛਗਿੱਛ ਲਈ ਵੱਖਰੇ ਕਮਰੇ ਵਿੱਚ ਲੈ ਗਏ। ਅਧਿਕਾਰੀਆਂ ਨੇ ਪਹਿਲਾਂ ਉਸ ਤੋਂ ਜਾਪਾਨ ਆਉਣ ਦਾ ਕਾਰਨ ਪੁੱਛਿਆ। ਇਸ 'ਤੇ ਉਸ ਨੇ ਦੱਸਿਆ ਕਿ ਉਹ ਇਕ ਵਪਾਰੀ ਹੈ ਅਤੇ ਇੱਥੇ ਕਾਰੋਬਾਰ ਦੇ ਸਿਲਸਿਲੇ 'ਚ ਹੀ ਆਇਆ ਹੈ।

ਸੁਰੱਖਿਆ ਅਧਿਕਾਰੀਆਂ ਨੇ ਰਹੱਸਮਈ ਯਾਤਰੀ ਦੇ ਪਾਸਪੋਰਟ ਦੀ ਜਾਂਚ ਕੀਤੀ, ਜਿਸ 'ਤੇ ਉਸ ਦੇ ਦੇਸ਼ ਦਾ ਨਾਂ 'ਟੋਰਡ' ਲਿਖਿਆ ਹੋਇਆ ਸੀ। ਉਹ ਵੀ ਬਹੁਤ ਹੈਰਾਨ ਸਨ ਕਿ ਕੀ ਸੱਚਮੁੱਚ ਅਜਿਹਾ ਦੇਸ਼ ਹੈ। ਅਧਿਕਾਰੀਆਂ ਦੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਇਸ ਪਾਸਪੋਰਟ 'ਤੇ ਉਸ ਦਾ ਇਹ ਪਹਿਲਾ ਦੌਰਾ ਨਹੀਂ ਹੈ, ਸਗੋਂ ਉਹ ਯੂਰਪ ਦੇ ਕਈ ਦੇਸ਼ਾਂ ਦਾ ਦੌਰਾ ਵੀ ਕਰ ਚੁੱਕਾ ਹੈ। ਅਧਿਕਾਰੀ ਵੀ ਉਸ ਦੀਆਂ ਗੱਲਾਂ ਸੁਣ ਕੇ ਬਹੁਤ ਹੈਰਾਨ ਹੋਏ ਕਿਉਂਕਿ ਉਸ ਦੇ ਪਾਸਪੋਰਟ 'ਤੇ ਦੂਜੇ ਦੇਸ਼ਾਂ ਦੀਆਂ ਮੋਹਰਾਂ ਬਿਲਕੁਲ ਅਸਲੀ ਸਨ। ਫਿਰ ਵੀ ਉਹ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ ਸੀ ਕਿ ਇਹ ਯਾਤਰੀ ਜਿਸ ਦੇਸ਼ ਤੋਂ ਆਇਆ ਸੀ, ਉਹ ਅਸਲ ਵਿੱਚ ਧਰਤੀ 'ਤੇ ਹੀ ਕਿਤੇ ਸੀ।ਸੁਰੱਖਿਆ ਅਧਿਕਾਰੀਆਂ ਨੇ ਯਾਤਰੀ ਨੂੰ ਦੁਨੀਆਂ ਦਾ ਨਕਸ਼ਾ ਦਿਖਾਇਆ ਅਤੇ ਪੁੱਛਿਆ ਕਿ ਉਸ ਦਾ ਦੇਸ਼ ਕਿੱਥੇ ਹੈ ਇਹ ਜਾਣਨ ਲਈ ਕਿ ਧਰਤੀ 'ਤੇ 'ਟੋਰੇਡ' ਕਿੱਥੇ ਹੈ। ਇਸ 'ਤੇ ਯਾਤਰੀ ਨੇ 'ਐਂਡੋਰਾ' ਨਾਂ ਦੇ ਦੇਸ਼ 'ਤੇ ਉਂਗਲ ਉਠਾਉਂਦੇ ਹੋਏ ਕਿਹਾ ਕਿ ਇਹ ਉਸ ਦਾ ਦੇਸ਼ ਹੈ, ਪਰ ਉਸ ਨੂੰ ਇਹ ਸਮਝ ਨਹੀਂ ਆ ਰਿਹਾ ਸੀ ਕਿ ਇੱਥੇ 'ਟੋਰਡ' ਦੀ ਬਜਾਏ ਐਂਡੋਰਾ ਕਿਉਂ ਲਿਖਿਆ ਗਿਆ ਹੈ। ਅਧਿਕਾਰੀ ਇਹ ਸੁਣ ਕੇ ਹੋਰ ਵੀ ਹੈਰਾਨ ਹੋਏ ਕਿ ਇਹ ਵਿਅਕਤੀ ਆਪਣੇ ਆਪ ਨੂੰ 'ਕਾਲਪਨਿਕ' ਦੇਸ਼ ਦਾ ਕਿਉਂ ਦੱਸ ਰਿਹਾ ਹੈ, ਪਰ ਇਸ ਦੇ ਪਾਸਪੋਰਟ, ਵੀਜ਼ਾ ਅਤੇ ਹੋਰ ਦਸਤਾਵੇਜ਼ਾਂ ਨੂੰ ਦੇਖ ਕੇ ਲੱਗਦਾ ਸੀ ਕਿ ਉਹ ਸੱਚ ਕਹਿ ਰਿਹਾ ਹੈ।

(ਬਾਕੀ ਸਫ਼ਾ 31 'ਤੇ)

# ਧਰਤੀ ਤੋਂ 3000 ਫੁੱਟ ਹੇਠਾਂ ਵਸੀ ਹੈ ਅਨੋਖੀ ਦੁਨੀਆਂ



ਸੰਸਾਰ ਵਿੱਚ ਹਰ ਕੋਈ ਅੱਗੇ ਵਧ ਰਿਹਾ ਹੈ ਅਤੇ ਤਰੱਕੀ ਕਰ ਰਿਹਾ ਹੈ ਪਰ ਕੁਝ ਚੀਜ਼ਾਂ ਅਜਿਹੀਆਂ ਵੀ ਹਨ ਜੋ ਚੰਦਰਮਾ ਦੀਆਂ ਉਚਾਈਆਂ 'ਤੇ ਨਹੀਂ ਸਗੋਂ ਧਰਤੀ ਦੀਆਂ ਗਹਿਰਾਈਆਂ 'ਚ ਪਾਈਆਂ ਜਾਂਦੀਆਂ ਹਨ।

300 ਵਰਗ ਫੁੱਟ ਹੇਠਾਂ ਰਹੱਸਮਈ ਪਿੰਡ ਅਮਰੀਕਾ ਵਿੱਚ ਸਥਿਤ ਹੈ। ਇਸ ਪਿੰਡ ਦਾ ਨਾਂ ਸੁਪਈ ਹੈ। ਇਹ ਪਿੰਡ ਭਾਰਤ ਵਿੱਚ ਨਹੀਂ ਅਮਰੀਕਾ ਵਿੱਚ ਹੈ। ਸੁਪਾਈ ਨਾਮ ਦਾ ਪਿੰਡ ਅਮਰੀਕਾ ਦੇ ਗ੍ਰੈਂਡ ਕੈਨਿਯਨ ਦੇ ਹੁਵਾਸੂ ਵਿੱਚ ਸਥਿਤ ਹੈ।ਪਿੰਡ ਦੀ ਖਾਸ ਗੱਲ ਇਹ ਹੈ ਕਿ ਇਹ ਜ਼ਮੀਨ ਤੋਂ 3000 ਫੁੱਟ ਹੇਠਾਂ ਸਥਿਤ ਹੈ। ਭਾਵ ਹੇਡਸ ਵਿੱਚ ਸਥਿਤ ਇੱਕ ਪਿੰਡ ਹੈ। ਇਸ ਦੇ ਨਾਲ ਹੀ ਇੱਥੇ ਰਹਿਣ ਵਾਲੇ ਲੋਕਾਂ ਦਾ ਜੀਵਨ ਸ਼ੈਲੀ ਵੀ ਬਿਲਕੁਲ ਵੱਖਰੀ ਹੈ।

ਇਹ ਪਿੰਡ ਸੈਰ-ਸਪਾਟੇ ਲਈ ਬਹੁਤ ਖਾਸ ਹੈ। ਹਰ ਸਾਲ ਲੱਖਾਂ ਲੋਕ ਇੱਥੇ ਪਿੰਡ ਦੇਖਣ ਆਉਂਦੇ ਹਨ। ਇਹ ਪਿੰਡ ਜ਼ਮੀਨ ਦੀ ਡੂੰਘਾਈ ਵਿੱਚ ਵਸਿਆ ਹੋਇਆ ਹੈ। ਇਸੇ ਲਈ ਦੇਸ਼ ਵਿਦੇਸ਼ ਤੋਂ ਵੀ ਲੋਕ ਇੱਥੇ ਘੁੰਮਣ ਲਈ ਆਉਂਦੇ ਹਨ।ਇੱਥੇ ਘੁੰਮਣ ਲਈ ਆਉਣ ਵਾਲੇ ਸੈਲਾਨੀ ਇੱਥੋਂ ਦੇ ਵਸਨੀਕਾਂ ਦਾ ਰਹਿਣ-ਸਹਿਣ ਦੇਖ ਕੇ ਹੈਰਾਨ ਰਹਿ ਜਾਂਦੇ ਹਨ। ਇੱਥੋਂ ਦੇ ਲੋਕ ਬਿਲਕੁਲ ਵੱਖਰੇ ਅੰਦਾਜ਼ ਵਿੱਚ ਰਹਿੰਦੇ ਹਨ। ਇੱਥੇ ਰਹਿਣ ਵਾਲੇ ਲੋਕਾਂ ਦੀ ਗਿਣਤੀ ਬਹੁਤ ਘੱਟ ਹੈ, ਜਿਸਦਾ ਮਤਲਬ ਹੈ ਕਿ ਇੱਥੇ ਬਹੁਤ ਘੱਟ ਆਬਾਦੀ ਹੈ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਘੱਟ ਆਬਾਦੀ ਹੋਣ ਦੇ ਬਾਵਜੂਦ ਇੱਥੇ ਤੁਹਾਨੂੰ ਸਾਰੀਆਂ ਸਹੂਲਤਾਂ ਦੇਖਣ ਨੂੰ ਮਿਲ ਜਾਣਗੀਆਂ।

ਜ਼ਮੀਨ ਤੋਂ 3000 ਫੁੱਟ ਹੇਠਾਂ ਵਸੇ ਇਸ ਛੋਟੇ ਜਿਹੇ ਪਿੰਡ ਵਿੱਚ ਬੱਚਿਆਂ ਲਈ ਸਕੂਲ ਹੈ। ਰਾਸ਼ਨ ਦੀਆਂ ਦੁਕਾਨਾਂ ਅਤੇ ਕੈਫੇ ਆਦਿ ਵੀ ਮਨੋਰੰਜਨ ਲਈ ਖੁੱਲ੍ਹੇ ਹਨ। ਇੱਕ ਛੋਟੇ ਜਿਹੇ ਪਿੰਡ ਵਿੱਚ ਇਹ ਸਾਰੀਆਂ ਆਧੁਨਿਕ ਸਹੂਲਤਾਂ ਦੇਖ ਕੇ ਲੋਕ ਹੈਰਾਨ ਹਨ। ਉਹ ਸੋਚਦੇ ਹਨ ਕਿ ਇਹ ਸਾਰੀਆਂ ਸਹੂਲਤਾਂ ਜ਼ਮੀਨ ਦੇ ਹੇਠਾਂ ਵੀ ਕਿਵੇਂ ਪਹੁੰਚ ਸਕਦੀਆਂ ਹਨ ?ਪਰ ਤੁਹਾਨੂੰ ਦੱਸ ਦੇਈਏ ਕਿ ਤੁਹਾਨੂੰ ਇੱਥੇ ਜਾਣ ਲਈ ਸੜਕ ਨਹੀਂ ਮਿਲੇਗੀ। ਇਸੇ ਕਰਕੇ ਇਸ ਵਿਲੱਖਣ ਪਿੰਡ ਵਿੱਚ ਬਹੁਤ ਘੱਟ ਵਸੀਲੇ ਜਾਂਦੇ ਹਨ। ਇੱਥੇ ਆਉਣ ਵਾਲੇ ਲੋਕ ਹੈਲੀਕਾਪਟਰ ਰਾਹੀਂ ਪਿੰਡ ਪਹੁੰਚਦੇ ਹਨ। ਇਸ ਤੋਂ ਬਾਅਦ ਉਹ ਪਿੰਡ ਵਿੱਚ ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਖੱਚਰ ਦੀ ਵਰਤੋਂ ਕਰਦੇ ਹਨ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਅੰਤਰਰਾਸ਼ਟਰੀ ਝਰੋਖਾ

## ਮਸ਼ਹੂਰ ਚਾਕਲੇਟ ਬ੍ਰਾਂਡ 'ਚ ਪਾਇਆ ਗਿਆ ਖ਼ਤਰਨਾਕ ਲਿਸਟੀਰੀਆ ਬੈਕਟੀਰੀਆ

### ਗਰਭਵਤੀ ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਲਈ ਜ਼ਿਆਦਾ ਖ਼ਤਰਨਾਕ

### ਯੂਰਪੀਅਨ ਫ਼ੂਡ ਸੇਫ਼ਟੀ ਅਥਾਰਿਟੀ ਨੇ ਕੀਤਾ ਖ਼ੁਲਾਸਾ




ਲੰਡਨ/ਏ.ਟੀ.ਨਿਊਜ਼: ਹਾਲ ਹੀ ਵਿੱਚ ਯੂਰਪੀਅਨ ਫੂਡ ਸੇਫ਼ਟੀ ਅਥਾਰਿਟੀ ਨੇ ਮਸ਼ਹੂਰ ਚਾਕਲੇਟ ਬ੍ਰਾਂਡ ਦੇ ਕੁਝ ਉਤਪਾਦਾਂ ਵਿੱਚ ਖ਼ਤਰਨਾਕ ਬੈਕਟੀਰੀਆ ਦੀ ਮੌਜੂਦਗੀ ਦਾ ਖ਼ੁਲਾਸਾ ਕੀਤਾ ਹੈ। ਹੈਰਾਨ ਕਰਨ ਵਾਲੇ ਖ਼ੁਲਾਸੇ ਸਾਹਮਣੇ ਆਉਣ ਤੋਂ ਬਾਅਦ ਯੂ.ਕੇ. ਦੇ ਸਟੋਰਾਂ ਤੋਂ ਹਜ਼ਾਰਾਂ ਕੈਡਬਰੀ ਚਾਕਲੇਟ ਉਤਪਾਦ ਵਾਪਸ ਮੰਗਵਾਏ ਗਏ ਹਨ। ਈਐਫਐਸਏ ਦੇ ਅਨੁਸਾਰ ਮਸ਼ਹੂਰ ਚਾਕਲੇਟ ਬ੍ਰਾਂਡ ਦੇ ਕੁਝ ਉਤਪਾਦਾਂ ਵਿੱਚ ਭੋਜਨ ਤੋਂ ਪੈਦਾ ਹੋਣ ਵਾਲੇ ਲਿਸਟੀਰੀਆ ਬੈਕਟੀਰੀਆ ਪਾਏ ਗਏ ਹਨ, ਜੋ ਸਿਹਤ ਲਈ ਬਹੁਤ ਨੁਕਸਾਨਦੇਹ ਹਨ। ਲਿਸਟੀਰੀਆ ਇੱਕ ਬੈਕਟੀਰੀਆ ਹੈ ਜੋ ਮਨੁੱਖਾਂ ਸਮੇਤ ਕਈ ਥਣਧਾਰੀ ਜੀਵਾਂ ਵਿੱਚ ਪਾਇਆ ਜਾਂਦਾ ਹੈ। ਇਸ ਵਾਇਰਸ ਕਾਰਨ ਹੋਣ ਵਾਲੀ ਇਨਫੈਕਸ਼ਨ ਨੂੰ ਲਿਸਟਰਿਓਸਿਸ ਕਿਹਾ ਜਾਂਦਾ ਹੈ। ਅਮਰੀਕਨ ਏਜੰਸੀ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਮੁਤਾਬਕ ਇਸ ਦਾ ਇਨਫੈਕਸ਼ਨ ਸਿੱਧਾ ਹੱਡੀਆਂ, ਜੋੜਾਂ, ਛਾਤੀ ਅਤੇ ਪੇਟ 'ਤੇ ਦੇਖਿਆ ਜਾਂਦਾ ਹੈ। ਇਹ ਬੈਕਟੀਰੀਆ ਆਮ ਤੌਰ 'ਤੇ ਮਿੱਟੀ, ਪਾਣੀ ਅਤੇ ਜਾਨਵਰਾਂ ਦੀਆਂ ਅੰਤੜੀਆਂ ਵਿੱਚ ਪਾਇਆ ਜਾਂਦਾ ਹੈ। ਇਹ ਬੈਕਟੀਰੀਆ ਸੰਕਰਮਿਤ ਜਾਨਵਰਾਂ ਦੇ ਮਾਸ ਦੀ ਵਰਤੋਂ ਕਰਕੇ ਮਨੁੱਖਾਂ ਤੱਕ ਪਹੁੰਚ ਸਕਦਾ ਹੈ। ਲਿਸਟਰੀਓਸਿਸ ਦੇ ਲੱਛਣਾਂ ਦੀ ਗੱਲ ਕਰੀਏ ਤਾਂ ਇਸ ਦੇ ਲੱਛਣ ਹਰ ਵਿਅਕਤੀ ਵਿੱਚ ਵੱਖ-ਵੱਖ ਹੁੰਦੇ ਹਨ। ਪਰ ਕੁਝ ਆਮ ਲੱਛਣ ਹਨ, ਜਿਨ੍ਹਾਂ ਰਾਹੀਂ ਤੁਸੀਂ ਲਿਸਟਰੀਓਸਿਸ ਦੀ ਪਛਾਣ ਕਰ ਸਕਦੇ ਹੋ- ਉਲਟੀ, ਬੁਖ਼ਾਰ, ਦਸਤ, ਬਹੁਤ ਜ਼ਿਆਦਾ ਥਕਾਵਟ, (ਬਾਕੀ ਸਫ਼ਾ 31 'ਤੇ)

## ਭਾਰਤੀ-ਅਮਰੀਕੀ ਸਿੱਖ ਵਿਦਿਆਰਥੀ ਨੇ ਮਾਣਹਾਨੀ ਦਾ ਕੇਸ ਜਿੱਤਿਆ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਯੂਨੀਵਰਸਿਟੀ ਆਫ ਮਿਸ਼ੀਗਨ ਦੇ ਇੱਕ ਸਿੱਖ ਵਿਦਿਆਰਥੀ ਵੱਲੋਂ ਟੈਲਸਾ ਦੇ ਸੀ ਈ ੳ ਐਲਨ ਮਸਕ ਵਿਰੁੱਧ ਦਾਇਰ ਮਾਣਹਾਨੀ ਦਾ ਕੇਸ ਜਿੱਤ ਲੈਣ ਦੀ ਖਬਰ ਹੈ। ਉੱਤਰੀ ਕੈਲੀਫੋਰਨੀਆ ਵਾਸੀ ਰਣਦੀਪ ਸਿੰਘ ਹੋਤੀ ਯੂਨੀਵਰਸਿਟੀ ਵਿੱਚ ਏਸ਼ੀਅਨ ਭਾਸ਼ਾਵਾਂ ਤੇ ਸੱਭਿਆਚਾਰ ਵਿੱਚ ਡਾਕਟਰੇਟ ਕਰ ਰਿਹਾ ਹੈ। ਉਸ ਨੇ ਮਸਕ ਵਿਰੁੱਧ 2020 ਵਿੱਚ ਮਾਣਹਾਨੀ ਕੇਸ ਦਾਇਰ ਕੀਤਾ ਸੀ ਜਿਸ ਵਿੱਚ ਉਸ ਨੇ ਦੋਸ਼ ਲਾਇਆ ਸੀ ਕਿ ਅਰਬਪਤੀ ਮਸਕ ਨੇ ਉਸ ਉਪਰ ਤੰਗ-ਪ੍ਰੇਸ਼ਾਨ ਕਰਨ ਤੇ ਟੈਲਸਾ ਮੁਲਾਜ਼ਮਾਂ ਦੀ ਸੰਭਾਵੀ ਹੱਤਿਆ ਕਰਨ ਦੇ ਝੂਠੇ ਦੋਸ਼ ਲਾਏ ਹਨ। ਲੰਬੀ ਤੇ ਗੁੰਝਲਦਾਰ ਕਾਨੂੰਨੀ ਲੜਾਈ ਤੋਂ ਬਾਅਦ ਆਖਰਕਾਰ ਮਸਕ ਮਾਮਲਾ ਨਿਪਟਾਉਣਲਈ ਸਹਿਮਤ ਹੋ ਗਿਆ। ਉਸ ਨੇ ਮਾਮਲਾ ਨਿਪਟਾਉਣ ਲਈ 10000 ਡਾਲਰ ਦੇਣ ਦੀ ਪੇਸ਼ਕਸ਼ ਕੀਤੀ ਜੋ ਰਣਦੀਪ ਹੋਤੀ ਨੇ ਪ੍ਰਵਾਨ ਕਰਲਈ। ਰਣਦੀਪ ਹੋਤੀ ਇਕ ਬਿਆਨ ਵਿਚ ਕਿਹਾ ਹੈ ਕਿ ਇਹ ਮਾਮਲਾ ਪ੍ਰਸਿੱਧੀ ਖੱਟਣ ਜਾਂ ਪੈਸੇ ਲਈ ਨਹੀਂ ਸੀ ਕੀਤਾ ਗਿਆ ਬਲਕਿ ਆਪਣੇ ਆਪ ਨੂੰ ਸਹੀ ਸਾਬਤ ਕਰਨ ਦੀ ਲੜਾਈ ਸੀ।

## ਅਫਰੀਕੀ ਦੇਸ਼ ਕਾਂਗੋ 'ਚ ਹੜ੍ਹ ਨਾਲ ਜ਼ਮੀਨ ਖਿਸਕਣ ਨਾਲ 176 ਮੌਤਾਂ

ਕਾਂਗੋ/ਏ.ਟੀ.ਨਿਊਜ਼:ਪਾਣੀ ਦੇ ਬਹੁਤ ਤੇਜ਼ ਵਹਾਅ ਕਾਰਨ ਕਾਂਗੋ ਵਿੱਚ ਭਾਰੀ ਤਬਾਹੀ ਹੋਈ ਹੈ।

ਅਫਰੀਕੀ ਦੇਸ਼ ਕਾਂਗੋ 'ਚ ਭਾਰੀ ਬਾਰਿਸ਼ ਕਾਰਨ ਜ਼ਮੀਨ ਖਿਸਕਣ ਅਤੇ ਹੜ੍ਹ ਆ ਗਏ। ਹੁਣ ਤੱਕ 170 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਇੱਕ ਰਿਪੋਰਟ ਦੇ ਅਨੁਸਾਰ, ਦੱਖਣੀ ਕਿਵੂ ਸੂਬੇ ਦੇ ਕਾਲੇਹੇ ਖੇਤਰ ਵਿੱਚ 4 ਮਈ ਨੂੰ ਇੱਕ ਨਦੀ ਦੇ ਪਾਣੀ ਦਾ ਪੱਧਰ ਵਧਣ ਕਾਰਨ ਹੜ੍ਹ ਆ ਗਿਆ ਸੀ। ਇਸ ਕਾਰਨ ਬੁਸ਼ੂਸ਼ੂ ਅਤੇ ਨਿਆਮੁਕੁਬੀ ਪਿੰਡਾਂ ਵਿੱਚ ਪਾਣੀ ਭਰ ਗਿਆ। ਨਿਆਮੁਕੁਬੀ ਪਿੰਡ ਦੇ ਰਹਿਣ ਵਾਲੇ ਮੁਪੇਂਡਾ ਨੇ ਕਿਹਾ ਕਿ ਹੜ੍ਹ ਨੇ ਪੂਰੇ ਪਿੰਡ ਵਿੱਚ ਤਬਾਹੀ ਮਚਾਈ। ਮੇਰੀ ਮਾਂ, ਮੇਰੇ 11 ਬੱਚੇ ਵੀ ਵਹਿ ਗਏ। ਉਹ ਬਚਿਆ ਨਹੀਂ। ਇਕ ਹੋਰ ਵਿਅਕਤੀ ਨੇ ਕਿਹਾ ਕਿ ਹੜ੍ਹ ਅਤੇ ਜ਼ਮੀਨ ਖਿਸਕਣ ਕਾਰਨ ਸਾਡਾ ਜੀਵਨ ਵਿਅਸਤ ਹੋ ਗਿਆ ਹੈ। ਅਸੀਂ ਸਾਰੇ ਮਲਬੇ ਵਿੱਚ ਆਪਣੇ ਅਜ਼ੀਜ਼ਾਂ ਨੂੰ ਲੱਭ ਰਹੇ ਹਾਂ।

## ਸੀਰੀਆ ਦੀ 12 ਸਾਲ ਬਾਅਦ ਅਰਬ ਲੀਗ 'ਚ ਵਾਪਸੀ



ਕਾਹਿਰਾ/ਏ.ਟੀ. ਨਿਊਜ਼ : ਸੀਰੀਆ 12 ਸਾਲਾਂ ਬਾਅਦ ਅਰਬ ਲੀਗ ਵਿੱਚ ਵਾਪਸ ਆਇਆ ਹੈ। ਮਿਸਰ ਦੀ ਰਾਜਧਾਨੀ ਕਾਹਿਰਾ 'ਚ 13 ਮੈਂਬਰ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨੇ ਸੀਰੀਆ ਦੀ ਅਰਬ ਲੀਗ 'ਚ ਵਾਪਸੀ ਦੇ ਪੱਖ 'ਚ ਵੋਟਿੰਗ ਕੀਤੀ। ਬਾਕੀ 8 ਦੇਸ਼ਾਂ ਨੇ ਹਿੱਸਾ ਨਹੀਂ ਲਿਆ।ਵੋਟਿੰਗ ਤੋਂ ਪਹਿਲਾਂ ਸਾਊਦੀ ਅਰਬ ਦੀ ਅਗਵਾਈ 'ਚ ਇੱਕ ਵਿਸ਼ੇਸ਼ ਕਮੇਟੀ ਦਾ ਗਠਨ ਕੀਤਾ ਗਿਆ ਸੀ। ਇਹ ਇਸ ਮਾਮਲੇ ਨਾਲ ਜੁੜੇ ਸਾਰੇ ਪਹਿਲੂਆਂ 'ਤੇ ਸੀਰੀਆ ਨਾਲ ਗੱਲਬਾਤ ਕਰੇਗਾ। ਇਸ ਵਿੱਚ ਲੇਬਨਾਨ, ਜਾਰਡਨ ਅਤੇ ਇਰਾਕ ਵੀ ਸ਼ਾਮਲ ਹਨ। ਹਾਲਾਂਕਿ ਨਿਊਜ਼ ਏਜੰਸੀ ਏਐਫਪੀ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੁਝ ਮੈਂਬਰ ਦੇਸ਼ ਸੀਰੀਆ ਨੂੰ ਅਰਬ ਲੀਗ ਵਿੱਚ ਮੁੜ ਸ਼ਾਮਲ ਕਰਨ ਦਾ ਵੀ ਵਿਰੋਧ ਕਰ ਰਹੇ ਹਨ। ਇਨ੍ਹਾਂ ਵਿੱਚੋਂ ਕਤਰ ਸਭ ਤੋਂ ਮਹੱਤਵਪੂਰਨ ਹੈ।ਅਰਬ ਲੀਗ ਦੀ ਬੈਠਕ 19 ਮਈ ਨੂੰ ਸਾਊਦੀ ਅਰਬ ਦੇ ਰਿਆਦ 'ਚ ਹੋਵੇਗੀ। ਸੀਰੀਆ ਦੇ ਰਾਸ਼ਟਰਪਤੀ ਬਸ਼ਰ ਅਲ ਅਸਦ ਵੀ ਇਸ 'ਚ ਹਿੱਸਾ ਲੈ ਸਕਦੇ ਹਨ।

**ਕੀ ਹੈ ਅਰਬ ਲੀਗ**

ਅਰਬ ਲੀਗ ਅਸਲ ਵਿੱਚ ਅਰਬ ਅਤੇ ਅਫਰੀਕੀ ਦੇਸ਼ਾਂ ਦੀ ਇੱਕ ਸੰਸਥਾ ਹੈ। ਇਸਦਾ ਪੂਰਾ ਨਾਮ ਅਲ-ਜਾਮੀਆ ਅਦ ਦੁਵਾਲ ਅਲ ਅਰਬੀਆ ਹੈ। ਇਹ 22 ਮਾਰਚ 1945 ਨੂੰ (ਬਾਕੀ ਸਫ਼ਾ 31 'ਤੇ)

## ਹੁਣ ਕੂੜੇ ਤੋਂ ਬਣਾਈਆਂ ਜਾਣਗੀਆਂ ਮਜ਼ਬੂਤ ਸੜਕਾਂ



ਨਵੀਂ ਦਿੱਲੀ/ਏ.ਟੀ.ਨਿਊਜ਼: ਦੇਸ਼ ਵਿੱਚ ਹਰ ਸਾਲ ਲੱਖਾਂ ਟਨ ਪਲਾਸਟਿਕ ਕੂੜਾ ਪੈਦਾ ਹੋ ਰਿਹਾ ਹੈ। ਇਹ ਕੂੜਾ ਲਗਾਤਾਰ ਵਧਦਾ ਜਾ ਰਿਹਾ ਹੈ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਪਲਾਸਟਿਕ ਦੇ ਕੂੜੇ ਨੂੰ ਖਤਮ ਹੋਣ ਲਈ ਸੈਂਕੜੇ ਸਾਲ ਲੱਗ ਜਾਂਦੇ ਹਨ, ਜੇਕਰ ਇਸ ਨੂੰ ਸਾੜ ਦਿੱਤਾ ਜਾਵੇ ਤਾਂ ਹਵਾ ਪ੍ਰਦੂਸ਼ਣ ਵੱਧ ਹੁੰਦਾ ਹੈ। ਪਰ ਹੁਣ ਵਿਗਿਆਨੀਆਂ ਨੇ ਇਸ ਦਾ ਇੱਕ ਅਨੋਖਾ ਤੋੜ ਲੱਭ ਲਿਆ ਹੈ। ਬਹੁਤ ਜਲਦੀ ਦੇਸ਼ ਵਿੱਚ ਸੜਕਾਂ, ਫੁੱਟਪਾਥ, ਕੰਧਾਂ ਅਤੇ ਘਰਾਂ ਦੀਆਂ ਛੱਤਾਂ ਪਲਾਸਟਿਕ ਦੀਆਂ ਬਣ ਜਾਣਗੀਆਂ। ਤੁਹਾਨੂੰ ਇਹ ਸੁਣ ਕੇ ਯਕੀਨ ਨਹੀਂ ਹੋਵੇਗਾ, ਪਰ ਇਹ ਕਾਰਨਾਮਾ ਸੀ.ਐਸ.ਆਈ. ਆਰ.ਅਤੇ ਨੈਸ਼ਨਲ ਫਿਜ਼ੀਕਲ ਲੈਬਾਰਟਰੀ ਦੇ ਵਿਗਿਆਨੀਆਂ ਨੇ ਕੀਤਾ ਹੈ। ਵਿਗਿਆਨੀਆਂ ਨੇ ਪਲਾਸਟਿਕ ਤੋਂ ਇੱਟਾਂ ਬਣਾਉਣ ਦੀ ਤਕਨੀਕ ਵਿਕਸਿਤ ਕੀਤੀ ਹੈ। ਹੁਣ ਉਹ ਪਲਾਸਟਿਕ ਦੀਆਂ ਟਾਈਲਾਂ ਦੀ ਜਾਂਚ ਕਰ ਰਹੇ ਹਨ। ਇਨ੍ਹਾਂ ਦੀ ਵਰਤੋਂ ਨਾਲ ਮਜ਼ਬੂਤ ਅਤੇ ਲੰਬੀਆਂ ਸੜਕਾਂ ਬਣਾਈਆਂ ਜਾ ਸਕਦੀਆਂ ਹਨ, ਜਿਨ੍ਹਾਂ ਦਾ ਨਾ ਤਾਂ ਮੀਂਹ ਅਤੇ ਨਾ ਹੀ ਭਾਰੀ ਵਾਹਨ ਕੁਝ ਵਿਗਾੜ ਸਕਣਗੇ।

ਦਿੱਲੀ ਰਿਸਰਚ ਇੰਪਲੀਮੈਂਟੇਸ਼ਨ ਐਂਡ ਇਨੋਵੇਸ਼ਨ (ਡੀ.ਆਰ. ਆਈ.ਆਈ.ਵੀ.), ਕੇਂਦਰ ਸਰਕਾਰ ਦੇ ਪ੍ਰਮੁੱਖ ਵਿਗਿਆਨਕ ਸਲਾਹਕਾਰ, ਪਹਿਲਾਂ ਹੀ ਕੰਕਰੀਟ ਤਾਕਤ ਦੀਆਂ ਟਾਈਲਾਂ ਦੀ ਲੈਬ ਅਤੇ ਪ੍ਰੋਟੋਟਾਈਪ ਟੈਸਟਿੰਗ ਕਰ ਚੁੱਕੇ ਹਨ। ਵਿਗਿਆਨੀਆਂ ਦੇ ਅਨੁਸਾਰ, ਉੱਚ ਤਾਕਤ ਵਾਲੀਆਂ ਟਾਈਲਾਂ ਨਾ ਸਿਰਫ ਪਲਾਸਟਿਕ ਦੇ ਕਚਰੇ ਨੂੰ ਖਤਮ ਕਰਨਗੀਆਂ ਬਲਕਿ ਲਾਲ ਮਿੱਟੀ ਦੇ ਖਤਰੇ ਨੂੰ ਵੀ ਦੂਰ ਕਰਨਗੀਆਂ। ਹਾਲਾਂਕਿ, ਹੁਣ ਤੱਕ ਵਿਕਸਤ ਕੀਤੀਆਂ ਗਈਆਂ ਟਾਈਲਾਂ 20 ਟਨ ਤੱਕ ਦੇ ਵਜ਼ਨ ਨੂੰ ਸੰਭਾਲ ਸਕਦੀਆਂ ਹਨ। ਪਰ ਇਸ 'ਤੇ ਅਜੇ ਹੋਰ ਕੰਮ ਕੀਤਾ ਜਾ ਸਕਦਾ ਹੈ। ਇਸ ਨੂੰ ਮਜ਼ਬੂਤ ਬਣਾਇਆ ਜਾ ਸਕਦਾ ਹੈ।

## ਜਿਣਸੀ ਸ਼ੋਸ਼ਣ ਮਾਮਲੇ 'ਚ ਟਰੰਪ ਨੂੰ ਜ਼ਿੰਮੇਵਾਰ ਠਹਿਰਾਇਆ



ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਮੈਗਜ਼ੀਨ ਲੇਖਕ ਈ ਜੀਨ ਕੈਰੋਲ ਦਾ ਜਿਨਸੀ ਸ਼ੋਸ਼ਣ ਕਰਨ ਦਾ ਦੋਸ਼ ਲੱਗਾ ਹੈ। ਨਿਊਜ਼ ਏਜੰਸੀ ਏਐਫਪੀ ਮੁਤਾਬਕ ਟਰੰਪ ਨੂੰ ਮੁਆਵਜ਼ੇ ਵਜੋਂ ਕੈਰੋਲ ਨੂੰ 41 ਕਰੋੜ ਰੁਪਏ (5 ਮਿਲੀਅਨ ਡਾਲਰ) ਦੇਣੇ ਪੈਣਗੇ। ਇਹ ਫੈਸਲਾ ਨਿਊਯਾਰਕ ਦੀ ਸੰਘੀ ਅਦਾਲਤ ਵਿੱਚ ਸੁਣਾਇਆ ਗਿਆ।

9 ਮੈਂਬਰੀ ਜਿਊਰੀ ਨੇ ਟਰੰਪ ਨੂੰ ਕੈਰੋਲ ਦੀ ਜਿਨਸੀ ਸ਼ੋਸ਼ਣ ਅਤੇ ਮਾਣਹਾਨੀ ਦਾ ਦੋਸ਼ੀ ਪਾਇਆ। ਹਾਲਾਂਕਿ ਜਿਊਰੀ ਨੇ ਟਰੰਪ 'ਤੇ ਲੱਗੇ ਬਲਾਤਕਾਰ ਦੇ ਦੋਸ਼ ਨੂੰ ਖਾਰਜ ਕਰ ਦਿੱਤਾ ਹੈ।

**ਟਰੰਪ 'ਤੇ ਲੱਗਿਆ ਸੀ ਬਲਾਤਕਾਰ ਦਾ ਦੋਸ਼** :ਮੈਗਜ਼ੀਨ ਲੇਖਕ ਜੀਨ ਕੈਰੋਲ ਨੇ 2019 ਵਿੱਚ ਦੋਸ਼ ਲਾਇਆ ਸੀ ਕਿ ਟਰੰਪ ਨੇ 1996 ਵਿੱਚ ਮੈਨਹਟਨ ਦੇ ਇੱਕ ਡਿਪਾਰਟਮੈਂਟ ਸਟੋਰ ਵਿੱਚ ਉਸ ਨਾਲ ਬਲਾਤਕਾਰ ਕੀਤਾ ਸੀ। ਟਰੰਪ ਨੇ ਇਨ੍ਹਾਂ ਦੋਸ਼ਾਂ ਤੋਂ ਸਾਫ਼ ਇਨਕਾਰ ਕੀਤਾ ਹੈ। ਉਸ ਨੇ ਕਿਹਾ ਕਿ ਉਹ ਕੈਰੋਲ ਨੂੰ ਨਹੀਂ ਜਾਣਦਾ ਸੀ ਅਤੇ ਉਸ ਨੂੰ ਸਟੋਰ 'ਤੇ ਨਹੀਂ ਮਿਲਿਆ ਸੀ। ਉਸ ਨੇ ਕਿਹਾ ਸੀ ਕਿ ਕੈਰੋਲ ਆਪਣੀ ਕਿਤਾਬ ਵੇਚਣ ਲਈ ਝੂਠੀ ਕਹਾਣੀ ਬਣਾ ਰਹੀ ਹੈ।

**ਦੋ ਹੋਰ ਔਰਤਾਂ ਨੇ ਟਰੰਪ ਖਿਲਾਫ ਗਵਾਹੀ ਦਿੱਤੀ** :ਇਸ ਮਾਮਲੇ ਦੀ ਸੁਣਵਾਈ 25 ਅਪ੍ਰੈਲ ਨੂੰ ਸ਼ੁਰੂ ਹੋਈ ਸੀ। ਟ੍ਰਾਇਲ ਦੌਰਾਨ ਦੋ ਔਰਤਾਂ ਨੇ ਟਰੰਪ ਖਿਲਾਫ ਗਵਾਹੀ ਦਿੱਤੀ। ਪੀਪਲ ਮੈਗਜ਼ੀਨ ਦੀ ਰਿਪੋਰਟਰ ਨਤਾਸ਼ਾ ਸਟੋਨੌਫ ਨੇ ਦੱਸਿਆ ਕਿ ਟਰੰਪ ਨੇ 2005 ਵਿੱਚ ਉਸ ਨੂੰ ਜ਼ਬਰਦਸਤੀ ਚੁੰਮਿਆ ਸੀ। ਇਕ ਹੋਰ ਔਰਤ, ਜੈਸਿਕਾ ਲੀਡਜ਼ ਨੇ ਕਿਹਾ ਕਿ ਟਰੰਪ ਨੇ 1979 ਵਿੱਚ ਉਸ ਨੂੰ ਚੁੰਮਿਆ ਸੀ ਅਤੇ ਉਸ ਨਾਲ ਛੇੜਛਾੜ ਕੀਤੀ ਸੀ।

ਜਿਊਰੀ ਨੇ ਟਰੰਪ ਦੀ 2005 ਦੀ ਰਿਕਾਰਡਿੰਗ ਵੀ ਸੁਣੀ। ਇਸ 'ਚ ਟਰੰਪ ਬਿਨਾਂ ਇਜਾਜ਼ਤ ਔਰਤਾਂ ਨੂੰ ਚੁੰਮਣ ਅਤੇ ਫੜਨ ਦੀ ਗੱਲ ਕਰ ਰਹੇ ਸਨ।

**ਟਰੰਪ ਦੇ ਡਰੋਂ ਦੁਨੀਆ ਨੂੰ ਨਹੀਂ ਦੱਸਿਆ** :ਕੈਰੋਲ ਦੇ ਦੋ ਦੋਸਤਾਂ ਨੇ ਮੁਕੱਦਮੇ ਵਿੱਚ ਗਵਾਹੀ ਦਿੱਤੀ ਕਿ ਕੈਰੋਲ ਨੇ ਉਨ੍ਹਾਂ ਨੂੰ ਘਟਨਾ ਬਾਰੇ ਦੱਸਿਆ ਸੀ। ਹਾਲਾਂਕਿ, ਟਰੰਪ ਦੇ ਡਰ ਤੋਂ ਉਨ੍ਹਾਂ ਨੂੰ ਇਹ ਕਿਸੇ ਨੂੰ ਨਾ ਦੱਸਣ ਲਈ ਕਿਹਾ ਗਿਆ ਸੀ। ਕੈਰੋਲ ਨੂੰ ਡਰ ਸੀ ਕਿ ਜੇਕਰ ਉਹ ਅੱਗੇ ਆਈ ਤਾਂ ਟਰੰਪ ਆਪਣੀ ਤਾਕਤ ਅਤੇ ਪੈਸੇ ਦੇ ਦਮ 'ਤੇ ਉਸ ਤੋਂ ਬਦਲਾ ਲਵੇਗਾ।

ਅਦਾਲਤ ਦੇ ਬਾਹਰ ਜੀਨ ਕੈਰੋਲ ਦੇ ਸਮਰਥਕ ਵੀ ਮੌਜੂਦ ਸਨ। ਉਨ੍ਹਾਂ ਨੇ 'ਸਾਨੂੰ ਜੀਨ ਕੈਰੋਲ 'ਤੇ ਭਰੋਸਾ ਹੈ' ਅਤੇ 'ਸਾਨੂੰ ਬਹਾਦਰ ਬਣਨਾ ਹੈ' ਵਰਗੇ ਨਾਅਰਿਆਂ ਵਾਲੇ ਪੋਸਟਰ ਫੜੇ ਹੋਏ ਸਨ।

## ਕੋਵਿਡ ਹੁਣ ਵਿਸ਼ਵਵਿਆਪੀ ਸਿਹਤ ਐਮਰਜੈਂਸੀ ਨਹੀਂ ਹੈ: ਵਿਸ਼ਵ ਸਿਹਤ ਸੰਗਠਨ

ਵਿਸ਼ਵ ਸਿਹਤ ਸੰਗਠਨ ਨੇ ਕਿਹਾ ਹੈ ਕਿ ਕੋਵਿਡ-19 ਹੁਣ ਵਿਸ਼ਵ ਸਿਹਤ ਐਮਰਜੈਂਸੀ ਨਹੀਂ ਹੈ। ਇਸ ਦਾ ਕਾਰਨ ਇਹ ਹੈ ਕਿ ਇੱਕ ਸਾਲ ਵਿੱਚ ਇਸ ਦੇ ਕੇਸ ਬਹੁਤ ਤੇਜ਼ੀ ਨਾਲ ਘਟੇ ਹਨ ਅਤੇ ਮੌਤਾਂ ਦੀ ਗਿਣਤੀ ਵੀ ਬਹੁਤ ਘੱਟ ਗਈ ਹੈ। ਡਬਲਯੂਐਚਓ ਦੇ ਮੁਖੀ ਟੇਡਰੋਸ ਅਡੇਹੋਨਮ ਨੇ ਜੇਨੇਵਾ ਵਿੱਚ ਮੀਡੀਆ ਨੂੰ ਦੱਸਿਆ ਕਿ ਟੀਕਾਕਰਨ ਦੇ ਕਾਰਨ, ਬਹੁਤ ਸਫਲਤਾ ਮਿਲੀ ਹੈ। ਹੁਣ ਸਿਹਤ ਪ੍ਰਣਾਲੀ 'ਤੇ ਦਬਾਅ ਵੀ ਬਹੁਤ ਘੱਟ ਗਿਆ ਹੈ। ਜ਼ਿਆਦਾਤਰ ਦੇਸ਼ ਆਮ ਜੀਵਨ ਵੱਲ ਪਰਤ ਆਏ ਹਨ।ਕੋਵਿਡ ਕਾਰਨ ਦੁਨੀਆ ਵਿੱਚ ਲਗਭਗ 70 ਲੱਖ ਲੋਕਾਂ ਦੀ ਮੌਤ ਹੋ ਗਈ ਹੈ। ਇਸ ਨੂੰ 30 ਜਨਵਰੀ 2020 ਨੂੰ ਗਲੋਬਲ ਐਮਰਜੈਂਸੀ ਘੋਸ਼ਿਤ ਕੀਤਾ ਗਿਆ ਸੀ। ਅਮਰੀਕਾ ਵਿੱਚ 11 ਮਈ ਨੂੰ ਹੈਲਥ ਐਮਰਜੈਂਸੀ ਖਤਮ ਹੋ ਜਾਵੇਗੀ। ਕੋਵਿਡ ਕਾਰਨ ਸਭ ਤੋਂ ਵੱਧ ਲੋਕ ਅਮਰੀਕਾ ਵਿੱਚ ਮਾਰੇ ਗਏ।ਡਾਇਰੈਕਟਰ ਜਨਰਲ ਨੇ ਅੱਗੇ ਕਿਹਾ ਕਿ ਪਿਛਲੇ ਹਫ਼ਤੇ ਦੀ ਹੀ ਗੱਲ ਕਰੀਏ ਤਾਂ ਕੋਵਿਡ-19 ਨਾਲ ਹਰ 3 ਮਿੰਟ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ। ਇਹ ਉਹ ਮੌਤਾਂ ਹਨ ਜਿਨ੍ਹਾਂ ਬਾਰੇ ਸਾਡੇ ਕੋਲ ਜਾਣਕਾਰੀ ਹੈ। ਇਸ ਤੋਂ ਇਲਾਵਾ ਵੀ ਕਈ ਚੀਜ਼ਾਂ ਹੋ ਸਕਦੀਆਂ ਹਨ। ਜਦੋਂ ਅਸੀਂ ਅੱਜ ਇੱਥੇ ਇਸ ਬਾਰੇ ਗੱਲ ਕਰ ਰਹੇ ਹਾਂ, ਤਾਂ ਦੁਨੀਆਂ ਦੇ ਬਹੁਤ ਸਾਰੇ ਲੋਕ ਅਜੇ ਵੀ ਆਈਸੀਯੂ ਵਿੱਚ ਕੋਵਿਡ -19 ਨਾਲ ਜੂਝ ਰਹੇ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

10 ਮਈ ਤੋਂ 16 ਮਈ, 2023

## ਬਿਜਲਈ ਜਗਤ ਦੀ ਆਪੋ ਧਾਪੀ

ਕੁਦਰਤੀ ਨਿਯਮ ਅਨੁਸਾਰ ਬੱਚਾ ਜਨਮ ਲੈਂਦਾ ਹੈ, ਫਿਰ ਬੈਠਣਾ ਸਿੱਖਦਾ ਹੈ ਅਤੇ ਫਿਰ ਤੁਰਨਾ ਸਿੱਖਦਾ ਹੈ। ਇਹ ਇਕ ਸਹਿਜ ਪ੍ਰਕਿਰਿਆ ਹੈ ਅਤੇ ਇੰਨੀ ਹੀ ਸਹਿਜ ਕਿਸੇ ਵੇਲੇ ਜਿੰਦਗੀ ਦੀ ਰਫਤਾਰ ਹੁੰਦੀ ਸੀ। ਬੰਦਿਆਂ 'ਚ ਬਹੁਤ ਸਹਿਜ ਹੁੰਦਾ ਸੀ, ਕੋਈ ਕਾਹਲ ਨਹੀਂ ਸੀ। ਇਹ ਸਹਿਜ ਉਨ੍ਹਾਂ ਦੇ ਹਰ ਅਮਲ 'ਚ ਹੁੰਦਾ, ਉਨ੍ਹਾਂ ਦੇ ਬੋਲਾਂ 'ਚ, ਉਨ੍ਹਾਂ ਦੇ ਕੰਮਾਂ ਕਾਰਾਂ 'ਚ ਅਤੇ ਉਨ੍ਹਾਂ ਦੇ ਫੇਰੇ ਤੋਰੇ 'ਚ। ਤਦ ਹੀ ਉਹ ਪੁਰਖ ਬਾਬੇ ਦੀ ਬਾਣੀ ਵਰਗੇ ਹੁੰਦੇ ਸਨ। ਹੌਲੀ-ਹੌਲੀ ਸਮਾਂ ਬਦਲਿਆਂ, ਸੌਖ ਸਹੂਲਤਾਂ ਆਈਆਂ, ਸਾਧਨ ਆਏ ਅਤੇ ਕਾਹਲ ਨੇ ਸਾਡੇ ਅਮਲਾਂ ਵਿੱਚ ਵੱਡੀ ਥਾਂ ਬਣਾ ਲਈ। ਅੱਜ ਸਹੂਲਤਾਂ ਨੇ ਮਨੁੱਖ ਨੂੰ ਐਸਾ ਜਕੜਿਆ ਹੈ ਕਿ ਉਹਦੇ ਕੰਮਾ ਕਾਰਾਂ ਵਿੱਚ, ਬੋਲ ਚਾਲ ਵਿੱਚ ਅਤੇ ਤੋਰੇ ਫੇਰੇ ਵਿੱਚੋਂ ਸਹਿਜ ਮਨਫੀ ਹੋ ਗਿਆ ਹੈ। ਸਾਧਨ ਸਹੂਲਤਾਂ ਅਜਿਹੀਆਂ ਹਨ ਕਿ ਕਾਹਲ ਨਾਲ ਕਿਤੇ ਵੀ ਜਾਇਆ ਜਾ ਸਕਦੈ, ਕੋਈ ਵੀ ਗੱਲ ਕੀਤੀ ਜਾ ਸਕਦੀ ਹੈ, ਕੋਈ ਵੀ ਕੰਮ ਮਸ਼ੀਨਾਂ ਦੇ ਜਰੀਏ ਕੀਤਾ ਜਾ ਸਕਦਾ ਹੈ। ਇਸੇ ਸੌਖ ਸਹੂਲਤ ਨੇ ਸਾਡੀ ਬੋਲ ਚਾਲ ਅਤੇ ਵਿਚਰਨ ਦੇ ਤਰੀਕੇ ਵਿੱਚ ਵੱਡੀ ਗੜਬੜ ਪੈਦਾ ਕਰ ਦਿੱਤੀ ਹੈ। ਗੁਰੂ ਪਾਤਿਸ਼ਾਹ ਨੇ ਸਾਨੂੰ ਮਿਲ ਬੈਠ ਕੇ ਵਿਚਾਰਾਂ ਕਰਨ ਦਾ ਤਰੀਕਾ ਦਿੱਤਾ ਹੈ ਜਿਸ ਰਾਹੀਂ ਅਸੀਂ ਕੁਝ ਸੁਣਦੇ ਹਾਂ ਅਤੇ ਕੁਝ ਕਹਿੰਦੇ ਹਾਂ। ਇਸ ਸੰਗਤ ਰਾਹੀਂ ਹੀ ਸਾਨੂੰ ਆਪਣੇ ਤੋਂ ਛੋਟੇ ਵੱਡਿਆਂ ਨਾਲ ਵਿਚਰਨ ਦਾ ਸਲੀਕਾ ਆਉਂਦਾ ਹੈ। ਕੁਦਰਤੀ ਨਿਯਮ ਵਾਂਗ ਜਿਵੇਂ ਬੱਚਾ ਪਹਿਲਾਂ ਬੈਠਣਾ ਸਿੱਖਦਾ ਹੈ ਫਿਰ ਤੁਰਨਾ, ਸਾਨੂੰ ਵੀ ਸੰਗਤ ਰਾਹੀਂ ਪਹਿਲਾਂ ਬੈਠਣ ਦੀ ਜਾਚ ਆਉਂਦੀ ਹੈ ਫਿਰ ਤੁਰਨ ਬੋਲਣ ਦਾ ਸਲੀਕਾ ਆਉਂਦਾ ਹੈ ਅਤੇ ਇਹ ਸਭ ਕਾਸੇ ਦੀ ਮਰਿਯਾਦਾ ਦਾ ਇਲਮ ਹੁੰਦਾ ਹੈ। ਪਰ ਹੁਣ ਆਪਸੀ ਮੇਲਜੋਲ ਦੀ ਥਾਂ ਬਿਜਲਈ ਜਗਤ ਨੇ ਲੈ ਲਈ ਹੈ। ਮੁਲਾਕਾਤਾਂ ਵੀ ਅਰਸ਼ੀ ਹੋ ਗਈਆਂ ਹਨ, ਜਿਸ ਕਰਕੇ ਵੱਡੀ ਗਿਣਤੀ ਨੂੰ ਆਪ ਤੋਂ ਵੱਡੇ ਛੋਟਿਆਂ ਨਾਲ ਗੱਲ ਕਰਨ ਦਾ ਸਲੀਕਾ ਤੇ ਕਿਹੜੀ ਗੱਲ ਕਦੋਂ ਕਿਸ ਤਰੀਕੇ ਕਰਨੀ ਹੈ, ਉਹ ਵਿਸਰ ਗਿਆ ਹੈ। ਇਸ ਚਲਣ ਨਾਲ ਜਿੱਥੇ ਸਾਡੇ ਬੁਨਿਆਦੀ ਗੁਣ ਖੁਰਦੇ ਜਾ ਰਹੇ ਹਨ ਉੱਥੇ ਆਪਸੀ ਤਾਲਮੇਲ ਵਿੱਚ ਵੀ ਖੜੋਤ ਆ ਰਹੀ ਹੈ।

ਹੁਣ ਬਿਜਲਈ ਮੰਚਾਂ 'ਤੇ ਕੋਈ ਵੀ ਕੁਝ ਵੀ ਲਿਖ ਸਕਦਾ ਹੈ ਤੇ ਬੋਲ ਸਕਦਾ ਹੈ। ਨਾ ਬੈਠਣ ਦੇ ਅਮਲ 'ਚ ਪੈਣ ਦੀ ਕੋਈ ਮੁੱਢਲੀ ਸ਼ਰਤ ਹੈ ਨਾ ਕੋਈ ਗੱਲਬਾਤ ਦੀ ਮਰਿਯਾਦਾ। ਕੁਦਰਤੀ ਨਿਯਮ ਜਿਸ ਵਿੱਚ ਮੁੱਢਲੇ ਤੌਰ 'ਤੇ ਬੈਠਣ ਦੀ ਗੱਲ ਹੈ ਉਸ ਨੂੰ ਛੱਡ ਕੇ ਸਿੱਧਾ ਛੜੱਪਾ ਤੁਰਨ ਅਤੇ ਬੋਲਣ ਤੱਕ ਚਲਾ ਜਾਂਦਾ ਹੈ। ਇਸ ਆਪ ਮੁਹਾਰੀ ਦੁਨੀਆਂ ਵਿੱਚ ਗੱਲਾਂ ਦਾ ਹੀ ਮੁੱਲ ਹੈ, ਅਮਲ ਦੀ ਕੋਈ ਥਾਂ ਨਹੀਂ। ਨਾ ਕਿਸੇ ਸਿਆਣੇ ਦੀ ਕੋਈ ਸਲਾਹ ਲੈਂਦਾ ਹੈ ਅਤੇ ਨਾ ਹੀ ਕਿਸੇ ਦੀ ਸਲਾਹ ਨੂੰ ਤਵੱਜੋ ਦਿੱਤੀ ਜਾ ਰਹੀ ਹੈ। ਪਿਛਲੇ ਕੁਝ ਸਮੇਂ ਤੋਂ ਇਸ ਚਲਣ ਦੀ ਰਫਤਾਰ ਵਿੱਚ ਖਾਸਾ ਵਾਧਾ ਹੋਇਆ ਹੈ। ਇਸ ਨਾਲ ਆਪੋ ਧਾਪੀ ਅਤੇ ਆਪਸੀ ਖਿਲਾਰਾ ਬਹੁਤ ਵਧਿਆ ਹੈ। ਸਿੱਖਾਂ ਦੇ ਮਸਲੇ 'ਚ ਇਹ ਗੱਲ ਦਿੱਲੀ ਦਰਬਾਰ ਨੂੰ ਪੂਰੀ ਠੀਕ ਬੈਠਦੀ ਹੈ। ਸਿੱਖ ਨੌਜਵਾਨਾਂ ਨੂੰ ਇਸ ਚਲਣ ਦੀ ਜ਼ਰੂਰ ਪੜਚੋਲ ਕਰਨੀ ਚਾਹੀਦੀ ਹੈ। ਸਾਡੇ ਸੱਭਿਆਚਾਰ ਵਿੱਚ ਆਪ ਤੋਂ ਵੱਡੇ, ਕਮਾਈ ਵਾਲੇ ਅਤੇ ਤਜਰਬੇ ਵਾਲਿਆਂ ਦੀ ਕੀ ਥਾਂ ਹੈ ਇਹ ਵੀ ਵੇਖਣਾ ਚਾਹੀਦਾ ਹੈ।

ਕਹਿੰਦੇ ਹਨ ਕਿ ਕਿਸੇ ਸ਼ਹਿਰ ਵਿੱਚ ਚਾਰ ਦੋਸਤ ਰਹਿੰਦੇ ਸਨ। ਉਨ੍ਹਾਂ ਵਿਚੋਂ ਤਿੰਨ ਬਹੁਤ ਗਿਆਨੀ ਸਨ, ਚੌਥਾ ਇੰਨਾ ਗਿਆਨੀ ਤਾਂ ਨਹੀਂ ਸੀ ਪਰ ਫਿਰ ਵੀ ਉਹ ਦੁਨੀਆਂਦਾਰੀ ਦੀਆਂ ਗੱਲਾਂ ਬਹੁਤ ਚੰਗੀ ਤਰ੍ਹਾਂ ਜਾਣਦਾ ਸੀ। ਇੱਕ ਦਿਨ ਉਹ ਇੱਕ ਸੰਘਣੇ ਜੰਗਲ ਵਿੱਚੋਂ ਲੰਘ ਰਹੇ ਸਨ ਕਿ ਰਾਹ ਵਿੱਚ ਉਨ੍ਹਾਂ ਨੇ ਕਿਸੇ ਜਾਨਵਰ ਦੀਆਂ ਹੱਡੀਆਂ ਜ਼ਮੀਨ ਉੱਤੇ ਖਿੰਡੀਆਂ ਹੋਈਆਂ ਵੇਖੀਆਂ। ਇੱਕ ਗਿਆਨੀ ਬੋਲਿਆ, " ਇਹ ਹੱਡੀਆਂ ਕਿਸੇ ਮਰੇ ਹੋਏ ਜਾਨਵਰ ਦੀਆਂ ਹਨ। ਮੈਂ ਉਨ੍ਹਾਂ ਨੂੰ ਦੁਬਾਰਾ ਜੋੜ ਦੇਵਾਂਗਾ ਕਿਉਂਕਿ ਮੈਨੂੰ ਪਤਾ ਹੈ ਕਿ ਇਨ੍ਹਾਂ ਹੱਡੀਆਂ ਨੂੰ ਕਿਵੇਂ ਜੋੜਿਆ ਜਾ ਸਕਦਾ ਹੈ।" ਦੂਜੇ ਦੋਸਤ ਨੇ ਕਿਹਾ, "ਮੈਂ ਇਸ ਜਾਨਵਰ ਉੱਤੇ ਮਾਸ ਅਤੇ ਖੱਲ ਚੜ੍ਹਾ ਦੇਵਾਂਗਾ ਤੇ ਨਾਲ ਹੀ ਖ਼ੂਨ ਪਾ ਦੇਵਾਂਗਾ।" ਤੀਜੇ ਦੋਸਤ ਨੇ ਕਿਹਾ, "ਮੈਂ ਆਪਣੇ ਅਮੁੱਲ ਗਿਆਨ ਨਾਲ ਇਸ ਜਾਨਵਰ ਨੂੰ ਜਿੰਦਾ ਕਰ ਦੇਵਾਂਗਾ।" ਸਭ ਨੇ ਇਸੇ ਤਰ੍ਹਾਂ ਕੀਤਾ, ਤੀਜੇ ਦੋਸਤ ਦੀ ਵਾਰੀ ਵੇਲੇ ਚੌਥਾ ਜਵਾਨ ਜ਼ੋਰ-ਜ਼ੋਰ ਦੀ ਰੌਲਾ ਪਾਉਣ ਲੱਗਾ, "ਰੁਕ ਜਾਓ ! ਇਸ ਜਾਨਵਰ ਵਿੱਚ ਜਾਨ ਨਾ ਪਾਇਓ, ਇਹ ਤਾਂ ਸ਼ੇਰ ਹੈ।" ਪਰ ਗਿਆਨੀ ਦੋਸਤਾਂ ਨੇ ਉਸਦੀ ਗੱਲ ਨਾ ਸੁਣੀ। ਦੁਨੀਆਂਦਾਰੀ ਜਾਣਨ ਵਾਲਾ ਦੋਸਤ ਕਾਹਲੀ ਨਾਲ ਲਾਗਲੇ ਰੁੱਖ ਉੱਤੇ ਚੜ੍ਹ ਗਿਆ ਅਤੇ ਵੇਖਣ ਲਗਾ। ਤੀਜੇ ਦੋਸਤ ਨੇ ਸ਼ੇਰ ਵਿੱਚ ਜਾਨ ਪਾ ਦਿੱਤੀ। ਸ਼ੇਰ ਜਿਉਂਦਾ ਹੁੰਦਿਆਂ ਹੀ ਦਹਾੜਨ ਲੱਗਾ ਅਤੇ ਤਿੰਨੇ ਗਿਆਨੀਆਂ ਉੱਤੇ ਝਪਟਿਆ। ਚੌਥੇ ਦੋਸਤ ਦੇ ਵਿੰਹਦਿਆਂ-ਵਿੰਹਦਿਆਂ ਹੀ ਸ਼ੇਰ ਨੇ ਉਹਨਾਂ ਨੂੰ ਮਾਰ ਦਿੱਤਾ। ਸਲਾਹ ਨਾ ਸੁਣਨ ਮੰਨਣ ਦਾ ਨਤੀਜਾ।

ਹੁਣ ਵੀ ਜੋ ਸਮਾਂ ਹੈ, ਉਸ ਵਿੱਚ ਬਿਜਲਈ ਮੰਚਾਂ 'ਤੇ ਸਿਆਣਿਆਂ ਦੀਆਂ ਸਲਾਹਾਂ ਨੂੰ ਕੋਈ ਥਾਂ ਨਹੀਂ ਦਿੱਤੀ ਜਾ ਰਹੀ। ਆਪ ਮੁਹਾਰਾ ਚਲਣ ਹੈ। ਭਾਵੇਂ ਮਨੁੱਖ ਪਾਸੋਂ ਕਿਸੇ ਖਾਸ ਸਮੇਂ ਵਿੱਚ ਹੀ ਗੁਰੂ ਪਾਤਿਸ਼ਾਹ ਨੇ ਕੋਈ ਸੇਵਾ ਲੈਣੀ ਹੁੰਦੀ, ਉਦੋਂ ਹੀ ਉਹ ਮਨੁੱਖ ਮਹਾਨ ਹੁੰਦਾ ਹੈ, ਉਸ ਤੋਂ ਅੱਗੇ ਪਿੱਛੇ ਉਸ ਵਿੱਚ ਨੁਕਸ ਵੀ ਹੋ ਸਕਦੇ ਹਨ, ਕੋਈ ਸਦਾ ਮਹਾਨ ਜਾਂ ਸਿਆਣਾ ਰਹੇ ਇਹ ਵੀ ਲਾਜਮੀ ਨਹੀਂ ਪਰ ਸਿੱਖੀ ਵਿੱਚ ਬੈਠਣ ਤੋਂ ਲੈ ਕੇ ਬੋਲਣ ਚੱਲਣ ਤੱਕ ਦੇ ਅਮਲ ਤੱਕ ਦੀ ਇੱਕ ਮਰਿਯਾਦਾ ਹੈ ਜਿਸ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਬਿਜਲਈ ਜਗਤ ਦੇ ਖੇਡੇ ਅਤੇ ਆਪਣੇ ਅਮਲਾਂ ਨੂੰ ਸਾਨੂੰ ਗੰਭੀਰਤਾ ਨਾਲ ਵੇਖਣਾ ਪਵੇਗਾ, ਪੜਚੋਲ ਕਰਨੀ ਪਵੇਗੀ। ਬੈਠਣ ਦੇ ਅਮਲ ਤੋਂ ਸ਼ੁਰੂ ਕਰਨਾ ਪਵੇਗਾ, ਆਪਣਿਆਂ ਨਾਲ, ਆਪਣਿਆਂ ਵਿਚੋਂ ਵੱਖ-ਵੱਖ ਵਿਚਾਰਾਂ ਵਾਲਿਆਂ ਨਾਲ ਅਤੇ ਬਾਕੀ ਸਭ ਨਾਲ। ਕੁਝ ਸੁਣਨ ਅਤੇ ਕੁਝ ਕਹਿਣ ਦੇ ਅਮਲ ਵਿੱਚ ਪੈਣਾ ਪਵੇਗਾ, ਸੰਗਤ ਕਰਨੀ ਪਵੇਗੀ, ਸੇਵਾ ਕਰਨੀ ਪਵੇਗੀ, ਮੁੜ ਉਸ ਅਮਲ ਵੱਲ ਹੋਣਾ ਪਵੇਗਾ ਜੋ ਸਾਡਾ ਹੈ, ਸਾਡੇ ਗੁਰੂ ਦਾ ਹੈ ਫਿਰ ਹੀ ਸਾਡੇ ਵਿਚੋਂ ਸਾਡਾ ਗੁਰੂ ਝਲਕੇਗਾ। ਪਾਤਿਸ਼ਾਹ ਮਿਹਰ ਕਰਨਗੇ, ਅਸੀਂ ਆਪਣੇ ਅਸਲ ਰਾਹ ਦੀ ਪਹਿਚਾਣ ਕਰਕੇ ਕੋਈ ਤਿਲ ਫੁੱਲ ਕਦਮ ਪੁੱਟੀਏ।

**ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਕੀ ਬਿਹਾਰ ਮੀਟਿੰਗ ਤੋਂ ਬਾਅਦ ਬਣ ਜਾਵੇਗਾ ਵਿਰੋਧੀ ਨੇਤਾਵਾਂ ਦਾ 'ਸਿਆਸੀ ਗਠਜੋੜ ?

## ਲੰਬੇ ਸਮੇਂ ਤੋਂ ਚਲ ਰਹੀ ਹੈ ਭਾਜਪਾ ਵਿਰੁੱਧ ਸਾਂਝਾ ਮੋਰਚਾ ਬਣਾਉਣ ਦੀ ਕਵਾਇਦ
## ਮੋਦੀ ਨੇ ਵਿਰੋਧੀ ਨੇਤਾਵਾਂ ਦੇ ਗਠਜੋੜ ਨੂੰ ਕਿਹਾ 'ਭ੍ਰਿਸ਼ਟਾਚਾਰ ਦਾ ਗਠਜੋੜ'

ਭਾਰਤ ਦੀ ਰਾਸ਼ਟਰੀ ਰਾਜਨੀਤੀ ਵਿੱਚ ਇਸ ਸਮੇਂ ਭਾਜਪਾ ਵਿਰੁੱਧ ਵਿਰੋਧੀ ਸਿਆਸੀ ਪਾਰਟੀਆਂ ਦੇ ਨੇਤਾਵਾਂ ਦਾ ਆਪਸੀ 'ਸਿਆਸੀ ਗਠਜੋੜ' ਇੱਕ ਵਾਰ ਫਿਰ ਚਰਚਾ ਵਿੱਚ ਆਇਆ ਹੋਇਆ ਹੈ। ਭਾਰਤ ਦੀਆਂ ਭਾਜਪਾ ਵਿਰੋਧੀ ਸਿਆਸੀ ਪਾਰਟੀਆਂ ਨੇ ਲੋਕ ਸਭਾ ਚੋਣਾਂ 2024 ਲਈ ਹੁਣੇ ਤੋਂ ਮੋਰਚਾਬੰਦੀ ਸ਼ੁਰੂ ਕਰ ਦਿਤੀ ਹੈ। ਕਰਨਾਟਕ ਚੋਣਾਂ ਤੋਂ ਬਾਅਦ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਅਗਵਾਈ ਵਿੱਚ ਭਾਰਤ ਦੀਆਂ ਵਿਰੋਧੀ ਸਿਆਸੀ ਪਾਰਟੀਆਂ ਦੇ ਆਗੂਆਂ ਦੇ ਵਿਸ਼ੇਸ਼ ਮੀਟਿੰਗ ਬਿਹਾਰ ਵਿੱਚ ਹੋਣ ਜਾ ਰਹੀ ਹੈ, ਜਿਸ ਵਿੱਚ ਲੋਕ ਸਭਾ ਚੋਣਾਂ 2024 ਲਈ ਰਣਨੀਤੀ ਬਣਾਈ ਜਾਵੇਗੀ। ਬਿਹਾਰ ਦੇ ਜਲ ਸਰੋਤ ਅਤੇ ਸੂਚਨਾ ਜਨਸੰਪਰਕ ਮੰਤਰੀ ਸੰਜਯ ਕੁਮਾਰ ਝਾ ਵੀ ਕਹਿ ਚੁਕੇ ਹਨ ਕਿ ਵਿਰੋਧੀ ਦਲਾਂ ਦੀ ਏਕਤਾ ਨੂੰ ਸਾਕਾਰ ਰੂਪ ਦੇਣ ਲਈ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਯਤਨ ਸਾਕਾਰਤਮਕ ਦਿਸ਼ਾ ਵਿੱਚ ਅੱਗੇ ਵੱਧ ਰਹੇ ਹਨ। ਉਹਨਾਂ ਦਾਅਵਾ ਕੀਤਾ ਕਿ ਨਿਤੀਸ਼ ਕੁਮਾਰ ਵੱਲੋਂ ਦੇਸ਼ ਦੇ ਸਾਰੇ ਵਿਰੋਧੀ ਸਿਆਸੀ ਦਲਾਂ ਨਾਲ ਲਗਾਤਾਰ ਗਲਬਾਤ ਕੀਤੀ ਜਾ ਰਹੀ ਹੈ ਅਤੇ ਸਾਰੇ ਵਿਰੋਧੀ ਸਿਆਸੀ ਦਲਾਂ ਨੇ ਇੱਕਠੇ ਹੋ ਕੇ ਅਗਲੀਆਂ ਲੋਕ ਸਭਾ ਚੋਣਾਂ ਲੜਨ ਲਈ ਆਪਣੀ ਸਹਿਮਤੀ ਦੇ ਦਿਤੀ ਹੈ। ਇਸ ਸਮੇਂ ਸਭ ਦੀਆਂ ਨਜ਼ਰਾਂ ਬਿਹਾਰ 'ਚ ਹੋਣ ਵਾਲੀ ਵਿਰੋਧੀ ਸਿਆਸੀ ਪਾਰਟੀਆਂ ਦੇ ਆਗੂਆਂ ਦੀ ਮੀਟਿੰਗ ਵੱਲ ਲੱਗੀਆਂ ਹੋਈਆਂ ਹਨ।

ਅਸਲ ਵਿੱਚ ਕੁਝ ਦਿਨ ਪਹਿਲਾਂ ਹੀ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਅਰਵਿੰਦ ਕੇਜਰੀਵਾਲ, ਰਾਹੁਲ ਗਾਂਧੀ, ਮੱਲਿਕਾਰਜੁਨ ਖੜਗੇ,ਅਖਿਲੇਸ਼ ਯਾਦਵ, ਮਮਤਾ ਬੈਨਰਜੀ ਅਤੇ ਖੱਬੇ ਪੱਖੀ ਪਾਰਟੀਆਂ ਦੇ ਆਗੂਆਂ ਨਾਲ ਮੀਟਿੰਗਾਂ ਕਰਕੇ ਭਾਜਪਾ ਵਿਰੋਧੀ ਸਾਂਝਾ ਸਿਆਸੀ ਗਠਜੋੜ ਬਣਾਉਣ ਲਈ ਆਪਣੇ ਯਤਨ ਤੇਜ਼ ਕਰ ਦਿਤੇ ਗਏ। ਮਮਤਾ ਬੈਨਰਜੀ ਨਾਲ ਨਿਤੀਸ਼ ਕੁਮਾਰ ਦੀ ਮੀਟਿੰਗ ਹੋਣ ਦੌਰਾਨ ਮਮਤਾ ਬੈਨਰਜੀ ਨੇ ਨਿਤੀਸ਼ ਤੋਂ ਵਿਰੋਧੀ ਸਿਆਸੀ ਦਲਾਂ ਦੀ ਪਹਿਲੀ ਮੀਟਿੰਗ ਬਿਹਾਰ ਵਿੱਚ ਕਰਵਾਉਣ ਦੀ ਅਪੀਲੀ ਕੀਤੀ, ਜਿਸ ਲਈ ਨਿਤੀਸ਼ ਕੁਮਾਰ ਵੀ ਸਹਿਮਤ ਹੋ ਗਏ। ਹੁਣ ਬਿਹਾਰ 'ਚ ਕਰਨਾਟਕ ਚੋਣਾਂ ਤੋਂ ਬਾਅਦ ਵਿਰੋਧੀ ਸਿਆਸੀ ਪਾਰਟੀਆਂ ਦੇ ਆਗੂਆਂ ਦੀ ਮੀਟਿੰਗ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

ਇੱਕ ਪਾਸੇ ਵਿਰੋਧੀ ਸਿਆਸੀ ਪਾਰਟੀਆਂ ਆਪਸੀ ਗਠਜੋੜ ਦੇ ਰਾਹ ਪੈ ਰਹੀਆਂ ਹਨ, ਦੂਜੇ ਪਾਸੇ ਵਿਰੋਧੀ ਨੇਤਾਵਾਂ ਦੇ ਆਗੂਆਂ ਦੇ ਗਠਜੋੜ ਨੂੰ ਪ੍ਰਧਾਨ ਮੰਤਰੀ ਮੋਦੀ ਨੇ 'ਭ੍ਰਿਸ਼ਟਾਚਾਰ ਦਾ ਗਠਜੋੜ' ਕਹਿ ਕੇ ਆਪਣਾ ਪਹਿਲਾ ਤੀਰ ਚਲਾ ਵੀ ਦਿਤਾ ਹੈ। ਅਸਲ ਵਿੱਚ ਜਦੋਂ ਤੋਂ ਮੋਦੀ ਸਰਕਾਰ ਨੇ ਵਿਰੋਧੀ ਧਿਰਾਂ ਖਿਲਾਫ਼ ਸੀ.ਬੀ.ਆਈ., ਈ.ਡੀ., ਇਨਕਮ ਟੈਕਸ ਆਦਿ ਦਾ ਸਹਾਰਾ ਲੈ ਕੇ ਵਿਰੋਧੀ ਧਿਰਾਂ ਨੂੰ ਡਰਾਉਣ ਦਾ ਯਤਨ ਕੀਤਾ ਹੈ ਤਾਂ ਇਸਦਾ ਉਲਟਾ ਅਸਰ ਵੇਖਣ ਵਿੱਚ ਆ ਰਿਹਾ ਹੈ ਅਤੇ ਇਸ ਸਭ ਨੇ ਵਿਰੋਧੀ ਧਿਰਾਂ ਨੂੰ ਆਪਸੀ ਏਕੇ ਦੇ ਰਾਹ ਵੱਲ ਤੁਰ ਪਿਆ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੋਂ ਸੀਬੀਆਈ ਦੀ ਨੌਂ ਘੰਟੇ ਲੰਬੀ ਪੁੱਛਗਿੱਛ ਨੇ ਵਿਰੋਧੀ ਖੇਮੇ ਵਿੱਚ ਹੋਰ ਹਲਚਲ ਮਚਾ ਦਿੱਤੀ ਹੈ। ਤਕਰੀਬਨ ਹਰ ਵਿਰੋਧੀ ਪਾਰਟੀ ਦੇ ਇੱਕ ਨਾ ਇੱਕ ਆਗੂ ਨੂੰ ਛੇੜਿਆ ਗਿਆ ਹੈ, ਜਿਸ ਕਾਰਨ ਵਿਰੋਧੀ ਧਿਰ ਵਿੱਚ ਇਹ ਭਾਵਨਾ ਪ੍ਰਬਲ ਹੁੰਦੀ ਜਾ



ਰਹੀ ਹੈ ਕਿ ਜੇਕਰ ਬੇੜੀ ਡੁੱਬ ਗਈ ਤਾਂ ਸਭ ਡੁੱਬ ਜਾਣਗੇ। ਕੇਜਰੀਵਾਲ ਨੂੰ ਇਹ ਵੀ ਪਤਾ ਹੈ ਕਿ ਜੇ ਉਸਦੀ ਪਾਰਟੀ ਫਸੀ ਹੈ ਤਾਂ ਸਾਰੀਆਂ ਵਿਰੋਧੀ ਪਾਰਟੀਆਂ ਵੀ ਫਸ ਸਕਦੀਆਂ ਹਨ। ਇਸ ਕਾਰਨ ਉਸਨੇ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਕਿਹਾ ਹੈ ਕਿ "ਸਬਕਾ ਨੰਬਰ ਆਏਗਾ"। ਇਸ ਤਰੀਕੇ ਨਾਲ ਕੇਜਰੀਵਾਲ ਨੇ ਵੀ ਵਿਰੋਧੀ ਸਿਆਸੀ ਪਾਰਟੀਆਂ ਦੇ ਏਕੇ ਦਾ ਹੋਕਾ ਦਿਤਾ ਹੈ। ਕੇਜਰੀਵਾਲ ਨੂੰ ਵੀ ਹੁਣ ਇਹ ਅਹਿਸਾਸ ਹੋ ਚੁਕਿਆ ਹੈ ਕਿ ਆਮ ਆਦਮੀ ਪਾਰਟੀ ਵਿੱਚ ਅਜੇ ਏਨਾ ਦਮ ਖਮ ਨਹੀਂ ਹੈ ਕਿ ਉਹ ਇਕਲਿਆਂ ਭਾਜਪਾ ਦਾ ਮੁਕਾਬਲਾ ਕਰ ਸਕੇ। ਇਸ ਦੇ ਲਈ ਆਮ ਆਦਮੀ ਪਾਰਟੀ ਨੂੰ ਭਾਜਪਾ ਵਿਰੋਧੀ ਹੋਰਨਾਂ ਸਿਆਸੀ ਪਾਰਟੀਆਂ ਨਾਲ ਗਠਜੋੜ ਕਰਨਾ ਹੀ ਪਵੇਗਾ।

ਇਸ ਤੋਂ ਇਲਾਵਾ ਵਿਰੋਧੀ ਸਿਆਸੀ ਪਾਰਟੀਆਂ ਇਸ ਗਲ ਤੋਂ ਚਿੰਤਤ ਹਨ ਕਿ ਜਿਹੜੇ ਸੂਬਿਆਂ ਵਿੱਚ ਭਾਜਪਾ ਵਿਰੋਧੀ ਸਰਕਾਰਾਂ ਹਨ, ਉਹਨਾਂ ਸੂਬਿਆਂ ਵਿੱਚ ਉਥੋਂ ਦੇ ਰਾਜਪਾਲ ਕੇਂਦਰ ਸਰਕਾਰ ਦਾ ਕਥਿਤ 'ਏਜੰਟ' ਬਣ ਕੇ ਕੰਮ ਕਰ ਰਹੇ ਹਨ ਅਤੇ ਲੋਕਾਂ ਵੱਲੋਂ ਵੋਟਾਂ ਪਾ ਕੇ ਜਮਹੂਰੀ ਢੰਗ ਨਾਲ ਚੁਣੀਆਂ ਸਰਕਾਰਾਂ ਲਈ ਸਿਰਦਰਦੀ ਬਣ ਰਹੇ ਹਨ। ਹਾਲ ਹੀ ਵਿੱਚ ਤਾਮਿਲਨਾਡੂ ਵਿਧਾਨ ਸਭਾ ਨੇ ਰਾਜਪਾਲ ਆਰ ਐਨ ਰਵੀ ਦੇ ਖਿਲਾਫ ਮਤਾ ਪਾਸ ਕੀਤਾ ਹੈ। ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਨੇ ਗੈਰ-ਭਾਜਪਾ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਪੱਤਰ ਲਿਖ ਕੇ ਸ਼ਿਕਾਇਤ ਕੀਤੀ ਹੈ ਕਿ " ਅਸੀਂ ਸੰਘੀ ਸਹਿਯੋਗ ਦੀ ਭਾਵਨਾ ਨੂੰ ਖਤਮ ਹੁੰਦਾ ਦੇਖ ਰਹੇ ਹਾਂ।"

ਭਾਰਤ ਦੀ ਰਾਸ਼ਟਰੀ ਰਾਜਨੀਤੀ ਵਿੱਚ ਪਿਛਲੇ ਦਿਨਾਂ ਦੌਰਾਨ ਅਹਿਮ ਗਲ ਇਹ ਹੋਈ ਹੈ ਕਿ ਜਿਥੇ ਆਮ ਆਦਮੀ ਪਾਰਟੀ ਖੇਤਰੀ ਪਾਰਟੀ ਤੋਂ ਰਾਸ਼ਟਰੀ ਪਾਰਟੀ ਦਾ ਦਰਜ਼ਾ ਪ੍ਰਾਪਤ ਕਰ ਗਈ ਹੈ, ਉਥੇ ਹੀ ਸ਼ਰਦ ਪਵਾਰ ਦੀ ਐਨਸੀਪੀ, ਮਮਤਾ ਬੈਨਰਜੀ ਦੀ ਟੀਐਮਸੀ ਅਤੇ ਸੀਪੀਆਈ ਨੇ ਆਪਣੀ ਰਾਸ਼ਟਰੀ ਪਾਰਟੀ ਦਾ ਦਰਜਾ ਗੁਆ ਦਿੱਤਾ ਹੈ।

ਇਹ ਵੀ ਅਸਲੀਅਤ ਹੈ ਕਿ ਭਾਰਤ ਵਿੱਚ ਭਾਜਪਾ ਵਿਰੋਧੀ ਸਿਆਸੀ ਪਾਰਟੀਆਂ ਦੇ ਸਾਂਝੇ ਮੋਰਚੇ ਜਾਂ ਗਠਜੋੜ ਦੀ ਗਲ ਪਹਿਲਾਂ ਵੀ ਬਹੁਤ ਵਾਰ ਚੱਲੀ ਹੈ, ਪਰ ਇਹ ਇਸ ਕਰਕੇ ਸਿਰੇ ਨਹੀਂ ਚੜੀ ਕਿਉਂਕਿ ਵੱਖ- ਵੱਖ ਵਿਰੋਧੀ ਧਿਰਾਂ ਦੇ ਆਗੂ ਆਪਣੇ ਆਪ ਨੂੰ ਹੀ ਸੰਭਾਵੀ ਪ੍ਰਧਾਨਮੰਤਰੀ ਅਹੁਦੇ ਦਾ ਉਮੀਦਵਾਰ ਹੋਣ ਦਾ ਭਰਮ ਪਾਲੀ ਬੈਠੇ ਹਨ। ਇਸ ਤੋਂ ਇਲਾਵਾ ਕੁਝ ਵਿਰੋਧੀ ਪਾਰਟੀਆਂ ਕਾਂਗਰਸ ਨਾਲ ਰਲਕੇ ਭਾਜਪਾ ਵਿਰੁੱਧ ਸਾਂਝਾ ਮੋਰਚਾ ਬਣਾਉਣ ਦੀਆਂ ਚਾਹਵਾਨ ਹਨ ਅਤੇ ਕੁਝ ਵਿਰੋਧੀ ਸਿਆਸੀ ਪਾਰਟੀਆਂ ਗੈਰ ਭਾਜਪਾ ਅਤੇ ਗੈਰ ਕਾਂਗਰਸ ਵਾਲਾ ਸਾਂਝਾ ਸਿਆਸੀ ਗਠਜੋੜ ਬਣਾਉਣਾ ਚਾਹੁੰਦੀਆਂ ਹਨ। ਇਸ ਤੋਂ ਇਲਾਵਾ ਕਾਂਗਰਸ ਵੀ ਇਹ ਚਾਹੁੰਦੀ ਹੈ ਕਿ ਭਾਜਪਾ ਵਿਰੁੱਧ ਜੋ ਵੀ ਮੋਰਚਾ ਬਣੇ, ਉਸ ਵਿੱਚ ਕਾਂਗਰਸ ਦੀ ਅਹਿਮ ਭੂਮਿਕਾ ਹੋਵੇ ਅਤੇ ਕਾਂਗਰਸ ਦੀ ਅਗਵਾਈ ਵਿੱਚ ਹੀ ਭਾਜਪਾ ਵਿਰੋਧੀ ਸਿਆਸੀ ਗਠਜੋੜ ਬਣੇ। ਇਸ ਕਾਰਨ ਹੀ ਭਾਜਪਾ ਵਿਰੋਧੀ ਸਿਆਸੀ ਗਠਜੋੜ ਅਜੇ ਤਕ ਪੂਰੀ ਮਜਬੂਤੀ ਨਾਲ ਨਹੀਂ ਹੋ ਸਕਿਆ।

ਭਾਜਪਾ ਵਿਰੁੱਧ ਸਿਆਸੀ ਗਠਜੋੜ ਬਣਾਉਣ ਲਈ ਭਾਵੇਂ ਕਰੀਬ ਸਾਰੇ ਵਿਰੋਧੀ ਆਗੂ ਇਸ ਸਮੇਂ ਸਰਗਰਮ ਹਨ ਪਰ ਸਭ ਤੋਂ ਅਹਿਮ ਭੂਮਿਕਾ ਨਿਤੀਸ਼ ਕੁਮਾਰ ਵੱਲੋਂ ਨਿਭਾਈ ਜਾ ਰਹੀ ਹੈ। ਪਹਿਲਾਂ ਸ਼ਰਦ ਪਵਾਰ ਵੱਲੋਂ ਭਾਜਪਾ ਵਿਰੁੱਧ ਸਿਆਸੀ ਗਠਜੋੜ ਦੀ ਕਵਾਇਦ ਕੀਤੀ ਜਾ ਰਹੀ ਸੀ ਪਰ ਸ਼ਰਦ ਪਵਾਰ ਨੂੰ ਬਹੁਤੇ ਭਰੋਸੇਮੰਦ ਨਹੀਂ ਮੰਨਿਆ ਜਾਂਦਾ ਹੈ। ਦੂਜੇ ਪਾਸੇ ਨਿਤੀਸ਼ ਕੁਮਾਰ ਵਿਰੋਧੀ ਸਿਆਸੀ ਪਾਰਟੀਆਂ ਵਿੱਚ ਭਰੋਸੇਮੰਦ ਮੰਨੇ ਜਾਂਦੇ ਹਨ। ਉਹ 18 ਸਾਲ ਤੱਕ ਮੁੱਖ ਮੰਤਰੀ ਰਹੇ ਹਨ ਅਤੇ ਕੇਂਦਰੀ ਮੰਤਰੀ ਵੀ ਰਹੇ ਹਨ। ਉਸ ਦੀ ਆਪਣੀ ਕੌਮੀ ਖਾਹਿਸ਼ ਵੀ ਹੈ ਜਿਸ ਨੂੰ ਸਾਰੇ ਵਿਰੋਧੀਆਂ ਨੂੰ ਨਾਲ ਲੈ ਕੇ ਹੀ ਪੂਰਾ ਕੀਤਾ ਜਾ ਸਕਦਾ ਹੈ। ਉਸ ਦੇ ਸਮਰਥਕ ਉਸ ਦੀ 'ਕੌਮੀ ਭੂਮਿਕਾ' ਦੀ ਗੱਲ ਕਰ ਰਹੇ ਹਨ। ਉਸ ਦੀ ਕੋਸ਼ਿਸ਼ 2024 ਵਿੱਚ ਭਾਜਪਾ ਦੇ ਖਿਲਾਫ ਇਕਜੁੱਟ ਮੋਰਚਾ ਖੜ੍ਹਾ ਕਰਨ ਦੀ ਹੈ, ਜਿਵੇਂ ਕਿ 1977 ਅਤੇ 1989 ਵਿੱਚ ਕਾਂਗਰਸ ਦੇ ਖਿਲਾਫ ਕੀਤਾ ਗਿਆ ਸੀ।ਇਸ ਸਮੇਂ ਸਭ ਦੀਆਂ ਨਜ਼ਰਾਂ ਆਉਣ ਵਾਲੀਆਂ ਲੋਕ ਸਭਾ ਚੋਣਾਂ 2024 'ਤੇ ਲਗੀਆਂ ਹੋਈਆਂ ਹਨ। ਵਿਰੋਧੀ ਸਿਆਸੀ ਪਾਰਟੀਆਂ ਵੱਲੋਂ ਵੀ ਭਾਜਪਾ ਵਿਰੁੱਧ ਸਿਆਸੀ ਗਠਜੋੜ ਅਗਲੀਆਂ ਲੋਕ ਸਭਾ ਚੋਣਾਂ ਨੂੰ ਮੁੱਖ ਰੱਖਕੇ ਹੀ ਬਣਾਇਆ ਜਾ ਰਿਹਾ ਹੈ। ਇਸੇ ਕਾਰਨ ਕਿਹਾ ਜਾ ਸਕਦਾ ਹੈ ਕਿ ਵਿਰੋਧੀ ਧਿਰ ਕੋਲ ਭਾਜਪਾ ਵਿਰੁੱਧ ਸਾਂਝਾ ਗਠਜੋੜ ਬਣਾਉਣ ਦਾ ਕੋਈ ਲੰਬਾ ਪਲਾਨ ਨਹੀਂ ਹੈ, ਜਿਸ ਕਰਕੇ ਇਸ ਨੂੰ ਸਿਰਫ ਅਗਲੀਆਂ ਲੋਕ ਸਭਾ ਚੋਣਾਂ ਲਈ ਮਜਬੂਰੀ ਵਿੱਚ ਕੀਤਾ ਗਿਆ ਸਿਆਸੀ ਗਠਜੋੜ ਕਿਹਾ ਜਾ ਸਕਦਾ ਹੈ। ਇਹ ਠੀਕ ਹੈ ਕਿ 1977 ਅਤੇ 1989 ਵਿੱਚ ਕਾਂਗਰਸ ਦੇ ਖਿਲਾਫ ਵਿਰੋਧੀ ਸਿਆਸੀ ਪਾਰਟੀਆਂ ਵੱਲੋਂ ਸਾਂਝਾ ਗਠਜੋੜ ਬਣਾਏ ਗਏ ਸਨ, ਪਰ ਇਹ ਗਠਜੋੜ ਲੰਬਾ ਸਮਾਂ ਨਹੀ ਸੀ ਚਲੇ। ਇਹਨਾਂ ਗਠਜੋੜਾਂ ਦੀਆਂ ਸਫਲਤਾਵਾਂ ਦੇ ਨਾਲ ਅਸਫਲਤਾਵਾਂ ਨੂੰ ਵੀ ਧਿਆਨ ਵਿੱਚ ਰੱਖਕੇ ਵਿਰੋਧੀ ਸਿਆਸੀ ਪਾਰਟੀਆਂ ਨੂੰ ਭਾਜਪਾ ਵਿਰੁੱਧ ਸਾਂਝਾ ਸਿਆਸੀ ਗਠਜੋੜ ਬਣਾਉਣਾ ਪਵੇਗਾ ਅਤੇ ਵਿਰੋਧੀ ਸਿਆਸੀ ਪਾਰਟੀਆ ਨੂੰ ਇਸ ਸਿਆਸੀ ਗਠਜੋੜ ਨੂੰ ਸਿਰਫ ਅਗਲੀਆਂ ਲੋਕ ਸਭਾ ਚੋਣਾਂ ਤਕ ਸੀਮਿਤ ਨਾ ਕਰਕੇ ਲੰਬੇ ਸਮੇਂ ਦੀ ਏਕਤਾ ਵਾਲੀ ਰਣਨੀਤੀ ਅਪਨਾਉਣੀ ਪਵੇਗੀ।

# ਹਿੰਸਾ, ਨਸਲਵਾਦ, ਨ਼ਫ਼ਰਤ ਅਤੇ ਫ਼ਿਰਕੂਵਾਦ 'ਚ ਕਿਉਂ ਜਕੜਿਆ ਗਿਐ

# ਹਿੰਦੂ ਸਮਾਜ




ਅਪੂਰਵਾਨੰਦ
ਪ੍ਰੋਫੈਸਰ ਦਿੱਲੀ ਯੂਨੀਵਰਸਿਟੀ

ਬਹੁਤ ਸਾਰੇ ਹਿੰਦੂਆਂ ਵਿੱਚ ਬਿਨਾਂ ਕਿਸੇ ਸੰਗਠਨ ਦੇ ਵੀ ਸਮੂਹਿਕ ਹਿੰਸਾ ਜਾਂ ਨਸਲਵਾਦ ਦੂਜਿਆਂ ਪ੍ਰਤੀ ਨਫ਼ਰਤ ਦਾ ਪ੍ਰਗਟਾਵਾ ਕਰਨ ਦਾ ਵਹਿਸ਼ੀਪੁਣਾ ਅਸ਼ਲੀਲਤਾ ਦੇ ਪੱਧਰ ਤੱਕ ਪਹੁੰਚ ਗਿਆ ਹੈ। ਇਨ੍ਹਾਂ ਹਿੰਦੂਆਂ ਵਿੱਚ ਅਜਿਹੇ ਹੁਨਰਮੰਦ ਫਿਰਕੂ ਬੁਲਾਰਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ ਜੋ ਖੁੱਲ੍ਹੇਆਮ ਫਿਰਕੂ ਹਿੰਸਾ ਦਾ ਪ੍ਰਚਾਰ ਕਰਦੇ ਹਨ। ਬੁਲਾਰਿਆਂ ਦੇ ਨਾਲ-ਨਾਲ ਉਨ੍ਹਾਂ ਦੇ ਸਰੋਤਿਆਂ ਦੀ ਗਿਣਤੀ ਵੀ ਵਧ ਰਹੀ ਹੈ। ਈਦ ਦੇ ਦਿਨ ਜਦੋਂ ਗ਼ੈਰ-ਮੁਸਲਮਾਨਾਂ ਵੱਲੋਂ ਮੁਸਲਮਾਨਾਂ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਸਨ ਤਾਂ ਮੈਨੂੰ ਕਿਸੇ ਨੇ ਇੱਕ ਵੀਡੀਓ ਭੇਜੀ। ਇਸ ਵੀਡਿਓ ਵਿੱਚ ਮਸ਼ਹੂਰ ਗਾਇਕ ਸ਼ਾਨ ਆਪਣੇ ਪ੍ਰਸ਼ੰਸਕਾਂ ਨੂੰ ਕੁਝ ਕਹਿ ਰਹੇ ਸਨ। ਪਤਾ ਲੱਗਾ ਹੈ ਕਿ ਈਦ ਦੇ ਮੌਕੇ 'ਤੇ ਉਸ ਨੇ ਟੋਪੀ ਪਾ ਕੇ ਨਮਾਜ਼ ਅਦਾ ਕਰਦੇ ਹੋਏ ਆਪਣੀ ਤਸਵੀਰ ਪ੍ਰਸਾਰਿਤ ਕੀਤੀ ਸੀ। ਇਸ ਦੇ ਜਵਾਬ ਵਿੱਚ, ਉਸ ਨੂੰ ਉਸ ਦੇ ਹਿੰਦੂ ਸਰੋਤਿਆਂ ਨੇ ਬਹੁਤ ਘਟੀਆ ਪੱਧਰ ਉਪਰ ਗਾਲ੍ਹਾਂ ਕੱਢੀਆਂ। ਸ਼ਾਨ ਨੇ ਪਹਿਲਾਂ ਇਸ ਨੂੰ ਨਜ਼ਰ ਅੰਦਾਜ਼ ਕਰਨ ਬਾਰੇ ਸੋਚਿਆ, ਪਰ ਗਿਣਤੀ ਇੰਨੀ ਵੱਧ ਸੀ ਕਿ ਉਸ ਨੂੰ ਕੁਝ ਕਹਿਣਾ ਜ਼ਰੂਰੀ ਜਾਪਿਆ। ਉਸ ਨੇ ਬੜੇ ਪਿਆਰ ਨਾਲ ਸਮਝਾਇਆ ਕਿ ਇਸ ਤਰ੍ਹਾਂ ਦੂਜੇ ਧਰਮ ਅਤੇ ਉਨ੍ਹਾਂ ਦੇ ਜੀਵਨ ਢੰਗ ਨੂੰ ਸਤਿਕਾਰਨਾ ਮਾੜੀ ਗੱਲ ਕਿਵੇਂ ਹੈ? ਆਪਣੇ ਨਿਮਰ ਢੰਗ ਨਾਲ, ਉਸਨੇ ਦ੍ਰਿੜ੍ਹਤਾ ਨਾਲ ਕਿਹਾ ਕਿ ਉਹ ਸਾਂਝੀਵਾਲਤਾ ਤੇ ਪਿਆਰ ਨੂੰ ਚੰਗਾ ਸਮਝਦਾ ਹੈ, ਇਸ ਲਈ ਉਹ ਨਹੀਂ ਬਦਲੇਗਾ।

ਈਦ ਦੇ ਦਿਨ ਗਾਇਕ ਸ਼ਾਨ ਨੂੰ ਸੁਣਦਿਆਂ ਮੈਂ ਹਿੰਦੂਆਂ ਬਾਰੇ ਫਿਕਰ ਕਰ ਰਿਹਾ ਸੀ ਚਾਹੇ ਉਹ ਭਾਰਤ ਵਿੱਚ ਵਸੇ ਹਨ ਜਾਂ ਵਿਦੇਸ਼ਾਂ ਵਿੱਚ। ਉਨ੍ਹਾਂ ਬਾਰੇ ਸਹੀ ਢੰਗ ਨਾਲ ਸੋਚਿਆ ਹੀ ਨਹੀਂ ਜਾ ਰਿਹਾ। ਉਨ੍ਹਾਂ ਬਾਰੇ ਪੜਤਾਲ ਨਹੀਂ ਕੀਤੀ ਜਾ ਰਹੀ ਕਿ ਉਹ ਕਿਹੋ ਜਿਹਾ ਬਿਮਾਰ ਸਮਾਜ ਉਸਾਰ ਰਹੇ ਹਨ ਜੋ ਹਿੰਸਾ ਤੇ ਨਫ਼ਰਤ ਵਿੱਚ ਜੀਉਂਦਾ ਰਹਿਣਾ ਚਾਹੁੰਦਾ ਹੈ। ਕੋਈ ਵੀ ਉਨ੍ਹਾਂ ਦੀ ਸਮੂਹਿਕ ਸਮਾਜਿਕ ਮਨੋਵਿਗਿਆਨਕ ਸਿਹਤ ਦੀ ਪਰਵਾਹ ਨਹੀਂ ਕਰ ਰਿਹਾ। ਇਸੇ ਚਿੰਤਾ ਕਾਰਨ ਸ਼ਾਨ ਨੇ ਆਪਣੇ ਗਾਇਕੀ ਦੇ ਪ੍ਰੋਗਰਾਮ ਤੋਂ ਪਹਿਲਾਂ ਇਸ ਨੂੰ ਰਿਕਾਰਡ ਕਰਨਾ ਜ਼ਰੂਰੀ ਸਮਝਿਆ।ਪਿਛਲੇ ਸਾਲਾਂ ਵਿੱਚ ਭਾਰਤ ਦੇ ਮੁਸਲਮਾਨਾਂ ਉਪਰ ਹੋ ਰਹੇ ਹਿੰਸਕ ਹਮਲਿਆਂ ਅਪਮਾਨ, ਕਤਲਾਂ ਅਤੇ ਘਰਾਂ ਦੀ ਤਬਾਹੀ ,ਦੁਖਾਂਤ ਬਾਰੇ ਅਤੇ ਰਾਜ ਅਤੇ ਸਮਾਜ ਦੁਆਰਾ ਉਨ੍ਹਾਂ ਨਾਲ ਕੀਤੀਆਂ ਜਾ ਰਹੀਆਂ ਬੇਇਨਸਾਫ਼ੀਆਂ ਬਾਰੇ ਬਹੁਤ ਕੁਝ ਲਿਖਿਆ ਗਿਆ ਹੈ।

ਸਾਰੇ ਮੁਗਲ ਮੁਸਲਮਾਨ ਸਨ, ਪਰ ਹਰ ਮੁਸਲਮਾਨ ਮੁਗਲ ਨਹੀਂ ਹੈ।ਪਰ ਮੁਗਲ ਹੋਣ ਦੀਆਂ ਜ਼ਹਿਰੀ ਟਿੱਪਣੀਆਂ ਮੁਸਲਮਾਨ ਝੱਲ ਰਹੇ ਹਨ ਅਤੇ ਜਿਉਂਦੇ ਹਨ। ਮੁਸਲਮਾਨਾਂ ਦੇ ਜ਼ਿੰਦਾ ਹੋਣ ਦਾ ਸਬੂਤ ਇਹ ਹੈ ਕਿ ਰਾਜ ਦੀ ਸਾਰੀ ਤਾਕਤ ਦੇ ਬਾਵਜੂਦ ਮੁਸਲਮਾਨ ਔਰਤ ਬਿਲਕਿਸ ਬਾਨੋ ਅਜੇ ਵੀ ਇਨਸਾਫ ਲਈ ਜੂਝ ਰਹੀ ਹੈ। ਉਸ ਦੀ ਜ਼ੁਬਾਨ ਵਿੱਚ ਨਿਮਰਤਾ ਹੈ ਅਤੇ ਇਹ ਗਰੀਬੀ ਦੀ ਨਿਸ਼ਾਨੀ ਨਹੀਂ ਹੈ।

ਖਾਲਿਦ ਸੈਫੀ 3 ਸਾਲ ਜੇਲ ਵਿੱਚ ਰੱਖਣ ਤੋਂ ਬਾਅਦ ਜਦੋਂ ਘਰ ਆਉਂਦਾ ਹੈ ਤਾਂ ਉਹ ਮੁਸਕਰਾ ਕੇ ਹੱਸਦਾ ਹੈ। ਜੋ ਵੀ ਸਮਾਂ ਮਿਲਦਾ ਹੈ, ਉਹ ਆਪਣੀ ਮਾਂ ਦੇ ਨਹੁੰ ਕੱਟਦਾ ਹੈ ਅਤੇ ਉਸ ਨੂੰ ਸੇਵੀਆਂ ਖੁਆਉਂਦਾ ਹੈ।ਸੁਪਰੀਮ ਕੋਰਟ ਦੀ ਬੇਇਨਸਾਫੀ ਦੇ ਬਾਵਜੂਦ ਜ਼ਕੀਆ ਜਾਫਰੀ ਇਨਸਾਫ ਲਈ ਲੜਨਾ ਨਹੀਂ ਛੱਡਦੀ। ਰਾਮ ਨੌਮੀ ਦੇ ਮੌਕੇ 'ਤੇ ਹਿੰਸਾ ਅਤੇ ਅਸ਼ਲੀਲਤਾ ਦਾ ਸਾਹਮਣਾ ਕਰਨ ਤੋਂ ਬਾਅਦ ਵੀ ਮੁਸਲਮਾਨ ਈਦ ਪੂਰੇ ਉਤਸ਼ਾਹ ਨਾਲ ਮਨਾਉਂਦੇ ਹਨ। ਇਹ ਸਭ ਮੁਸਲਮਾਨਾਂ ਵਿੱਚ ਮਨੁੱਖਤਾ ਦੇ ਜਿਉਂਦੇ ਰਹਿਣ ਦਾ ਸਬੂਤ ਹਨ।ਹੁਣ ਹਿੰਦੂਆਂ ਬਾਰੇ ਵੀ ਇਹੀ ਗੱਲ ਯਕੀਨ ਨਾਲ ਕਹਿਣੀ ਔਖੀ ਹੋ ਰਹੀ ਹੈ।

ਮੈਂ ਰਾਮ ਨੌਮੀ ਦੀ ਗੱਲ ਨਹੀਂ ਕਰ ਰਿਹਾ, ਮੈਂ ਰਾਮ ਸੰਬੰਧੀ ਨਫ਼ਰਤ ਵਾਲਾ ਬਿਰਤਾਂਤ ਸਿਰਜਣ ਬਾਰੇ ਤੇ ਹਿੰਸਕ ਭੀੜਾਂ ਦਾ ਮੁਹਾਵਰਾ ਬਣਾਉਣ ਕਰਕੇ ਚਿੰਤਤ ਹਾਂ। ਸ੍ਰੀ ਰਾਮ ਦਾ ਨਾਰਾ ਮੁਸਲਮਾਨਾਂ ਵਿਰੁੱਧ ਆਪਣੀ ਨਫ਼ਰਤ ਦਾ ਪ੍ਰਗਟਾਵਾ ਕਰਨ ਦਾ ਇੱਕ ਸਾਧਨ ਬਣ ਗਿਆ ਹੈ। ਰਾਮ ਨੌਮੀ ਦੇ ਕੁਝ ਦਿਨਾਂ ਬਾਅਦ ਈਦ ਮੌਕੇ ਮੁਸਲਮਾਨਾਂ ਦੇ ਭਰਵੇਂ ਇਕੱਠ ਦੇ ਬਰਾਬਰ ਰਾਮ ਨੌਮੀ ਦੇ ਹਿੰਸਕ ਇਕੱਠ ਕਰਨ ਨਾਲ ਹੀ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਹਿੰਦੂਆਂ ਦੀਆਂ ਅਜਿਹੀਆਂ ਜਥੇਬੰਦੀਆਂ ਹਨ ਜਿਨ੍ਹਾਂ ਦਾ ਕੰਮ ਮੁਸਲਮਾਨਾਂ ਅਤੇ ਇਸਾਈਆਂ ਵਿਰੁੱਧ ਨਫ਼ਰਤ ਫੈਲਾਉਣਾ



ਹੈ, ਪਰ ਮੁਸਲਮਾਨ ਤੇ ਈਸਾਈ ਅਜਿਹਾ ਨਹੀਂ ਕਰ ਰਹੇ।

ਹਿੰਦੂਆਂ ਦਾ ਇੱਕ ਵਰਗ ਅਜਿਹੇ ਸਿਆਸੀ ਆਗੂਆਂ ਨੂੰ ਆਪਣੇ ਨੁਮਾਇੰਦੇ ਵਜੋਂ ਚੁਣਦਾ ਹੈ ਜੋ ਦੂਜੇ ਭਾਈਚਾਰਿਆਂ ਵਿਰੁੱਧ ਨਫ਼ਰਤ ਫੈਲਾਉਂਦੇ ਹਨ, ਪਰ ਮੁਸਲਮਾਨਾਂ ਨੇ ਅਜਿਹਾ ਨਹੀਂ ਕੀਤਾ। ਅਸੀਂ ਇਸ ਸਮੱਸਿਆ ਬਾਰੇ ਗੱਲ ਨਹੀਂ ਕੀਤੀ ਹੈ ਕਿ ਦੂਜੇ ਧਰਮਾਂ ਪ੍ਰਤੀ ਨਫ਼ਰਤ ਫੈਲਾ ਕੇ ਹਿੰਦੂਆਂ ਦੀਆਂ ਵੋਟਾਂ ਕਿਉਂ ਲਈਆਂ ਜਾ ਰਹੀਆਂ ਹਨ?

ਇਸ ਟਿੱਪਣੀ ਦਾ ਫੌਰੀ ਕਾਰਨ ਹਾਥਰਸ ਨੇੜੇ ਇਕ ਸਕੂਲ ਦੀ ਖਬਰ ਹੈ। ਇਕ ਵੀਡੀਓ ਦੇਖੀ ਜਿਸ ਵਿੱਚ ਇਸ ਸਕੂਲ ਦੇ ਗੇਟ 'ਤੇ ਦਰਜਨਾਂ ਲੋਕ, ਸ਼ਾਇਦ ਇਸ ਵਿੱਚ ਪੜ੍ਹਦੇ ਬੱਚਿਆਂ ਦੇ ਮਾਪੇ ਵੀ ਤਾੜੀਆਂ ਵਜਾ ਰਹੇ ਹਨ ਅਤੇ ਹਨੂੰਮਾਨ ਚਾਲੀਸਾ ਜਾਂ ਮਾਨਸ ਗਾ ਰਹੇ ਹਨ। ਸੁਣਨ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਨੂੰ ਇਹ ਭਜਨ ਯਾਦ ਨਹੀਂ ਹੈ। ਉਹ ਟੁੱਟੇ-ਭੱਜੇ ਢੰਗ ਨਾਲ ਗਾਕੇ ਉਛਲ ਕੇ, ਤਾੜੀਆਂ ਵਜਾ ਰਹੇ ਹਨ। ਇਹ ਹਨੂੰਮਾਨ ਜਾਂ ਰਾਮ ਦੀ ਵਡਿਆਈ ਕਰਨ ਲਈ ਨਹੀਂ ਬਲਕਿ ਆਪਣੇ ਗੁੱਸੇ ਨੂੰ ਪ੍ਰਗਟ ਕਰਨ ਲਈ ਗਾਇਆ ਜਾ ਰਿਹਾ ਹੈ। ਇਹ ਵੀ ਪਤਾ ਲੱਗਾ



ਕਿ ਸਾਰੇ ਮਾਂ ਬਾਪ ਹਿੰਦੂ ਸਨ।ਆਖ਼ਰ ਮਸਲਾ ਕੀ ਸੀ ?

ਪਤਾ ਲੱਗਾ ਕਿ ਉਹਨਾਂ ਨੂੰ ਗੁੱਸਾ ਹੈ ਕਿ ਉਹਨਾਂ ਦੇ ਬੱਚਿਆਂ ਨੂੰ ਨਮਾਜ਼ ਪੜ੍ਹਾਈ ਗਈ। ਉਹ ਸਕੂਲ ਦੇ ਅਧਿਆਪਕਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕਰ ਰਹੇ ਸਨ। ਗੱਲ ਇਹ ਸੀ ਕਿ 18 ਅਪ੍ਰੈਲ ਨੂੰ ਵਿਸ਼ਵ ਧਰੋਹਰ ਦਿਵਸ ਦੇ ਮੌਕੇ ਸਕੂਲ ਨੇ ਸਾਰੇ ਧਰਮਾਂ ਨਾਲ ਜਾਣੂ ਕਰਵਾਉਣ ਦੇ ਉਦੇਸ਼ ਨਾਲ ਇਕ ਪ੍ਰੋਗਰਾਮ ਕਰਵਾਇਆ। ਉਸ ਵਿਚ ਬੱਚਿਆਂ ਨੇ ਅੱਲਾਮਾ ਇਕਬਾਲ ਦੀ ਮਸ਼ਹੂਰ ਪ੍ਰਾਰਥਨਾ 'ਲਬ ਪੇ ਆਤੀ ਹੈ ਦੁਆ' ਵੀ ਗਾਇਆ। ਇਹ ਇਸਲਾਮ ਨਾਲ ਸੰਬੰਧਿਤ ਅਰਦਾਸ ਬਿਲਕੁਲ ਨਹੀਂ ਸੀ। ਬੱਚਿਆਂ ਨੇ ਹੋਰਨਾਂ ਧਰਮਾਂ ਦੀਆਂ ਪ੍ਰਾਰਥਨਾਵਾਂ ਵੀ ਗਾਇਨ ਕੀਤੀਆਂ।

ਪਰ ਇਹ ਗੱਲ ਬਾਹਰ ਇਸ ਰੂਪ ਵਿੱਚ ਫੈਲਾਈ ਗਈ ਕਿ ਬੱਚਿਆਂ ਨੂੰ ਨਮਾਜ਼ ਪੜ੍ਹਾਈ ਗਈ। ਸਕੂਲ ਦੀ ਮੁੱਖ ਅਧਿਆਪਕਾ ਸਮੇਤ ਦੋ ਅਧਿਆਪਕਾਂ ਨੂੰ ਮੁਅੱਤਲ ਕਰ ਦਿੱਤਾ ਗਿਆ। ਸਕੂਲ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਜਾਂਚ ਦੇ ਹੁਕਮ ਦਿੱਤੇ ਹਨ।ਪ੍ਰਸ਼ਾਸਨ ਨੇ ਪ੍ਰੈੱਸ ਨੂੰ ਸਪੱਸ਼ਟ ਕਿਹਾ ਕਿ ਨਮਾਜ਼ ਅਦਾ ਕਰਨ ਦਾ ਮਾਮਲਾ ਗਲਤ ਹੈ, ਇਹ ਅਫਵਾਹ ਫੈਲਾਈ ਗਈ ਸੀ। ਇਸ ਅਫਵਾਹ ਕਾਰਨ ਉਨ੍ਹਾਂ ਅਧਿਆਪਕਾਂ ਨੂੰ ਸਜ਼ਾ ਦੇਣ ਦੀ ਕਾਰਵਾਈ ਬਾਰੇ ਜਾਣਕਾਰੀ ਦਿੱਤੀ। ਪ੍ਰਸ਼ਾਸਨ ਨੇ ਇਹ ਨਹੀਂ ਦੱਸਿਆ ਕਿ ਅਫ਼ਵਾਹ ਫੈਲਾਉਣ ਵਾਲਿਆਂ ਖ਼ਿਲਾਫ਼ ਉਸ ਨੇ ਕੀ ਕਾਰਵਾਈ ਕੀਤੀ ਹੈ?

ਕੀ ਹਿੰਦੂਆਂ ਨੂੰ ਅਫਵਾਹਾਂ ਫੈਲਾਉਣ ਦਾ ਹੱਕ ਹੈ? ਇਸ ਮਾਮਲੇ ਵਿੱਚ ਕੀ ਗਲਤ ਹੈ ਜਿਸ ਕਰਕੇ ਅਧਿਆਪਕ ਦੋਸ਼ੀ ਹਨ ? ਜ਼ਾਹਿਰ ਹੈ ਕਿ ਸਕੂਲ ਦੇ ਅਧਿਆਪਕਾਂ ਨੇ ਜੋ ਵੀ ਕੀਤਾ, ਉਹ ਸਾਰੇ ਸਮਾਜ ਪ੍ਰਤੀ ਬੱਚਿਆਂ ਵਿੱਚ ਸਾਂਝੀਵਾਲਤਾ ਪ੍ਰਤੀ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਪੈਦਾ ਕਰਨ ਦੇ ਉਦੇਸ਼ ਨਾਲ ਕੀਤਾ ਗਿਆ। ਪਰ ਉਹ ਨਹੀਂ ਜਾਣਦੇ ਸਨ ਕਿ ਹੁਣ ਹਿੰਦੂ ਆਪਣੇ ਬੱਚਿਆਂ ਵਿੱਚ ਅਜਿਹੀ ਸੰਵੇਦਨਸ਼ੀਲਤਾ ਨਹੀਂ ਚਾਹੁੰਦੇ। ਉਹ ਆਪ ਤਾਂ ਆਪਣੇ ਧਰਮ, ਆਪਣੇ ਧਾਰਮਿਕ ਗ੍ਰੰਥਾਂ, ਇਸ ਦੀਆਂ ਅਰਦਾਸਾਂ ਨੂੰ ਚੰਗੀ ਤਰ੍ਹਾਂ ਨਹੀਂ ਜਾਣਦੇ ਅਤੇ ਨਾ ਹੀ ਇਸ ਵਿਚ ਦਿਲਚਸਪੀ ਰੱਖਦੇ ਹਨ, ਪਰ ਉਨ੍ਹਾਂ ਵਿੱਚ ਦੂਜੇ ਧਰਮਾਂ ਪ੍ਰਤੀ ਇਕ ਕਿਸਮ ਦੀ ਨਫ਼ਰਤ ਜ਼ਰੂਰ ਪੈਦਾ ਹੋ ਗਈ ਹੈ, ਇਹ ਇਕੱਲਾ ਮਾਮਲਾ ਨਹੀਂ ਹੈ। ਪਿਛਲੇ ਕੁਝ ਸਮੇਂ ਤੋਂ ਝਾਰਖੰਡ, ਗੁਜਰਾਤ, ਕਰਨਾਟਕ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਹੋਰ ਰਾਜਾਂ ਤੋਂ ਅਜਿਹੀਆਂ ਰਿਪੋਰਟਾਂ ਆ ਰਹੀਆਂ ਹਨ।

ਪਿਛਲੇ ਸਾਲ, ਗੁਜਰਾਤ ਦੇ ਇੱਕ ਸਕੂਲ ਨੇ ਬੱਚਿਆਂ ਦਾ ਮਸਜਿਦ ਵਿੱਚ ਦੌਰਾ ਕਰਵਾਇਆ ਸੀ। ਮਾਪੇ ਗੁੱਸੇ ਵਿੱਚ ਆ ਗਏ।



ਸਾਰੇ ਹੀ ਨਹੀਂ, ਪਰ ਜਿਹੜੇ ਲੋਕ ਵੀ ਇਸ ਨੂੰ ਚੰਗਾ ਸਮਝਦੇ ਸਨ, ਉਹ ਏਨੇ ਡਰੇ ਹੋਏ ਸਨ ਕਿ ਸਕੂਲਾਂ ਨਾਲ ਖੜ੍ਹੇ ਨਹੀਂ ਹੋ ਸਕੇ। ਹੁਣ ਦੇਖਿਆ ਜਾ ਰਿਹਾ ਹੈ ਕਿ ਧਾਰਮਿਕ ਮੇਲ-ਮਿਲਾਪ ਜਾਂ ਸਦਭਾਵਨਾ ਦੇ ਸੰਕੇਤ ਮਿਲਦੇ ਹੀ ਹਿੰਦੂ ਸੰਗਠਨ ਅਤੇ ਉਨ੍ਹਾਂ ਦੇ ਨਾਲ ਹਿੰਦੂ ਮਾਪੇ ਭੜਕ ਜਾਂਦੇ ਹਨ। ਹੁਣ ਉਹ ਇਹ ਵੀ ਬਰਦਾਸ਼ਤ ਨਹੀਂ ਕਰ ਸਕਦੇ ਕਿ ਦੂਜੇ ਧਰਮਾਂ ਦੇ ਲੋਕ ਆਪਣੇ ਧਾਰਮਿਕ ਅਚਾਰ ਦਾ ਅਭਿਆਸ ਕਰ ਸਕਣ। ਹੁਣ ਜਦੋਂ ਮੁਸਲਮਾਨ ਆਪਣੇ ਘਰਾਂ ਵਿੱਚ ਨਮਾਜ਼ ਅਦਾ ਕਰਦੇ ਹਨ ਤਾਂ ਉਨ੍ਹਾਂ ਦੇ ਹਿੰਦੂ ਗੁਆਂਢੀਆਂ ਨੇ ਇਤਰਾਜ਼ ਕਰਨਾ ਸ਼ੁਰੂ ਕਰ ਦਿੱਤਾ ਹੈ।

ਉਹ ਆਪਣੇ ਨਗਰ ਵਿੱਚ ਮੰਦਰ ਬਣਾ ਸਕਦੇ ਹਨ ਅਤੇ ਉੱਚੀ-ਉੱਚੀ ਘੰਟੀਆਂ ਅਤੇ ਘੜਿਆਲ ਵਜਾ ਸਕਦੇ ਹਨ, ਪਰ ਉਹ ਇਹ ਬਰਦਾਸ਼ਤ ਨਹੀਂ ਕਰ ਸਕਦੇ ਕਿ ਮੁਸਲਮਾਨ ਆਪਣੇ ਘਰ ਵਿੱਚ ਆਪਣੇ ਪਰਿਵਾਰਕ ਮੈਂਬਰਾਂ ਨਾਲ ਧਾਰਮਿਕ ਵਿਵਹਾਰ ਕਰਨ। ਵੱਡੇ ਦਿਨ ਦੇ ਮੌਕੇ 'ਤੇ, ਹਿੰਦੂ ਸੰਗਠਨ ਚਰਚ ਵਿੱਚ ਦਾਖਲ ਹੋਕੇ ਹਨੂੰਮਾਨ ਚਾਲੀਸਾ ਦਾ ਪਾਠ ਪੜ੍ਹਨ ਲਗਦੇ ਹਨ। ਉਨ੍ਹਾਂ 'ਤੇ ਹਮਲੇ ਕਰਦੇ ਹਨ।ਸੰਗਠਿਤ ਜਾਂ ਸਮੂਹਿਕ ਹਿੰਸਾ ਜਾਂ ਨਫ਼ਰਤ ਤੋਂ ਇਲਾਵਾ, ਦੇਖਿਆ ਜਾਂਦਾ ਹੈ ਕਿ ਬਿਨਾਂ ਕਿਸੇ ਸੰਗਠਨ ਦੇ, ਹਿੰਦੂਆਂ ਦਾ ਦੂਜਿਆਂ ਪ੍ਰਤੀ ਨਫ਼ਰਤ ਦਾ ਪ੍ਰਗਟਾਵਾ ਕਰਨ ਦਾ ਲੋਭ ਅਸ਼ਲੀਲਤਾ ਦੇ ਪੱਧਰ ਤੱਕ ਪਹੁੰਚ ਗਿਆ ਹੈ। ਮੁਸਲਿਮ ਔਰਤਾਂ ਨੂੰ ਖੁੱਲ੍ਹੇਆਮ ਆਨ ਲਾਈਨ ਗਾਲੀ-ਗਲੋਚ ਕਰਦੇ,ਲਿਖਦੇ ਹਨ, ਹੁਣ ਇਸ ਨੂੰ ਕਿਤੇ ਵੀ ਸੰਗਠਨ ਕਰਨ ਦੀ ਲੋੜ ਨਹੀਂ ਹੈ। ਇਹ ਫਿਰਕੂ ਵਰਤਾਰਾ ਲਗਾਤਾਰ ਜਾਰੀ ਹੈ।

ਹਿੰਦੂ ਨੌਜਵਾਨ ਆਪਣੀ ਮਰਜ਼ੀ ਨਾਲ ਇਹ ਬਦਨਾਮੀ ਫੈਲਾਉਂਦੇ ਹਨ।ਇਹ ਨੋਟ ਕੀਤਾ ਗਿਆ ਹੈ ਕਿ ਹਿੰਦੂ ਈਦ ਜਾਂ ਦੂਜੇ ਭਾਈਚਾਰਿਆਂ ਦੇ ਪਵਿੱਤਰ ਦਿਨਾਂ 'ਤੇ ਉਨ੍ਹਾਂ ਵਿਰੁੱਧ ਅਸ਼ਲੀਲ ਟਿੱਪਣੀਆਂ ਕਰਦੇ ਹਨ। ਹਿੰਦੂਆਂ ਵਿੱਚ ਨਫ਼ਰਤ ਅਤੇ ਅਸ਼ਲੀਲਤਾ ਦੀ ਇਹ ਲਾਗ ਹੁਣ ਇੱਕ ਮਹਾਂਮਾਰੀ ਬਣਦੀ ਜਾ ਰਹੀ ਹੈ। ਇਹ ਬਿਮਾਰ ਮਨ ਇੱਕ ਸਿਹਤਮੰਦ ਰਿਸ਼ਤਾ ਕਿਵੇਂ ਬਣਾ ਸਕਦਾ ਹੈ? ਹਿੰਦੂਆਂ ਵਿੱਚ ਅਜਿਹੇ ਬੁਲਾਰਿਆਂ ਤੇ ਸਰੋਤਿਆਂ ਦੀ ਗਿਣਤੀ ਵੀ ਵਧ ਰਹੀ ਹੈ ,ਜਿਸ ਵਿੱਚ ਔਰਤਾਂ ਵੀ ਸ਼ਾਮਲ ਹਨ।ਜਿਸ ਤਰ੍ਹਾਂ ਹਿੰਦੂ ਆਪਣੀ ਜਾਤ ਨੂੰ ਨਾਲ ਲੈ ਕੇ ਵਿਦੇਸ਼ ਜਾਂਦੇ ਹਨ, ਉਸੇ ਤਰ੍ਹਾਂ ਉਹ ਅਸਹਿਣਸ਼ੀਲਤਾ ਦੀ ਇਸ ਬਿਮਾਰੀ ਦੇ ਕੀਟਾਣੂ ਆਪਣੇ ਨਾਲ ਦੂਜੇ ਦੇਸ਼ਾਂ ਵਿੱਚ ਲੈ ਕੇ ਜਾਂਦੇ ਹਨ।

ਅਮਰੀਕਾ, ਆਸਟ੍ਰੇਲੀਆ, ਇੰਗਲੈਂਡ ਵਿੱਚ ਦੇਖਿਆ ਗਿਆ ਹੈ ਕਿ ਹਿੰਦੂ ਜਾਂ ਉਹਨਾਂ ਦੀਆਂ ਜਥੇਬੰਦੀਆਂ ਹੁਣ ਬੜੀ ਢੀਠਤਾ ਨਾਲ ਮੁਸਲਿਮ ਵਿਰੋਧੀ ਨਫ਼ਰਤ ਦਾ ਪ੍ਰਗਟਾਵਾ ਕਰ ਰਹੀਆਂ ਹਨ।ਹਿੰਦੂ ਅਮਰੀਕਾ ਵਿੱਚ ਬੁਲਡੋਜ਼ਰਾਂ ਨਾਲ ਜਲੂਸ ਕੱਢਦੇ ਹਨ। ਹਰ ਕੋਈ ਜਾਣਦਾ ਹੈ ਕਿ ਬੁਲਡੋਜ਼ਰ ਦਾ ਕੀ ਅਰਥ ਹੈ। ਆਸਟ੍ਰੇਲੀਆ ਵਿੱਚ ਸਿੱਖਾਂ ਖਿਲਾਫ ਨਸਲੀ ਹਿੰਸਾ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤੇ ਗਏ ਵਿਸ਼ਾਲ ਜੁੱਡ ਨੂੰ ਸਜ਼ਾ ਦੇ ਤੌਰ 'ਤੇ ਭਾਰਤ ਵਾਪਸ ਭੇਜ ਦਿੱਤਾ ਗਿਆ ਹੈ। ਪਰ ਇੱਥੇ ਪਹੁੰਚਣ 'ਤੇ ਉਸ ਦਾ ਉਤਸ਼ਾਹ ਨਾਲ ਸਵਾਗਤ ਕੀਤਾ ਗਿਆ।ਕੁਝ ਲੋਕ ਕਹਿ ਸਕਦੇ ਹਨ ਕਿ ਇਨ੍ਹਾਂ ਘਟਨਾਵਾਂ ਦੇ ਆਧਾਰ 'ਤੇ ਕਰੋੜਾਂ ਹਿੰਦੂਆਂ ਬਾਰੇ ਕੋਈ ਸਿੱਟਾ ਨਹੀਂ ਕੱਢਿਆ ਜਾ ਸਕਦਾ। ਹਿੰਦੂਆਂ ਨੂੰ ਆਪਣੇ ਦਿਲ 'ਤੇ ਹੱਥ ਰੱਖ ਕੇ ਪੁੱਛਣਾ ਚਾਹੀਦਾ ਹੈ, ਕੀ ਇਹ ਸਹੀ ਹੈ? ਕੀ ਹਿੰਦੂ ਸਮਾਜ ਵਿੱਚ ਨਫ਼ਰਤ ਨਹੀਂ ਵਧ ਰਹੀ? ਕੀ ਉਨ੍ਹਾਂ ਨੂੰ ਦੂਸਰਿਆਂ ਤੋਂ ਐਲਰਜੀ ਨਹੀਂ ਹੋ ਰਹੀ? ਕੀ ਉਹ ਕਿਸੇ ਹੀਣ ਭਾਵਨਾ ਦੇ ਸ਼ਿਕਾਰ ਹਨ ਕਿ ਉਹ ਇਸ ਨੂੰ ਢੱਕਣ ਲਈ ਆਪਣੀ ਬਹੁ ਗਿਣਤੀ ਦੇ ਸਹਾਰੇ ਹਿੰਸਾ ਦਾ ਸਹਾਰਾ ਲੈ ਕੇ ਆਪਣਾ ਦਬਦਬਾ ਸਾਬਤ ਕਰ ਰਹੇ ਹਨ? ਇਹ ਸਵਾਲ ਹੁਣ ਹਿੰਦੂ ਸਮਾਜ ਨੂੰ ਆਪਣੇ ਆਪ ਤੋਂ ਪੁੱਛਣਾ ਪਵੇਗਾ।

(ਲੇਖਕ ਦਿੱਲੀ ਯੂਨੀਵਰਸਿਟੀ ਵਿੱਚ ਪੜ੍ਹਾਉਂਦੇ ਹਨ।

# ਪਿੰਡਾਂ 'ਚ ਵਸਦਾ ਹੈ ਅਸਲੀ ਪੰਜਾਬ

## ਆਜਾ ਮੇਰੇ ਪਿੰਡ ਦੀ ਨੁਹਾਰ ਵੇਖ ਲੈ







ਪੰਜਾਬ ਡਾਇਰੀ
ਜਗਮੋਹਨ ਸਿੰਘ
9463819174

ਹਰ ਪਾਸੇ ਖੇਤਾਂ 'ਚ ਲਹਿਲਹਾਉਂਦੀਆਂ ਫ਼ਸਲਾਂ, ਬਨਸਪਤੀ 'ਤੇ ਪੈਲਾਂ ਪਾਉਂਦੀ ਕੁਦਰਤ, ਰੁੱਖਾਂ ਦੀਆਂ ਡਾਲੀਆਂ ਨਾਲ ਖਹਿ ਕੇ ਰੁਮਕਦੀ ਠੰਢੀ ਤੇ ਤਾਜ਼ੀ ਹਵਾ, ਕੋਇਲ ਦੀ ਕੂ ਹੂ ਕੂ, ਟਿਊਬ ਵੈਲਾਂ 'ਚੋਂ ਛਣ ਛਣ ਕਰ ਕੇ ਨਿਕਲਦਾ ਪਾਣੀ, ਸੱਥਾਂ 'ਚ ਲੱਗੀਆਂ ਰੌਣਕਾਂ, ਦੂਰ ਅਸਮਾਨ 'ਚ ਚੜ੍ਹਦੇ ਸੂਰਜ ਦੀ ਫੈਲੀ ਹੋਈ ਲਾਲੀ ਕੁਦਰਤ ਨਾਲ ਇਕਮਿਕ ਹੋਏ ਪਿੰਡਾਂ 'ਚ ਵਸਦੇ ਅਸਲੀ ਪੰਜਾਬ ਦੀ ਤਸਵੀਰ ਪੇਸ਼ ਕਰਦੇ ਹਨ।

ਸ਼ਹਿਰੀਕਰਨ ਦਾ ਦੈਂਤ ਭਾਵੇਂ ਪਿੰਡਾਂ ਦੀ ਅਨਮੋਲ ਵਿਰਾਸਤ ਨੂੰ ਖਾ ਰਿਹਾ ਹੈ, ਪਰ ਇਸ ਦੇ ਬਾਵਜੂਦ ਪੰਜਾਬ 'ਚ ਅਜਿਹੇ ਪਿੰਡ ਵੀ ਹਨ, ਜਿੰਨਾਂ ਨੇ ਆਪਣਾ ਪੁਰਾਤਨ ਰੂਪ, ਵਿਰਾਸਤੀ ਦਿੱਖ ਅਤੇ ਸੱਭਿਆਚਾਰ ਨੂੰ ਜਿਉਂਦਾ ਰਖਿਆ ਹੋਇਆ ਹੈ। ਇਹ ਵੀ ਅਸਲੀਅਤ ਹੈ ਕਿ ਪੰਜਾਬ ਦੇ ਅਨੇਕਾਂ ਪਿੰਡ ਹੁਣ ਸ਼ਹਿਰਾਂ ਦੀ ਇੱਕ ਕਾਲੋਨੀ ਬਣ ਚੁੱਕੇ ਹਨ, ਜਿਸ ਕਾਰਨ ਇਹਨਾਂ ਪਿੰਡਾਂ ਦਾ ਆਪਣਾ ਵਜੂਦ ਖ਼ਤਮ ਹੋ ਚੁੱਕਿਆ ਹੈ, ਦੂਜੇ ਪਾਸੇ ਪੰਜਾਬ 'ਚ ਵੱਡੀ ਗਿਣਤੀ ਪਿੰਡ ਅਜਿਹੇ ਵੀ ਹਨ, ਜਿੰਨਾਂ ਦੇ ਦਿਲਾਂ 'ਚ ਅਸਲੀ ਪੰਜਾਬ ਧੜਕਦਾ ਹੈ। ਵੱਖ- ਵੱਖ ਪਿੰਡਾਂ 'ਚ ਇਸ ਸਮੇਂ ਕਰੀਬ ਸਾਰੇ ਘਰ ਪੱਕੇ ਹੁੰਦੇ ਹਨ। ਇਸ ਤੋਂ ਇਲਾਵਾ ਪਿੰਡਾਂ 'ਚ ਵੱਖ- ਵੱਖ ਡਿਜ਼ਾਇਨਾਂ ਵਾਲੀਆਂ ਆਲੀਸ਼ਾਨ ਕੋਠੀਆਂ ਵੀ ਦਿਖਾਈ ਦਿੰਦੀਆਂ ਹਨ ਪਰ ਇਸ ਦੇ ਬਾਵਜੂਦ ਇਹਨਾਂ 'ਚੋਂ ਪਿੰਡਾਂ ਦੀ ਵਿਰਾਸਤ ਅਤੇ ਪਿਆਰ ਡੁੱਲ ਡੁੱਲ ਪੈਂਦਾ ਹੈ। ਪੰਜਾਬ ਦੇ ਵੱਡੀ ਗਿਣਤੀ ਪਿੰਡਾਂ ਦੇ ਵਸਨੀਕ ਅਜੇ ਵੀ ਦੁੱਧ, ਲੱਸੀ, ਮੱਖਣ, ਦਹੀਂ ਆਦਿ ਹੀ ਮੁੱਖ ਤੌਰ 'ਤੇ ਖਾਂਦੇ ਤੇ ਪੀਂਦੇ ਹਨ। ਇਸ ਤੋਂ ਇਲਾਵਾ ਪਿੰਡਾਂ ਦੇ ਲੋਕ ਆਪਣੇ ਘਰ ਖੁਦ ਮੱਕੀ ਦੀ ਰੋਟੀ ਤੇ ਸਾਗ ਬਣਾਉਂਦੇ ਅਤੇ ਖਾਂਦੇ ਹਨ। ਸ਼ਹਿਰਾਂ ਦੇ ਵੱਡੀ ਗਿਣਤੀ ਵਸਨੀਕਾਂ ਵਾਂਗ ਉਹਨਾਂ ਨੂੰ ਮੱਕੀ ਦੀ ਰੋਟੀ ਅਤੇ



ਸਾਗ ਢਾਬਿਆਂ ਤੋਂ ਨਹੀਂ ਮੰਗਾਉਣੇ ਪੈਂਦੇ। ਭਾਵੇਂ ਕਿ ਪਿੰਡਾਂ ਦੇ ਨੌਜਵਾਨ ਸ਼ਹਿਰਾਂ 'ਚ ਆ ਕੇ ਫਾਸਟ ਫੂਡ ਵੀ ਖਾਂਦੇ ਵੇਖੇ ਜਾਂਦੇ ਹਨ ਪਰ ਪਿੰਡਾਂ ਵਿਚਲੇ ਆਪਣੇ ਘਰਾਂ 'ਚ ਅਕਸਰ ਨੌਜਵਾਨ ਵੀ ਘਰ ਦਾ ਬਣਿਆ ਦਾਲ- ਫੁਲਕਾ ਖਾਂਦੇ ਹਨ। ਇਸ ਤੋਂ ਇਲਾਵਾ ਪਿੰਡਾਂ ਦੇ ਵੱਡੀ ਗਿਣਤੀ ਵਸਨੀਕਾਂ ਦਾ ਪਹਿਰਾਵਾ ਚਿੱਟਾ ਕੁੜਤਾ ਪਜਾਮਾ ਜਾਂ ਕੁੜਤੇ ਨਾਲ ਚਾਦਰਾ ਹੀ ਹੁੰਦਾ ਹੈ। ਪਿੰਡਾਂ ਦੀਆਂ ਮਹਿਲਾਵਾਂ ਨੇ ਅਜੇ ਵੀ ਚੁੰਨੀ ਲੈਣ ਦੀ ਰਵਾਇਤ ਨੂੰ ਸੰਭਾਲਿਆ ਹੋਇਆ ਹੈ। ਇਸ ਤੋਂ ਇਲਾਵਾ ਪੰਜਾਬ ਦੇ ਵੱਡੀ ਗਿਣਤੀ ਪਿੰਡਾਂ 'ਚ ਅਜੇ ਵੀ ਭਾਈਚਾਰਕ ਸਾਂਝ ਮੌਜੂਦ ਹੈ। ਪਿੰਡਾਂ ਦੇ ਲੋਕ ਅਜੇ ਵੀ ਇਕ ਦੂਜੇ ਦੇ ਦੁੱਖ ਸੁੱਖ ਵਿੱਚ ਸ਼ਾਮਲ ਹੁੰਦੇ ਹਨ।

ਵੱਡੀ ਗਿਣਤੀ ਪੰਜਾਬੀ ਨੌਜਵਾਨਾਂ ਦੇ ਵਿਦੇਸ਼ ਚਲੇ ਜਾਣ ਕਾਰਨ ਪੰਜਾਬ ਦੇ ਅਨੇਕਾਂ ਘਰਾਂ ਵਿੱਚ ਸਿਰਫ਼ ਬਜ਼ੁਰਗ ਹੀ ਰਹਿ ਰਹੇ ਹਨ, ਜਿਸ ਕਰਕੇ ਇਹਨਾਂ ਬਜ਼ੁਰਗਾਂ ਦੇ ਦੁੱਖ ਸੁੱਖ ਵਿੱਚ ਇਹਨਾਂ ਦੇ ਆਂਢ ਗੁਆਂਢ ਵਾਲੇ ਤੇ ਪਿੰਡ ਵਾਸੀ ਹੀ ਖੜ੍ਹਦੇ ਹਨ। ਇਹ ਵੀ ਅਸਲੀਅਤ ਹੈ ਕਿ ਪਿੰਡਾਂ 'ਚ ਅਜੇ ਵੀ ਈਰਖ਼ਾਬਾਜੀ, ਸ਼ਰੀਕੇਬਾਜ਼ੀ ਅਤੇ ਸਾੜਾ ਪਨ ਪਹਿਲਾਂ ਵਾਂਗ ਮੌਜੂਦ ਹੈ, ਪਰ ਇਹ ਸਾਰਾ ਕੁਝ ਪਿੰਡਾਂ ਦੇ ਵਸਨੀਕਾਂ ਦੀਆਂ ਹੋਰਨਾਂ ਚੰਗਿਆਈਆਂ ਅੱਗੇ ਫਿੱਕਾ ਪੈ ਜਾਂਦਾ ਹੈ। ਮਹਾਂ ਨਗਰਾਂ 'ਚ ਜਦੋਂ ਕਿਸੇ ਪਰਿਵਾਰ 'ਚ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਤਾਂ ਮ੍ਰਿਤਕ ਦੇਹ ਸ਼ਮਸ਼ਾਨਘਾਟ ਲਿਜਾਉਣ ਲਈ ਵੀ ਸ਼ਮਸ਼ਾਨ ਘਾਟ ਦੀ ਮ੍ਰਿਤਕ ਦੇਹਾਂ ਲੈ ਕੇ ਜਾਣ ਵਾਲੀ ਗੱਡੀ ਬੁਲਾਉਣੀ ਪੈਂਦੀ ਹੈ ਅਤੇ ਮ੍ਰਿਤਕ ਦੇਹ ਨਾਲ ਬਹੁਤ ਘੱਟ ਵਿਅਕਤੀ ਨਾਲ ਜਾਂਦੇ ਹਨ ਪਰ ਪਿੰਡਾਂ 'ਚ ਅਜੇ ਵੀ ਭਾਈਚਾਰਕ ਸਾਂਝ ਮੌਜੂਦ ਹੋਣ ਕਾਰਨ ਪਿੰਡ ਦੇ ਕਿਸੇ ਵੀ ਵਸਨੀਕ ਦੀ ਮੌਤ ਹੋ ਜਾਣ 'ਤੇ ਪਿੰਡ ਦੇ ਵੱਡੀ ਗਿਣਤੀ ਵਸਨੀਕ ਆਪਣੇ ਆਪ ਸੋਗਮਈ ਪਰਿਵਾਰ ਦੇ ਘਰ ਪਹੁੰਚ ਜਾਂਦੇ ਹਨ ਅਤੇ ਮ੍ਰਿਤਕ ਦੇਹ ਨੂੰ ਸ਼ਮਸ਼ਾਨ ਘਾਟ ਲੈ ਕੇ ਜਾਣ ਤਕ ਅਤੇ ਮ੍ਰਿਤਕ ਦੀਆਂ ਅੰਤਮ ਰਸਮਾਂ ਕਰਨ ਸਮੇਂ ਵੀ ਦੁਖੀ ਪਰਿਵਾਰ ਨਾਲ ਮੋਢੇ ਨਾਲ ਮੋਢਾ ਲਾ ਕੇ ਖੜਦੇ ਹਨ ਅਤੇ ਸੋਗਮਈ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੁੰਦੇ ਹਨ। ਇਸ ਤੋਂ ਇਲਾਵਾ ਪਿੰਡ ਦੇ ਕਿਸੇ ਵਸਨੀਕ ਦੀ ਧੀ ਦੇ ਵਿਆਹ ਮੌਕੇ ਵੀ ਅਕਸਰ ਪਿੰਡ ਵਾਸੀ ਮੂਹਰੇ ਹੋ ਕੇ ਸਾਰੇ ਕੰਮ ਧੰਦੇ ਕਰਦੇ ਹਨ, ਭਾਵੇਂ ਕਿ ਹੁਣ ਮੈਰਿਜ ਪੈਲਿਸਾਂ 'ਚ ਵਿਆਹ ਹੋਣ ਕਾਰਨ ਵਿਆਹ ਦਾ ਸਾਰਾ ਕਾਰਜ ਤਿੰਨ ਚਾਰ ਘੰਟੇ ਵਿੱਚ ਸੰਪੂਰਨ ਹੋ ਜਾਂਦਾ ਹੈ ਪਰ ਪਿੰਡਾਂ 'ਚ ਅਜੇ ਵੀ ਵਿਆਹ ਵਾਲੇ ਘਰ ਦਾ ਮਾਹੌਲ ਵੱਖਰਾ ਹੁੰਦਾ ਹੈ, ਜਿਥੇ ਸ਼ਗਨਾਂ ਦੇ ਗੀਤ ਗਾਏ ਜਾਂਦੇ ਹਨ। ਮੁੰਡੇ ਦੇ ਵਿਆਹ ਮੌਕੇ 'ਘੋੜੀਆਂ' ਗਾਈਆਂ ਜਾਂਦੀਆਂ ਹਨ ਅਤੇ ਕੁੜੀ ਦੇ ਵਿਆਹ ਮੌਕੇ 'ਸੁਹਾਗ' ਦੇ ਗੀਤ ਗਾਏ ਜਾਂਦੇ ਹਨ।



ਸ਼ਹਿਰਾਂ 'ਚ ਵਸਨੀਕਾਂ ਦੇ ਘਰਾਂ ਦੇ ਆਲ਼ੇ ਦੁਆਲ਼ੇ ਉੱਸਰੀਆਂ ਉੱਚੀਆਂ ਇਮਾਰਤਾਂ ਕਾਰਨ ਸਵੇਰ ਵੇਲੇ ਚੜ੍ਹਦਾ ਸੂਰਜ ਦਿਖਾਈ ਨਹੀਂ ਦਿੰਦਾ ਅਤੇ ਸੂਰਜ ਉਸ ਸਮੇਂ ਦਿਖਾਈ ਦਿੰਦਾ ਹੈ, ਜਦੋਂ ਉਹ ਇਕ ਦਮ ਸਿਰਾਂ 'ਤੇ ਆ ਜਾਂਦਾ ਹੈ। ਇਸ ਤੋਂ ਇਲਾਵਾ ਸ਼ਹਿਰਾਂ 'ਚ ਸ਼ਾਮ ਸਮੇਂ ਸੂਰਜ ਇੱਕ ਦਮ ਉੱਚੀਆਂ ਇਮਾਰਤਾਂ ਉਹਲੇ ਹੋ ਜਾਂਦਾ ਹੈ। ਜਦੋਂ ਕਿ ਪਿੰਡਾਂ 'ਚ ਜਿਥੇ ਸੂਰਜ ਅੰਮ੍ਰਿਤ ਵੇਲੇ ਲਾਲੀ ਬਿਖ਼ੇਰਦਾ ਹੋਇਆ ਚੜ੍ਹਦਾ ਹੈ, ਉਥੇ ਹੀ ਉਹ ਸ਼ਾਮ ਨੂੰ ਛਿਪਣ ਵੇਲੇ ਵੀ ਲਾਲੀ ਬਿਖ਼ੇਰਦਾ ਹੈ ਅਤੇ ਫ਼ਸਲਾਂ ਦੇ ਉਪਰ ਦੂਰ ਕਿਤੇ ਦਿਖਾਈ ਦਿੰਦਾ ਹੋਇਆ ਹੋਲੀ ਹੋਲੀ ਅਲੋਪ ਹੁੰਦਾ ਹੈ। ਮੀਂਹ ਪੈਣ 'ਤੇ ਪਿੰਡਾਂ ਦੀ ਮਿੱਟੀ 'ਚੋਂ ਹੀ ਖੁਸ਼ਬੂ ਉੱਠਦੀ ਹੈ, ਇਹ ਖੁਸ਼ਬੂ ਸ਼ਹਿਰਾਂ ਦੀਆਂ ਪੱਕੀਆਂ ਸੜਕਾਂ 'ਤੇ ਮੀਂਹ ਪੈਣ ਨਾਲ ਨਹੀਂ ਉੱਠਦੀ।



ਪਿੰਡਾਂ 'ਚ ਅਜੇ ਵੀ ਪੇਂਡੂ ਖੇਡ ਮੇਲੇ ਕਰਵਾਏ ਜਾਂਦੇ ਹਨ, ਜਿਥੇ ਕਿ ਪਿੰਡ ਵਾਸੀ ਆਪਣੇ ਆਪ ਖਿਡਾਰੀਆਂ ਦੀ ਟਹਿਲ ਸੇਵਾ ਕਰਨ ਲਈ ਪੁੱਜ ਜਾਂਦੇ ਹਨ। ਇਸ ਤੋਂ ਇਲਾਵਾ ਕਈ ਪਿੰਡਾਂ 'ਚ ਅਜੇ ਵੀ ਸੱਥਾਂ ਮੌਜੂਦ ਹਨ, ਜਿਥੇ ਕਿ ਪਿੰਡਾਂ ਦੇ ਬਜ਼ੁਰਗ ਅਕਸਰ ਆਪਣੇ ਦੁਖ ਸੁੱਖ ਇਕ ਦੂਜੇ ਨੂੰ ਦੱਸਦੇ ਹਨ ਅਤੇ ਇਹਨਾਂ ਸੱਥਾਂ 'ਚ ਬੈਠੇ ਲੋਕਾਂ ਕੋਲ ਪਿੰਡ ਦੀ ਪੂਰੀ ਖ਼ਬਰ ਹੁੰਦੀ ਹੈ। ਵੱਡੀ ਗਿਣਤੀ ਪਿੰਡਾਂ ਦੇ ਵਸਨੀਕ ਅਜੇ ਵੀ ਆਪਸ ਵਿੱਚ ਰਲ ਮਿਲ ਕੇ ਰਹਿੰਦੇ ਹਨ ਭਾਵੇਂ ਕਿ ਸ਼ਹਿਰੀਕਰਨ ਦੀ ਹਵਾ ਪਿੰਡਾਂ 'ਚ ਵੀ ਚਲੀ ਗਈ ਹੈ, ਇਸ ਕਰਕੇ ਅਨੇਕਾਂ ਪਿੰਡਾਂ ਦੇ ਵੱਡੀ ਗਿਣਤੀ ਲੋਕ ਸੱਥਾਂ 'ਚ ਬੈਠਣ ਦੀ ਥਾਂ ਆਪਣੇ ਘਰਾਂ ਦੇ ਅੰਦਰ ਰਹਿਣ ਨੂੰ ਹੀ ਤਰਜੀਹ ਦੇਣ ਲੱਗੇ ਹਨ ਪਰ ਫਿਰ ਵੀ ਪਿੰਡਾਂ ਦੇ ਵਸਨੀਕ ਦੁੱਖ ਸੁੱਖ ਸਮੇਂ ਇਕ ਦੂਜੇ ਦੇ ਨਾਲ ਜ਼ਰੂਰ ਖੜ੍ਹਦੇ ਹਨ। ਪਿੰਡਾਂ ਦੇ ਲੋਕਾਂ ਨੂੰ ਮਿਲਣ ਸਮੇਂ ਅਪਣੱਤ ਮਹਿਸਸ ਹੁੰਦੀ ਹੈ, ਜਦੋਂ ਕਿ ਸ਼ਹਿਰਾਂ ਦੇ ਲੋਕਾਂ ਨੂੰ ਮਿਲਣ ਸਮੇਂ ਉਪਰਾਪਣ ਮਹਿਸੂਸ ਹੁੰਦਾ ਹੈ। ਇਸ ਕਰਕੇ ਹੀ ਕਿਹਾ ਜਾਂਦਾ ਹੈ ਕਿ ਪਿੰਡਾਂ 'ਚ ਹੀ ਅਸਲੀ ਪੰਜਾਬ ਵਸਦਾ ਹੈ।



# ਕੌਮਾਂਤਰੀ ਪੱਤਰਕਾਰ ਆਜ਼ਾਦੀ ਦਿਵਸ 'ਤੇ ਸਰੀ 'ਚ ਭਾਰਤੀ ਕੌਂਸਲਖਾਨੇ ਦੇ ਵੀਜ਼ਾ ਦਫ਼ਤਰ ਬਾਹਰ ਰੋਸ ਪ੍ਰਦਰਸ਼ਨ



ਸਰੀ/ਏ.ਟੀ.ਨਿਊਜ਼: ਕੌਮਾਂਤਰੀ ਪੱਤਰਕਾਰ ਆਜ਼ਾਦੀ ਦਿਹਾੜੇ 'ਤੇ ਸਰੀ ਵਿੱਚ ਭਾਰਤੀ ਕੌਂਸਲੇਟ ਦੇ ਵੀਜ਼ਾ ਦਫਤਰ ਬਾਹਰ ਰੈਡੀਕਲ ਦੇਸੀ ਵੱਲੋਂ ਰੋਸ ਮੁਜ਼ਾਹਰਾ ਕੀਤਾ ਗਿਆ, ਜਿਸ ਵਿੱਚ ਬੁਲਾਰਿਆਂ ਨੇ ਭਾਰਤ ਅੰਦਰ ਪ੍ਰੈਸ ਦੀ ਆਜ਼ਾਦੀ ਦੇ ਹੋ ਰਹੇ ਘਾਣ 'ਤੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕੀਤਾ। ਰੈਲੀ ਦੇ ਮੁੱਖ ਪ੍ਰਬੰਧਕ ਤੇ ਸਪਾਈਸ ਰੇਡੀਓ ਦੇ ਪੱਤਰਕਾਰ ਗੁਰਪ੍ਰੀਤ ਸਿੰਘ ਨੇ ਅਜੋਕੇ ਸਮੇਂ 'ਬੋਲਣ ਦੀ ਆਜ਼ਾਦੀ' 'ਤੇ ਪੈ ਰਹੇ ਡਾਕੇ ਬਾਰੇ ਬੋਲਦਿਆਂ, ਪੰਜਾਬ ਅੰਦਰ ਨੌਜਵਾਨਾਂ 'ਤੇ ਕਾਲੇ ਕਨੂੰਨ ਦਰਜ ਕਰਨ, ਭਾਰਤ ਅੰਦਰ ਬੁੱਧੀਜੀਵੀਆਂ 'ਤੇ ਹੋ ਰਹੇ ਹਮਲਿਆਂ ਸਮੇਤ, ਪੱਤਰਕਾਰਾਂ ਦੇ ਹੱਕਾਂ ਦੇ ਉਪਰ ਹੋ ਰਹੇ ਹਮਲਿਆਂ ਬਾਰੇ ਗੱਲਬਾਤ ਕੀਤੀ। ਉਘੇ ਕਵੀ ਅੰਮ੍ਰਿਤ ਦੀਵਾਨਾ ਨੇ ਗੌਰੀ ਲੰਕੇਸ਼ ਪੱਤਰਕਾਰ ਦੇ ਕਤਲ ਬਾਰੇ ਕਵਿਤਾ ਸਾਂਝੀ ਕੀਤੀ ਅਤੇ ਮੌਜੂਦਾ ਇੰਡੀਅਨ ਸਟੇਟ ਵੱਲੋਂ ਪੱਤਰਕਾਰਾਂ ਦੀ ਖੋਹੀ ਜਾ ਰਹੀ ਆਜ਼ਾਦੀ ਬਾਰੇ ਕਾਵਿ ਸਤਰਾਂ ਦੀ ਸਾਂਝ ਪਾਈ।

ਚੈਨਲ ਪੰਜਾਬੀ ਦੇ ਜਰਨਲਿਸਟ ਡਾ. ਗੁਰਵਿੰਦਰ ਸਿੰਘ ਨੇ ਕਿਹਾ ਕਿ ਇਸ ਵੇਲੇ ਭਾਰਤ ਪੱਤਰਕਾਰਾਂ ਦੀ ਸੁਰੱਖਿਆ ਅਤੇ ਆਜ਼ਾਦੀ ਦੇ ਮਾਮਲੇ ਵਿੱਚ 161ਵੇਂ ਨੰਬਰ 'ਤੇ ਪਹੁੰਚ ਗਿਆ ਹੈ, ਜੋ ਅਤਿ ਸ਼ਰਮਨਾਕ ਗੱਲ ਹੈ। ਇਸ ਵੇਲੇ ਭਾਰਤ ਵਿੱਚ ਪੱਤਰਕਾਰਾਂ ਦੀ ਆਜ਼ਾਦੀ ਉੱਤੇ ਹਮਲਾ ਅਤੇ ਬੁੱਧੀਜੀਵੀਆਂ, ਚਿੰਤਕਾਂ ਅਤੇ ਸਿਆਸੀ ਵਿਰੋਧੀਆਂ ਨੂੰ ਜੇਲ੍ਹਾਂ 'ਚ ਗ਼ੈਰ-ਕਾਨੂੰਨੀ ਢੰਗ ਨਾਲ ਬੰਦ ਕਰਨਾ ਗੰਭੀਰ ਚਿੰਤਾ ਦਾ ਵਿਸ਼ਾ ਹੈ। ਸਿੱਖ ਚਿੰਤਕ ਪ੍ਰੋ ਬਲਜਿੰਦਰ ਸਿੰਘ ਨੇ ਸਪੱਸ਼ਟ ਰੂਪ ਵਿੱਚ ਕਿਹਾ ਕਿ ਉਹ ਤਾਂ ਇਹ 38 ਵਰ੍ਹਿਆਂ ਤੋਂ ਜਾਣਦੇ ਹਨ ਕਿ ਭਾਰਤ ਵਿੱਚ ਪੱਤਰਕਾਰਾਂ ਦੀ ਆਜ਼ਾਦੀ ਨਾਂ ਦੀ ਕੋਈ ਚੀਜ਼ ਨਹੀਂ, ਕਈਆਂ ਦਾ ਭੁਲੇਖਾ ਹੁਣ ਦੂਰ ਹੋਇਆ ਹੈ ਅਤੇ ਸਾਨੂੰ ਮਿਲ ਕੇ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਬੀਸੀ ਫੈਡਰੇਸ਼ਨ ਕਿਰਤੀਆਂ ਦੀ ਸੰਸਥਾ ਦੇ ਵਕਤਾ ਹਰਮਿੰਦਰ ਕੈਲੀ ਨੇ ਕਿਹਾ ਕਿ ਭਾਰਤੀ ਕੌਂਸਲਖਾਨੇ ਬਾਹਰ ਹੋ ਰਹੀ ਇਹ ਰੈਲੀ ਖਾਸ ਅਹਿਮੀਅਤ ਰੱਖਦੀ ਹੈ, ਕਿਉਂਕਿ ਇਸ ਵੇਲੇ ਭਾਰਤ ਅੰਦਰ ਆਮ ਕਰਕੇ ਅਤੇ ਪੰਜਾਬ ਅੰਦਰ ਵਿਸ਼ੇਸ਼ ਕਰਕੇ, ਬੋਲਣ ਦੀ ਆਜ਼ਾਦੀ 'ਤੇ ਗੰਭੀਰ ਹਮਲੇ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਵਰਗੇ ਦੇਸ਼ਾਂ ਵਿੱਚ ਵੀ ਪੱਤਰਕਾਰਾਂ ਦੀ ਆਜ਼ਾਦੀ ਦੇ ਮਾਮਲੇ ਵਿੱਚ ਮੁਕੰਮਲ ਸੁਹਿਰਦਤਾ ਨਹੀਂ ਅਤੇ ਬਹੁਤ ਕੁਝ ਕਰਨ ਦੀ ਲੋੜ ਹੈ। ਸਿੱਖ ਵਿਚਾਰ ਮੰਚ ਦੇ ਬੁਲਾਰੇ ਕੇਸਰ ਸਿੰਘ ਕੂਨਰ ਨੇ ਦੱਸਿਆ ਕਿ ਕਿਵੇਂ ਭਾਰਤ ਅੰਦਰ ਪੱਤਰਕਾਰੀ (ਬਾਕੀ ਸਫ਼ਾ 31 'ਤੇ)

# ਪੰਜਾਬ ਵਿੱਚ ਪੰਜਾਬੀ ਬੋਲੀ ਵਿਰੁੱਧ ਚੱਲ ਰਹੀ ਹੈ ਸਾਜਿਸ਼: ਡਾ. ਕਥੂਰੀਆ




ਜਲੰਧਰ/ਏ.ਟੀ.ਨਿਊਜ਼ : ਵਿਸ਼ਵ ਪੰਜਾਬੀ ਸਭਾ (ਕੈਨੇਡਾ) ਤੇ ਉਨਟਾਰੀਓ ਫਰੈਂਡਰ ਕਲੱਬ ਦੇ ਪ੍ਰਧਾਨ ਡਾ. ਦਲਬੀਰ ਸਿੰਘ ਕਥੂਰੀਆ ਨੇ ਕਿਹਾ ਕਿ ਪੰਜਾਬੀ ਮਾਂ ਬੋਲੀ ਨੂੰ ਅੱਖੋਂ ਪਰੋਖੇ ਕੀਤੇ ਜਾਣ ਦੇ ਮੁੱਦੇ 'ਤੇ ਬਹੁਤੇ ਲੋਕ ਚਿੰਤਾ ਪ੍ਰਗਟਾਉਣ ਤੋਂ ਬਿਨਾਂ ਹੋਰ ਕੁਝ ਨਹੀਂ ਕਰਦੇ। ਪੰਜਾਬ ਵਿੱਚ ਅਜਿਹੇ ਕੁਝ ਸਕੂਲ ਹਨ, ਜਿੱਥੇ ਪੰਜਾਬੀ ਬੋਲਣ 'ਤੇ ਵਿਦਿਆਰਥੀਆਂ ਨੂੰ ਜ਼ੁਰਮਾਨਾ ਲਾ ਦਿੱਤਾ ਜਾਂਦਾ ਹੈ। ਇੰਝ ਪੰਜਾਬੀ ਬੋਲੀ ਵਿਰੁੱਧ ਸਾਜ਼ਿਸ਼ ਚੱਲ ਰਹੀ ਹੈ ਤੇ ਬੱਚਿਆਂ ਨੂੰ ਮਾਂ ਬੋਲੀ ਤੋਂ ਹੀ ਦੂਰ ਕੀਤਾ ਜਾ ਰਿਹਾ ਹੈ।ਜਲੰਧਰ ਵਿੱਚ ਪੰਜਾਬੀ ਭਾਸ਼ਾ ਨੂੰ ਸਮਰਪਿਤ ਸਮਾਰੋਹ ਵਿਚ ਸ਼ਿਰਕਤ ਕਰਨ ਲਈ ਟੋਰਾਂਟੋ ਤੋਂ ਪੰਜਾਬ ਪੁੱਜੇ ਡਾ. ਕਥੂਰੀਆ ਨੇ ਕਿਹਾ ਕਿ ਉਹ ਹੋਰਨਾਂ ਬੋਲੀਆਂ ਦੇ ਵਿਰੋਧੀ ਨਹੀਂ ਹਨ, ਪਰ ਪੰਜਾਬ ਵਿੱਚ ਪੰਜਾਬੀ ਨੂੰ ਕਦੇ ਵਿਸਾਰਿਆ ਨਹੀਂ ਜਾਣਾ ਚਾਹੀਦਾ ਪਰ ਅਜਿਹਾ ਸਾਜ਼ਿਸ਼ਨ ਹੋ ਰਿਹਾ ਹੈ। ਹਾਲੇ ਤੱਕ ਸੂਬੇ ਵਿੱਚ ਸਾਰੀਆਂ ਦੁਕਾਨਾਂ ਤੇ ਹੋਰ ਵਪਾਰਕ ਅਦਾਰਿਆਂ ਦੇ ਬੋਰਡ ਪੰਜਾਬੀ ਵਿੱਚ ਨਹੀਂ ਲੱਗੇ। ਕੁਝ ਸਰਕਾਰੀ ਮਹਿਕਮਿਆਂ ਦੇ ਬੋਰਡ ਹਾਲੇ ਅੰਗਰੇਜ਼ੀ ਵਿੱਚ ਚਮਕਦੇ ਨਜ਼ਰੀ ਪੈਂਦੇ ਹਨ।

ਉਨ੍ਹਾਂ ਕਿਹਾ ਕਿ ਸਾਡੇ ਬੱਡੇ ਵੱਡੇ ਅਫ਼ਸਰ ਬਣਨਾ ਚਾਹੁੰਦੇ ਹਨ, ਪਰ ਉਨ੍ਹਾਂ ਦੇ ਮਨਾਂ ਵਿੱਚ ਇਹ ਗੱਲ ਘਰ ਗਈ ਹੈ ਕਿ ਪੰਜਾਬੀ ਪੜ੍ਹ ਕੇ ਉਹ ਉੱਚ ਅਧਿਕਾਰੀ ਨਹੀਂ ਬਣ ਸਕਦੇ, ਇਸੇ ਲਈ ਉਹ ਮਾਂ-ਬੋਲੀ ਨੂੰ ਪੜ੍ਹਨਾ ਨਹੀਂ ਚਾਹੁੰਦੇ। ਬਹੁਤੇ ਨੌਜਵਾਨਾਂ ਨੂੰ ਜਾਪਦਾ ਹੈ ਕਿ ਪੰਜਾਬੀ ਪੜ੍ਹ ਕੇ ਪ੍ਰੋਫੈਸਰ ਤਾਂ ਲੱਗਿਆ ਜਾ ਸਕਦਾ ਹੈ, ਪਰ ਵੱਡੀ ਨੌਕਰੀ ਨਹੀਂ ਮਿਲ ਸਕਦੀ, ਕਿਉਂਕਿ ਉੱਥੇ ਤਾਂ ਅੰਗਰੇਜ਼ੀ ਚੱਲਦੀ ਹੈ। ਇਸ ਲਈ ਸਾਨੂੰ ਢਾਂਚਾ ਬਦਲਣ ਦੀ ਜ਼ਰੂਰਤ ਹੈ। ਇਸ ਵਿਚ ਔਖਾ ਕੁਝ ਵੀ ਨਹੀਂ ਹੈ, ਬੱਸ ਇਸ ਦਿਸ਼ਾ ਵੱਲ ਅੱਗੇ ਵੱਧਣਾ ਸ਼ੁਰੂ ਕਰਨ ਦੀ ਢਿੱਲ ਹੈ।ਗੈਰ-ਰਸਮੀ ਗੱਲਬਾਤ ਦੌਰਾਨ ਡਾ. ਕਥੂਰੀਆ ਨੇ ਕਿਹਾ ਕਿ ਉਹ 10 ਵਰ੍ਹੇ 'ਜਗਤ ਪੰਜਾਬੀ ਸਭਾ' ਨਾਲ ਪ੍ਰਧਾਨ ਦੀ ਹੈਸੀਅਤ ਨਾਲ ਜੁੜੇ ਰਹੇ। ਪਿਛਲੇ ਤਿੰਨ ਮਹੀਨਿਆਂ ਤੋਂ ਉਨ੍ਹਾਂ 'ਵਿਸ਼ਵ ਪੰਜਾਬੀ ਸਭਾ' ਦੀ ਸਥਾਪਨਾ ਕੀਤੀ ਹੈ ਤੇ (ਬਾਕੀ ਸਫ਼ਾ 31 'ਤੇ)

# ਹਰ ਸਾਲ ਇੱਕ ਏਅਰਲਾਈਨ ਨੂੰ ਆਪਣੀ ਲਪੇਟ ਵਿੱਚ ਲੈ ਲੈਂਦੇ ਹਨ 'ਮੁਸੀਬਤਾਂ ਦੇ ਕਾਲੇ ਬੱਦਲ'

- 1994 ਵਿੱਚ ਸ਼ੁਰੂ ਹੋਈ ਸੀ ਭਾਰਤ 'ਚ ਪ੍ਰਾਈਵੇਟ ਏਅਰਲਾਈਨ ਦੀ ਉਡਾਣ
- 29 ਸਾਲਾਂ 'ਚ 27 ਏਅਰਲਾਈਨਾਂ ਦੀਆਂ ਉਡਾਣਾਂ ਹੋਈਆਂ ਬੰਦ







ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤੀ ਹਵਾਬਾਜ਼ੀ ਲੈਂਡਸਕੇਪ ਵਿੱਚ ਏਅਰਲਾਈਨਾਂ ਦੀ ਚੁਣੌਤੀਪੂਰਨ ਸਥਿਤੀ ਇੱਕ ਵਾਰ ਫਿਰ ਸਾਹਮਣੇ ਆ ਗਈ ਹੈ ਕਿਉਂਕਿ GoFirst ਏਅਰਲਾਈਨ ਉੱਤੇ ਸੰਕਟ ਦੇ ਕਾਲੇ ਬੱਦਲ ਮੰਡਰਾ ਰਹੇ ਹਨ। ਲਗਭਗ ਤਿੰਨ ਦਹਾਕੇ ਪਹਿਲਾਂ ਪ੍ਰਾਈਵੇਟ ਏਅਰਲਾਈਨਾਂ ਨੂੰ ਕੰਮ ਕਰਨ ਦੀ ਇਜਾਜ਼ਤ ਦੇਣ ਤੋਂ ਬਾਅਦ ਦੇਸ਼ ਵਿੱਚ ਔਸਤਨ ਹਰ ਸਾਲ ਇੱਕ ਏਅਰਲਾਈਨ ਨੂੰ ਆਧਾਰ ਬਣਾਇਆ ਜਾਂਦਾ ਹੈ। ਓਪਰੇਸ਼ਨ ਬੰਦ ਕਰਨ ਵਾਲੀ ਪਹਿਲੀ ਏਅਰਲਾਈਨ ਈਸਟ ਵੈਸਟ ਟਰੈਵਲਜ਼ ਐਂਡ ਟਰੇਡ ਲਿੰਕ ਲਿਮਟਿਡ ਸੀ। ਇਸ ਨੇ ਕੰਮ ਸ਼ੁਰੂ ਕਰਨ ਤੋਂ ਦੋ ਸਾਲ ਬਾਅਦ ਨਵੰਬਰ 1996 ਵਿੱਚ ਉਡਾਣ ਭਰਨੀ ਬੰਦ ਕਰ ਦਿੱਤੀ ਸੀ। ਉਸੇ ਸਾਲ ਮੋਡੀਲੁਫਟ ਲਿਮਟਿਡ ਨੂੰ ਵੀ ਆਪਣਾ ਕਾਰੋਬਾਰ ਬੰਦ ਕਰਨਾ ਪਿਆ। ਅਧਿਕਾਰਤ ਅੰਕੜਿਆਂ ਦੇ ਅਨੁਸਾਰ, ਨਿੱਜੀ ਏਅਰਲਾਈਨ ਨੂੰ ਪਹਿਲੀ ਵਾਰ 1994 ਵਿੱਚ ਦੇਸ਼ ਵਿੱਚ ਉਡਾਣ ਭਰਨ ਦੀ ਇਜਾਜ਼ਤ ਦਿੱਤੀ ਗਈ ਸੀ। ਉਸ ਤੋਂ ਬਾਅਦ ਦੇ 29 ਸਾਲਾਂ ਵਿੱਚ, ਕੁੱਲ 27 ਏਅਰਲਾਈਨਾਂ ਨੂੰ ਜਾਂ ਤਾਂ ਆਪਣੇ ਸੰਚਾਲਨ ਨੂੰ ਬੰਦ ਕਰਨਾ ਪਿਆ ਹੈ ਜਾਂ ਕਿਸੇ ਹੋਰ ਏਅਰਲਾਈਨ ਦੁਆਰਾ ਹਾਸਲ ਕਰ ਲਿਆ ਗਿਆ ਹੈ। ਸਾਲ 2022 ਵਿੱਚ, ਹੈਰੀਟੇਜ ਏਵੀਏਸ਼ਨ ਪ੍ਰਾਈਵੇਟ ਲਿਮਟਿਡ ਨੇ ਆਪਣਾ ਕੰਮਕਾਜ ਬੰਦ ਕਰ ਦਿੱਤਾ ਸੀ। ਸਾਲ 2020 ਵਿੱਚ ਵੀ ਤਿੰਨ ਏਅਰਲਾਈਨਾਂ - ਜ਼ੈਕਸਸ ਏਅਰ ਸਰਵਿਸਿਜ਼ ਪ੍ਰਾਈਵੇਟ ਲਿਮਟਿਡ, ਡੇਕਨ ਚਾਰਟਰ ਪ੍ਰਾਈਵੇਟ ਲਿਮਟਿਡ ਅਤੇ ਏਅਰ ਓਡੀਸ਼ਾ ਏਵੀਏਸ਼ਨ ਲਿਮਿਟੇਡ - ਨੇ ਵੀ ਉਡਾਣ ਸੇਵਾਵਾਂ ਬੰਦ ਕਰ ਦਿੱਤੀਆਂ ਸਨ। ਅਪ੍ਰੈਲ 2019 ਦੇਸ਼ ਦੀ ਪ੍ਰਸਿੱਧ ਏਅਰਲਾਈਨ ਜੈੱਟ ਏਅਰਵੇਜ਼ ਲਈ ਬੰਦ ਹੋਣ ਦਾ ਸੰਦੇਸ਼ ਵੀ ਲੈ ਕੇ ਆਇਆ। ਇਸ ਤੋਂ ਪਹਿਲਾਂ ਸਾਲ 2012 ਵਿੱਚ ਕਿੰਗਫਿਸ਼ਰ ਏਅਰਲਾਈਨਜ਼ ਨੂੰ ਆਪਣਾ ਹਵਾਈ ਸੇਵਾ ਕਾਰੋਬਾਰ ਬੰਦ ਕਰਨਾ ਪਿਆ ਸੀ। ਇਸ ਤੋਂ ਪਹਿਲਾਂ, ਕਿੰਗਫਿਸ਼ਰ ਨੇ ਸਾਲ 2008 ਵਿੱਚ ਡੇਕਨ ਏਵੀਏਸ਼ਨ ਪ੍ਰਾਈਵੇਟ ਲਿਮਟਿਡ (ਏਅਰ ਡੇਕਨ) ਨੂੰ ਹਾਸਲ ਕੀਤਾ ਸੀ। ਸਾਲ 2017 ਏਅਰਲਾਈਨਜ਼ ਲਈ ਬਹੁਤ ਮਾੜਾ ਸਾਲ ਸਾਬਤ ਹੋਇਆ। ਏਅਰ ਕਾਰਨੀਵਲ, ਏਅਰ ਪੈਗਾਸਸ, ਰੇਲੀਗੇਰ ਏਵੀਏਸ਼ਨ, ਏਅਰ ਕੋਸਟਾ ਅਤੇ ਕੁਇਕਜੈੱਟ ਕਾਰਗੋ ਦੀਆਂ ਹਵਾਈ ਸੇਵਾਵਾਂ ਨੂੰ ਉਸ ਸਾਲ ਮੁਅੱਤਲ ਕਰ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਡੇਕਨ ਕਾਰਗੋ ਐਂਡ ਐਕਸਪ੍ਰੈਸ ਲੋਜਿਸਟਿਕਸ (2014), ਆਰੀਅਨ ਕਾਰਗੋ ਐਕਸਪ੍ਰੈਸ (2011), ਪੈਰਾਮਾਉਂਟ ਏਅਰਵੇਜ਼ (2010), ਐਮਡੀਐਲਆਰ ਏਅਰਲਾਈਨਜ਼ (2009), ਜੁਗਸਨ ਏਅਰਲਾਈਨਜ਼ (2008) ਅਤੇ ਇੰਡਸ ਏਅਰਵੇਜ਼ (2007) ਨੂੰ ਵੀ ਆਪਣੇ ਹਵਾਈ ਸੰਚਾਲਨ ਬੰਦ ਕਰਨੇ ਪਏ ਸਨ। ਇਸ ਤੋਂ ਪਹਿਲਾਂ 1997 ਵਿੱਚ, ਸਕਾਈਲਾਈਨ NEPC ਲਿਮਿਟੇਡ ਅਤੇ NEPC ਮਾਈਕਨ ਲਿਮਿਟੇਡ, ਜਿਸਨੂੰ ਪਹਿਲਾਂ ਦਮਾਨੀਆ ਏਅਰਵੇਜ਼ ਵਜੋਂ ਜਾਣਿਆ ਜਾਂਦਾ ਸੀ, ਨੇ ਕੰਮਕਾਜ ਬੰਦ ਕਰ ਦਿੱਤਾ ਸੀ। ਲੁਫਥਾਂਸਾ ਕਾਰਗੋ ਇੰਡੀਆ ਨੇ ਵੀ 2000 ਵਿੱਚ ਕੰਮਕਾਜ ਬੰਦ ਕਰ ਦਿੱਤਾ ਸੀ।

# ਇਰਾਨ 'ਚ ਪਿਛਲੇ 10 ਦਿਨਾਂ ਦੇ ਦੌਰਾਨ 42 ਲੋਕਾਂ ਨੂੰ ਦਿੱਤੀ ਗਈ ਫਾਂਸੀ

## ਮਨੁੱਖੀ ਅਧਿਕਾਰ ਕਮਿਸ਼ਨ ਦੀ ਰਿਪੋਰਟ ਦੇ ਅਨੁਸਾਰ ਹਰ 6 ਘੰਟੇ ਵਿੱਚ ਇੱਕ ਵਿਅਕਤੀ ਨੂੰ ਦਿੱਤੀ ਜਾ ਰਹੀ ਹੈ ਫਾਂਸੀ

ਤਹਿਰਾਨ/ਏ.ਟੀ.ਨਿਊਜ਼: ਇਰਾਨ ਦੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਰਿਪੋਟਰ ਦੇ ਮੁਤਾਬਿਕ ਹਰ 6 ਘੰਟੇ ਵਿੱਚ ਇੱਕ ਵਿਅਕਤੀ ਨੂੰ ਫਾਹਾ ਲਗਾਇਆ ਜਾ ਰਿਹਾ ਹੈ । ਦੇਸ਼ ਵਿੱਚ ਪਿਛਲੇ 10 ਦਿਨਾਂ ਦੇ ਅੰਦਰ 42 ਲੋਕਾਂ ਨੂੰ ਇਹ ਹੀ ਸਜ਼ਾ ਦਿੱਤੀ ਗਈ ਹੈ । ਜਿਹੜੇ ਲੋਕਾਂ ਨੂੰ ਮੌਤ ਦੀ ਸਜ਼ਾ ਦਿੱਤੀ ਜਾ ਰਹੀ ਹੈ ਉਹਨਾਂ ਵਿੱਚ ਜ਼ਿਆਦਾਤਰ ਬਲੂਚ ਭਾਈਚਾਰੇ ਦੇ ਲੋਕ ਹਨ ।2 ਦਿਨ ਪਹਿਲਾਂ ਇਰਾਨ ਅਤੇ ਸਵੀਡਨ ਦੀ ਡਬਲ ਨਾਗਰਿਕਤਾ ਵਾਲੇ ਵਿਅਕਤੀ ਹਬੀਬ ਫਰਾਜੋਹਲਾ ਛਾਬ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਉਸ 'ਤੇ ਅੱਤਵਾਦੀ ਹੋਣ ਦਾ ਇਲਜ਼ਾਮ ਸੀ।ਰਿਪੋਰਟ ਦੇ ਮੁਤਾਬਿਕ ਇਰਾਨ ਨੇ 2020 ਵਿੱਚ ਸਵੀਡਨ ਤੋਂ ਇਸ ਨੂੰ ਕਿਡਨੈਪ ਕੀਤਾ ਸੀ।

**5 ਮਹੀਨੇ ਵਿੱਚ 194 ਲੋਕਾਂ ਦੀ ਮੌਤ**



ਮਨੁੱਖੀ ਅਧਿਕਾਰ ਦੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਇਰਾਨ ਨੇ 2023 ਦੀ ਸ਼ੁਰੂਆਤ ਤੋਂ ਲੈਕੇ ਹੁਣ ਤੱਕ 194 ਲੋਕਾਂ ਨੂੰ ਫਾਹਾ ਲਗਾਇਆ ਹੈ ਜਦਕਿ 2 ਨੂੰ ਜਨਤਕ ਤੌਰ 'ਤੇ ਫਾਂਸੀ ਦੀ ਸਜ਼ਾ ਦਿੱਤੀ ਗਈ ਹੈ । ਜ਼ਿਆਦਾਤਰ ਮਾਮਲਿਆਂ ਵਿੱਚ ਮੌਤ ਦੀ ਸਜ਼ਾ ਪਾਉਣ ਵਾਲੇ ਲੋਕਾਂ ਖਿਲਾਫ਼ ਡਰੱਗ ਦੇ ਕੇਸ ਸਨ । ਹਿਜਾਬ ਵਿਰੋਧ ਪ੍ਰਦਰਸ਼ਨ ਕਰਨ ਵਾਲੇ 582 ਲੋਕਾਂ ਨੂੰ 2022 ਵਿੱਚ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ । ਇਸ ਵਿੱਚ ਦੇਸ਼ ਦੇ ਸਾਬਕਾ ਉੱਪ ਰੱਖਿਆ ਮੰਤਰੀ ਅਲਿਜਾ ਅਕਬਰੀ ਦਾ ਨਾਂ ਵੀ ਸ਼ਾਮਲ ਹੈ। ਇਹ ਖੁਲਾਸਾ ਵੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਇੱਕ ਰਿਪੋਰਟ ਨਾਲ ਹੋਇਆ ਸੀ । ਇੰਨੇ ਵੱਡੇ ਪੱਧਰ 'ਤੇ ਫਾਂਸੀ ਦੀ ਸਜ਼ਾ ਦੇਣ ਤੋਂ ਬਾਅਦ ਇਰਾਨ ਨੂੰ ਫਾਂਸੀ ਦੀ ਮਸ਼ੀਨ ਕਿਹਾ ਜਾਣ ਲੱਗਿਆ ਹੈ ।

ਮਨੁੱਖੀ ਅਧਿਕਾਰ ਦੀ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਰਾਨ ਲੋਕਾਂ ਦੇ ਪ੍ਰਦਰਸ਼ਨਾਂ ਵਿੱਚ ਹਿੱਸਾ ਲੈਣ ਨੂੰ ਰੋਕਣ ਦੇ ਲਈ ਮੌਤ ਦੀ ਸਜ਼ਾ ਦੇ ਕੇ ਡਰ ਪੈਦਾ ਕਰ ਰਿਹਾ ਹੈ । ਰਿਪੋਰਟ ਵਿੱਚ ਇਹ ਵੀ ਖੁਲਾਸਾ ਹੋਇਆ ਹੈ ਕਿ ਪਿਛਲੇ ਸਾਲ ਡਰੱਗ ਨਾਲ ਜੁੜੇ ਮਾਮਲਿਆਂ ਵਿੱਚ ਕਈ ਲੋਕਾਂ ਨੂੰ ਫਾਂਸੀ ਦਿੱਤੀ ਗਈ । 44 ਫੀਸਦੀ ਮੁਲਜ਼ਮ ਡਰੱਗ ਦੇ ਮਾਮਲਿਆਂ ਨਾਲ ਜੁੜੇ ਸਨ ।

**ਬੱਚਿਆਂ ਨੂੰ ਸਜ਼ਾ ਦੇਣ ਵਿੱਚ ਟਾਪ 'ਤੇ ਇਰਾਨ**

ਨਾਬਾਲਿਗ ਨੂੰ ਮੌਤ ਦੀ ਸਜ਼ਾ ਦੇਣ ਵਿੱਚ ਟਾਪ 'ਤੇ ਹੈ ਇਰਾਨ, ਯੂਨਾਇਟਿਡ ਨੈਸ਼ਨਲ ਕੰਵੈਂਸ਼ਨ 'ਤੇ ਹਸਤਾਖਰ ਕਰਨ ਦੇ ਬਾਵਜੂਦ ਸਭ ਤੋਂ ਜ਼ਿਆਦਾ ਬੱਚਿਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਂਦੀ ਹੈ । ਐਮਨੈਸਟੀ ਇੰਟਰਨੈਸ਼ਨ ਦੇ ਮੁਤਾਬਿਕ ਇਰਾਨ ਵਿੱਚ 9 ਸਾਲ ਦੀ ਉਮਰ ਦੇ ਪਾਰ ਕਰਨ ਵਾਲੇ ਮੁੰਡਿਆਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਹੈ। ਜਿੰਨਾਂ ਮੁੰਡਿਆਂ ਨੂੰ ਸਜ਼ਾ ਦਿੱਤੀ ਗਈ ਹੈ ਉਹਨਾਂ ਦੀ ਉਮਰ 15 ਸਾਲ ਹੈ। 2005 ਤੋਂ 2015 ਦੇ ਵਿੱਚ 73 ਬੱਚਿਆਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ।

# ਹਾਲੀਵੁੱਡ ਲਈ ਰਾਈਟਰਜ਼ ਸਟ੍ਰਾਈਕ ਦੇ ਹੋਣਗੇ ਚਿੰਤਾਜਨਕ ਨਤੀਜੇ

- ਰਾਈਟਰਜ਼ ਗਿਲਡ ਆਫ਼ ਅਮਰੀਕਾ ਦੀ ਅਗਵਾਈ 'ਚ ਲੇਖਕ ਪਏ ਸੰਘਰਸ਼ ਦੇ ਰਾਹ
- 2007-2008 ਦੀ ਹਾਲੀਵੁੱਡ ਹੜਤਾਲ ਕਾਰਨ ਲਾਸ ਏਂਜਲਸ ਦੀ ਆਰਥਿਕਤਾ ਨੂੰ ਹੋਇਆ ਸੀ 2.1 ਬਿਲੀਅਨ ਦਾ ਨੁਕਸਾਨ
- ਭਾਰਤ ਦੇ ਲੇਖਕਾਂ ਨੂੰ ਵੀ ਆਪਣੇ ਹੱਕਾਂ ਲਈ ਜਾਗਰੂਕ ਹੋਣ ਦੀ ਲੋੜ




ਲਾਸ ਏਂਜਲਸ/ਏ.ਟੀ.ਨਿਊਜ਼ : ਸਮਾਜ ਦੇ ਹੋਰਨਾਂ ਵਰਗਾਂ ਵਾਂਗ ਹੀ ਲੇਖਕਾਂ ਦੇ ਵੀ ਬੁਨਿਆਦੀ ਹੱਕ ਹੁੰਦੇ ਹਨ, ਜਿਹਨਾਂ ਪ੍ਰਤੀ ਲੇਖਕਾਂ ਨੂੰ ਜਾਗਰੂਕ ਹੋਣਾ ਬਹੁਤ ਜ਼ਰੂਰੀ ਹੈ। ਅਕਸਰ ਲੇਖਕ ਆਪਣੇ ਮੌਲਿਕ ਅਤੇ ਬੁਨਿਆਦੀ ਹੱਕਾਂ ਪ੍ਰਤੀ ਅਵੇਸਲੇ ਹੁੰਦੇ ਹਨ, ਜਿਸ ਕਾਰਨ ਨਿਰਮਾਤਾ, ਸਟੂਡੀਓ ਅਤੇ ਉਤਪਾਦਨ ਕੰਪਨੀਆਂ ਲੇਖਕਾਂ ਦਾ ਸ਼ੋਸ਼ਣ ਕਰਨ ਵਿੱਚ ਸਫ਼ਲ ਹੋ ਜਾਂਦੀਆਂ ਹਨ ਜਾਂ ਲੇਖਕਾਂ ਨੂੰ ਘੱਟ ਮਿਹਨਤਾਨਾ ਦਿਤਾ ਜਾਂਦਾ ਹੈ। ਅਮਰੀਕਾ ਦੇ ਲੇਖਕ ਦੁਨੀਆਂ ਭਰ 'ਚ ਆਪਣੇ ਹੱਕਾਂ ਲਈ ਲੜਨ ਕਰਕੇ ਪ੍ਰਸਿੱਧ ਹਨ। ਇਸੇ ਕਰਕੇ ਅਮਰੀਕਾ ਦੇ ਲੇਖਕ ਆਪਣੀ ਹੱਕਾਂ ਪ੍ਰਤੀ ਹਮੇਸ਼ਾ ਸੁਚੇਤ ਰਹਿੰਦੇ ਹਨ ਅਤੇ ਆਪਣੀਆਂ ਮੰਗਾਂ ਨੂੰ ਪੂਰਾ ਕਰਵਾਉਣ ਲਈ ਉਹ ਹੜਤਾਲ ਕਰਨ ਅਤੇ ਸੰਘਰਸ਼ ਤੋਂ ਗੁਰੇਜ਼ ਨਹੀਂ ਕਰਦੇ।

ਅਮਰੀਕਾ ਦੇ ਲੇਖਕਾਂ ਦੀ ਸੰਸਥਾ ਰਾਈਟਰਜ਼ ਗਿਲਡ ਆਫ਼ ਅਮਰੀਕਾ (WGA) ਨੇ ਲੇਖਕਾਂ ਦੀਆਂ ਤਨਖ਼ਾਹਾਂ ਵਧਾਉਣ ਅਤੇ ਲੇਖਕਾਂ ਨੂੰ ਉਚਿਤ ਮਿਹਨਤਾਨਾ ਦਿਵਾਉਣ ਦੇ ਲਈ ਅਲਾਇੰਸ ਆਫ਼ ਮੋਸ਼ਨ ਪਿਕਚਰ ਐਂਡ ਟੈਲੀਵਿਜ਼ਨ ਪ੍ਰੋਡਿਊਸਰਜ਼ (AMPTP) ਦੇ ਖ਼ਿਲਾਫ਼ ਅਣਮਿਥੇ ਸਮੇਂ ਲਈ ਹੜਤਾਲ ਸ਼ੁਰੂ ਕੀਤੀ ਹੈ ।ਇਸ ਹੜਤਾਲ ਦੇ ਅਣਸੁਖਾਂਵੇਂ ਨਤੀਜੇ ਨਿਕਲ ਸਕਦੇ ਹਨ।

**ਕੀ ਹੈ ਰਾਈਟਰਜ਼ ਗਿਲਡ ਆਫ਼ ਅਮਰੀਕਾ ?**

ਰਾਈਟਰਜ਼ ਗਿਲਡ ਆਫ਼ ਅਮਰੀਕਾ ਇੱਕ ਪੇਸ਼ੇਵਰ ਸੰਸਥਾ ਹੈ, ਜੋ ਅਮਰੀਕੀ ਮਨੋਰੰਜਨ ਉਦਯੋਗ ਵਿੱਚ ਲੇਖਕਾਂ ਦੇ ਹਿੱਤਾਂ ਦੀ ਨੁਮਾਇੰਦਗੀ ਅਤੇ ਵਕਾਲਤ ਕਰਦੀ ਹੈ। 1933 ਵਿੱਚ ਸਥਾਪਿਤ ਰਾਈਟਰਜ਼ ਗਿਲਡ ਆਫ਼ ਅਮਰੀਕਾ ਨੇ ਆਪਣੇ ਸਮੂਹਿਕ ਸੌਦੇਬਾਜ਼ੀ ਸਮਝੌਤਿਆਂ, ਕਾਨੂੰਨੀ ਵਕਾਲਤ ਅਤੇ ਲਾਬਿੰਗ ਯਤਨਾਂ ਰਾਹੀਂ ਮਨੋਰੰਜਨ ਉਦਯੋਗ ਦੇ ਲੈਂਡਸਕੇਪ ਨੂੰ ਆਕਾਰ ਦੇਣ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ ਹੈ।ਇਸ ਦੇ ਮੁੱਖ ਕੰਮ ਲੇਖਕਾਂ ਅਤੇ ਮਾਲਕਾਂ ਵਿਚਕਾਰ ਸਮਝੌਤਾ ਕਰਵਾਉਣਾ ਅਤੇ ਲਾਗੂ ਕਰਨਾ ਹੈ, ਜਿਸ ਵਿੱਚ ਪ੍ਰਮੁੱਖ ਸਟੂਡੀਓ, ਟੈਲੀਵਿਜ਼ਨ ਨੈਟਵਰਕ ਅਤੇ ਆਜ਼ਾਦ ਕੰਪਨੀਆਂ ਸ਼ਾਮਲ ਹਨ। ਇਹ ਇਕਰਾਰਨਾਮਾ ਲੇਖਕਾਂ ਦਾ ਮਿਹਨਤਾਨਾ ਅਤੇ ਘੱਟੋ-ਘੱਟ ਮੁਆਵਜ਼ੇ ਦੀਆਂ ਦਰਾਂ ਨੂੰ ਨਿਰਧਾਰਿਤ ਕਰਦੇ ਹਨ। ਰਾਈਟਰਜ਼ ਗਿਲਡ ਆਫ਼ ਅਮਰੀਕਾ ਉਹਨਾਂ ਮੈਂਬਰਾਂ ਨੂੰ ਵੀ ਕਾਨੂੰਨੀ ਸਹਾਇਤਾ ਵੀ ਪ੍ਰਦਾਨ ਕਰਦੀ ਹੈ ਜੋ ਵਿਤਕਰੇ ਜਾਂ ਪਰੇਸ਼ਾਨੀ ਦਾ ਅਨੁਭਵ ਕਰ ਰਹੇ ਹਨ।

ਆਪਣੇ ਇਕਰਾਰਨਾਮੇ ਅਤੇ ਕਾਨੂੰਨੀ ਕਾਰਜਾਂ ਤੋਂ ਇਲਾਵਾ, ਰਾਈਟਰਜ਼ ਗਿਲਡ ਆਫ਼ ਅਮਰੀਕਾ ਲੇਖਕਾਂ ਨੂੰ ਵਿਚਾਰ ਚਰਚਾ ਕਰਨ ਲਈ ਇੱਕ ਮੰਚ 'ਤੇ ਇੱਕਠਾ ਵੀ ਕਰਦੀ ਹੈ। ਅਸਲ ਵਿੱਚ ਗਿਲਡ ਲੇਖਕਾਂ ਲਈ ਇੱਕ ਮਜ਼ਬੂਤ ਵ ਕੀਲ ਹੈ।

**ਕਿਉਂ ਜਾ ਰਹੇ ਹਨ ਲੇਖਕ ਹੜਤਾਲ 'ਤੇ ?**

ਰਾਈਟਰਜ਼ ਗਿਲਡ ਆਫ਼ ਅਮਰੀਕਾ ਨੇ ਲੇਖਕਾਂ ਦੀਆਂ ਤਨਖ਼ਾਹਾਂ ਦੇ ਲਈ, ਐਗਰੀਮੈਂਟ ਲਈ ਅਤੇ ਲੇਖਕਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਅਣਮਿਥੇ ਸਮੇਂ ਲਈ ਹੜਤਾਲ ਸ਼ੁਰੂ ਕੀਤੀ ਹੈ। ਲੇਖਕਾਂ ਦਾ ਕਹਿਣਾ ਹੈ ਕਿ ਸਟ੍ਰੀਮਿੰਗ ਟੀਵੀ ਬੂਮ ਦੇ ਬਦਲਾਓ ਨੇ ਕਈਆਂ




ਲਈ ਨਿਊਯਾਰਕ ਅਤੇ ਲਾਸ ਏਂਜਸਲ ਵਰਗੇ ਮਹਿੰਗੇ ਸ਼ਹਿਰਾਂ 'ਚ ਰੋਜ਼ੀ ਰੋਟੀ ਕਮਾਉਣਾ ਮੁਸ਼ਕਿਲ ਬਣਾ ਦਿਤਾ ਹੈ। ਡਬਲਯੂ ਜੀ ਏ ਦ ਅੰਕੜਿਆਂ ਦੇ ਅਨੁਸਾਰ 2013-14 ਸੀਜਨ ਵਿੱਚ ਇਕ ਤਿਹਾਈ ਦੇ ਮੁਕਾਬਲੇ ਅੱਧੇ ਟੀ ਵੀ ਲੜੀਵਾਰ ਲੇਖਕ ਹੁਣ ਘੱਟੋਘੱਟ ਤਨਖਾਹ ਪੱਧਰ ਤੇ ਕੰਮ ਕਰਦੇ ਹਨ। ਪਿਛਲੇ ਸਮੇਂ ਦੌਰਾਨ ਕੁਝ ਲੇਖਕ ਨਿਰਮਾਤਾ ਪੱਧਰ ਤੇ ਲੇਖਕਾਂ ਲਈ ਔਸਤ ਤਨਖਾਹ 4 ਫੀਸਦੀ ਘਟੀ ਹੈ। ਡਬਲਯੂ ਜੀ ਏ ਸਟੂਡੀਓ ਨੂੰ ਨਵੀਂਆਂ ਸਕ੍ਰਿਪਟਾਂ ਤਿਆਰ ਕਰਨ ਲਈ 'ਜੀਪੀਟੀ' ਦੀ ਵਰਤੋ ਕਰਨ ਤੋਂ ਰੋਕਣਾ ਚਾਹੀਦਾ ਹੈ ਜਾਂ ਉਹਨਾਂ ਨੂੰ ਏ.ਆਈ. ਦੁਆਰਾ ਵੱਲੋਂ ਬਣਾਈ ਗਈ ਸਕ੍ਰਿਪਟ ਨੂੰ ਦੁਬਾਰਾ ਲਿਖਣ ਲਈ ਕਹਿਣਾ ਚਾਹੀਦਾ ਹੈ।

ਹੜਤਾਲ ਉਦੋਂ ਹੋਈ ਹੈ ਜਦੋਂ ਡਬਲਯੂ.ਜੀ.ਏ. ਨੇ ਹੜਤਾਲ ਕਰਨ ਦੇ ਹੱਕ ਵਿੱਚ ਪਿਛਲੇ ਮਹੀਨੇ ਭਾਰੀ ਵੋਟਾਂ ਪਵਾਈਆਂ ਸਨ, ਉਸ ਸਮੇਂ 98% ਮੈਂਬਰ ਹੜਤਾਲ ਦੇ ਸਮਰਥਨ ਵਿੱਚ ਸਨ। ਯੂਨੀਅਨ ਦਾ ਦਾਅਵਾ ਹੈ ਕਿ ਉਦਯੋਗ ਦੀ ਆਰਥਿਕਤਾ ਵਿੱਚ ਲੇਖਕਾਂ ਨੇ ਵੱਡਾ ਯੋਗਦਾਨ ਪਾਇਆ ਹੈ। ਦੂਜੇ ਪਾਸੇ AMPTP ਦਾ ਕਹਿਣਾ ਹੈ ਕਿ ਉਹ ਉਹਨਾਂ ਦੀਆਂ ਮੰਗਾਂ ਮੰਨਣ ਲਈ ਤਿਆਰ ਸਨ ਪਰ ਅਜੇ ਬਹੁਤ ਸਾਰੀਆਂ ਗੱਲਾਂ 'ਤੇ ਚਰਚਾ ਕਰਨੀ ਬਾਕੀ ਸੀ ਪਰ ਲੇਖਕਾਂ ਨੇ ਹੜਤਾਲ ਕਰ ਦਿਤੀ।

**ਹੜਤਾਲ ਨਾਲ ਕੌਣ ਪ੍ਰਭਾਵਿਤ ਹੁੰਦਾ ਹੈ ?**

ਹੜਤਾਲ 12,000 ਤੋਂ ਵੱਧ ਲੇਖਕਾਂ ਦੇ ਸਮੂਹ ਨੂੰ ਪ੍ਰਭਾਵਤ ਕਰਦੀ ਹੈ, ਜੋ ਹਾਲੀਵੁੱਡ ਵਿੱਚ ਪ੍ਰਮੁੱਖ ਸਟੂਡੀਓ ਅਤੇ ਪ੍ਰੋਡਕਸ਼ਨ ਹਾਊਸ ਲਈ ਕੰਮ ਕਰਦੇ ਹਨ। ਡਬਲਯੂ.ਜੀ.ਏ. ਲੇਖਕਾਂ ਲਈ ਚੰਗੀ ਤਨਖ਼ਾਹ, ਪ੍ਰਤੀ ਸ਼ੋਅ ਲੇਖਕਾਂ ਨੂੰ ਵਧੇਰੇ ਮਿਹਨਤਾਨਾ ਅਤੇ ਛੋਟੇ ਤੇ ਵਿਸ਼ੇਸ਼ ਕੰਟ੍ਰੈਕਟ ਦੀ ਮੰਗ ਕਰ ਰਹੀ ਹੈ।

ਹੜਤਾਲ ਦੌਰਾਨ, WGA ਆਪਣੇ ਮੈਂਬਰਾਂ ਦੀ ਤਰਫ਼ੋਂ AMPTP ਨਾਲ ਗੱਲਬਾਤ ਕਰੇਗੀ ਅਤੇ ਲੇਖਕਾਂ ਲਈ ਚੰਗੇ ਮਿਹਨਤਾਨੇ ਅਤੇ ਉਹਨਾਂਨੂੰ ਢੁੱਕਵਾਂ ਮਾਹੌਲ ਦੇਣ ਦੀ ਮੰਗ ਕਰੇਗੀ। ਜੇ ਇਹ ਗੱਲਬਾਤ ਅਸਫਲ ਹੋ ਜਾਂਦੀ ਹੈ, ਤਾਂ ਲੇਖਕ ਕੰਮ ਕਰਨ ਤੋਂ ਇਨਕਾਰ ਕਰ ਦੇਣਗੇ, ਜਿਸ ਨਾਲ AMPTP ਦੇ ਕੰਮ 'ਤੇ ਕਾਫੀ ਪ੍ਰਭਾਵ ਪਵੇਗਾ।ਜਿਵੇਂ ਕਿ ਲੇਖਕ ਦੀ ਫਿਲਮ ਅਤੇ ਟੈਲੀਵਿਜ਼ਨ ਲਈ ਇੱਕ ਮਹੱਤਵਪੂਰਣ ਭੂਮਿਕਾ ਹੈ।

ਹੜਤਾਲ ਕਾਰਨ ਪ੍ਰੌਡਕਸ਼ਨ ਦੇ ਕੰਮ ਵਿੱਚ ਰੁਕਾਵਟ ਪਵੇਗੀ ਅਤੇ ਸੰਭਾਵਿਤ ਤੌਰ 'ਤੇ ਬਹੁਤ ਸਾਰੇ ਪ੍ਰੋਜੈਕਟਾਂ ਨੂੰ ਮੁਲਤਵੀ ਜਾਂ ਰੱਦ ਕੀਤਾ ਜਾ ਸਕਦਾ ਹੈ।ਹੜਤਾਲ ਦਾ ਅਸਰ ਮਨੋਰੰਜਨ ਦੀ ਦੁਨੀਆਂ ਵਿੱਚ ਦੇਖਣ ਨੂੰ ਮਿਲੇਗਾ। ਹੜਤਾਲ ਕਾਰਨ ਲੇਟ ਨਾਈਟ ਟੀਵੀ ਸ਼ੋਅ ਸਭ ਤੋਂ ਪਹਿਲਾਂ ਪ੍ਰਭਾਵਿਤ ਹੋਣਗੇ। NBC ਦੇ ਦਿ ਟੂਨਾਈਟ ਸ਼ੋਅ ਵਿਦ ਜਿੰਮੀ ਫੈਲਨ , ਕਾਮੇਡੀ ਸੈਂਟਰਲ ਦਾ ਡੇਲੀ ਸ਼ੋਅ ਵਿਦ ਟ੍ਰੇਵਰ ਨੋਹ , ਏਬੀਸੀ ਦਾ ਜਿੰਮੀ ਕਿਮਲ ਲਾਈਵ , ਸੀਬੀਐਸ ਦਾ ਦ ਲੇਟ ਸ਼ੋਅ ਵਿਦ ਸਟੀਫਨ ਕੋਲਬਰਟ ਅਤੇ ਐਨਬੀਸੀ ਦੇ ਲੇਟ ਨਾਈਟ ਸੇਥ ਮੇਅਰਸ ਸਮੇਤ ਸਾਰੇ ਪ੍ਰਮੁੱਖ ਲੇਟ-ਨਾਈਟ ਸ਼ੋਅਜ਼ ਨੇ ਨਿਰਮਾਣ ਨੂੰ ਮੁਲਤਵੀ ਕਰ ਦਿੱਤਾ ਹੈ । NBC ਦਾ ਸ਼ਨੀਵਾਰ ਨਾਈਟ ਲਾਈਵ ਵੀ ਰੁਕ ਗਿਆ ਅਤੇ ਇੱਕ ਨਵੇਂ ਐਪੀਸੋਡ ਦੀ ਬਜਾਏ ਪੁਰਾਣੇ ਐਪੀਸੋਡ ਨੂੰ ਦੁਬਾਰਾ ਪ੍ਰਸਾਰਿਤ ਕੀਤਾ ਗਿਆ।

ਜੇਕਰ ਹੜਤਾਲ ਗਰਮੀਆਂ ਦੌਰਾਨ ਵੀ ਜਾਰੀ ਰਹਿੰਦੀ ਹੈ, ਤਾਂ ਪਤਝੜ ਵਾਲੀ ਟੀਵੀ ਸਮਾਂ-ਸਾਰਣੀ ਵਿੱਚ ਵਿਘਨ ਪੈ ਸਕਦਾ ਹੈ ਅਤੇ ਲੜੀਵਾਰਾਂ ਅਤੇ ਫਿਲਮਾਂ ਨੂੰ ਰਿਲੀਜ਼ ਹੋਣ ਵਿੱਚ ਜ਼ਿਆਦਾ ਸਮਾਂ ਲੱਗੇਗਾ। ਇਸ ਹੜਤਾਲ ਦੇ ਵਿਆਪਕ ਸੱਭਿਆਚਾਰਕ ਪ੍ਰਭਾਵ ਵੀ ਹੋਣਗੇ। ਇਸ ਹੜਤਾਲ ਦੇ ਹੋਰ ਵੀ ਕਈ ਪ੍ਰਭਾਵ ਪੈਣਗੇ। ਇਸ ਨਾਲ ਦੁਨੀਆ ਦੇ ਸਭ ਤੋਂ ਵੱਡੇ ਦੇਸ਼ ਅਤੇ ਸਭ ਤੋਂ ਵੱਡੀ ਫ਼ਿਲਮ ਤੇ ਟੀਵੀ ਇੰਡਸਟਰੀ ਦਾ ਕੰਮ ਰੁਕਣ ਨਾਲ ਦਰਸ਼ਕਾਂ 'ਚ ਨਿਰਾਸ਼ਾ ਆਵੇਗੀ।

## ਐਮ.ਟੀ.ਵੀ. ਮੂਵੀ ਅਤੇ ਟੀ.ਵੀ. ਐਵਾਰਡ ਵੀ ਹੋਇਆ ਪ੍ਰਭਾਵਿਤ

ਐਮ.ਟੀ.ਵੀ. ਮੂਵੀ ਅਤੇ ਟੀ.ਵੀ. ਐਵਾਰਡ ਨੂੰ ਇਸ ਸਾਲ ਰਾਈਟਰਜ਼ ਦੀ ਚਲ ਰਹੀ ਹੜਤਾਲ ਕਾਰਨ ਰੁਕਾਵਟਾਂ ਦਾ ਸਾਹਮਣਾ ਕਰਨਾ ਪਿਆ ਪਰ ਫਿਰ ਵੀ ਇਹ ਈਵੈਂਟ ਕਾਫੀ ਕਾਮਯਾਬ ਰਿਹਾ। ਐਵਾਰਡ ਸ਼ੋਆਂ ਲਈ ਐਮਟੀਵੀ ਮੂਵੀ ਅਤੇ ਟੀ.ਵੀ ਐਵਾਰਡ ਇਕ ਵਿਲੱਖਣ ਪਹੁੰਚ ਰਖਦੇ ਹਨ। ਐਮ ਟੀਵੀ ਮੂਵੀ ਅਤੇ ਟੀ. ਵੀ. ਐਵਾਰਡ 2023 ਦੀ ਮੂਵੀ 'ਸਕਰੀਮ- VI ' ਜੇਤੂ ਰਹੀ ਤੇ 'ਦ ਲਾਸਟ ਆਫ ਯੂਵੀ' ਵਧੀਆ ਪ੍ਰਦਰਸ਼ਨ ਦੇ ਲਈ ਗਿਣੀ ਗਈ। ਵਧੀਆ ਕਾਮੇਡਿਕ ਪ੍ਰਦਰਸ਼ਨ ਵਿਚ ਐਡਮ ਸ਼ੈਲਟਰ, ਮਰਡਰ ਮਿਸਟਰੀ 2, ਵਧੀਆ ਹੀਰੋ ਪੇਡਰੋ ਪਾਸਕਲ, ਡਾ. ਲਾਸਟ ਆਫ ਅਸ, ਵਧੀਆ ਖਲਨਾਇਕ ਅਲਿਜਾਬੈਥ ਓਲਸਨ, ਵਧੀਆ ਗੀਤ ਕੈਰੋਲੀਨਾ, ਟ੍ਰੇਲਰ ਸਕ੍ਰਿਪਟ, ਵਧੀਆ ਰਿਲੈਅਟੀ ਸ਼ੋਅ 'ਦ ਕਰਦਸ਼ੀਅਨਜ਼', ਵਧੀਆ ਮੇਜ਼ਵਾਨ ਡਰਿਉ ਡੈਰੀਮੋਰ, ਦ ਡ੍ਰਿਊ ਡੈਰੀਮੋਰ ਸ਼ੋਅ ਜੇਤੂ ਰਹੇ। ਇਸ ਤੋਂ ਇਲਾਵਾ ਹੋਰ ਵੀ ਨਾਮੀ ਚਿਹਰੇ ਸਨਮਾਨਿਤ ਕੀਤੇ ਗਏ।

**ਹੜਤਾਲ ਦਾ ਭਵਿੱਖ**

ਰਾਈਟਰਜ਼ ਸਟ੍ਰਾਈਕ ਦੇ ਹਾਲੀਵੁੱਡ ਲਈ ਚਿੰਤਾਜਨਕ ਨਤੀਜੇ ਹੋਣਗੇ, ਉੱਪਰ ਤੋਂ ਲੈ ਕੇ ਸਮਾਜ ਦੇ ਹੇਠਲੇ ਵਰਗ ਤਕ ਇਸ ਹੜਤਾਲ ਦਾ ਅਸਰ ਵੇਖਣ ਨੂੰ ਮਿਲ ਸਕਦਾ ਹੈ। ਪਿਛਲੀ ਹਾਲੀਵੁੱਡ ਹੜਤਾਲ 2007-2008 ਵਿੱਚ ਹੋਈ ਸੀ, ਜੋ ਕਿ 100 ਦਿਨ ਚੱਲੀ ਸੀ ਅਤੇ ਉਸ ਨਾਲ ਲਾਸ ਏਂਜਲਸ ਦੀ ਆਰਥਿਕਤਾ ਨੂੰ 2.1 ਬਿਲੀਅਨ ਦਾ ਨੁਕਸਾਨ ਹੋਇਆ। ਇਸ ਸਮੇਂ ਅਮਰੀਕਾ ਦੇ ਲੇਖਕਾਂ ਦੀ ਹੜਤਾਲ ਜਾਰੀ ਹੈ, ਇਹ ਵੇਖਣਾ ਬਾਕੀ ਹੈ ਕਿ ਇਹ ਕਿੰਨਾ ਚਿਰ ਚੱਲੇਗੀ ਅਤੇ ਉਦਯੋਗ 'ਤੇ ਇਸਦਾ ਅੰਤਮ ਪ੍ਰਭਾਵ ਕੀ ਹੋਵੇਗਾ। ਹਾਲਾਂ ਕਿ, ਇਹ ਉਦਯੋਗ ਦੇ ਪੇਸ਼ੇਵਰਾਂ ਦੀ ਇੱਕ ਲਹਿਰ ਦੀ ਸ਼ੁਰੂਆਤ ਹੋ ਸਕਦੀ ਹੈ ਜੋ ਡਾਇਰੈਕਟਰਜ਼ ਗਿਲਡ ਆਫ਼ ਅਮਰੀਕਾ (ਡੀਜੀਏ) ਅਤੇ ਸਕ੍ਰੀਨ ਐਕਟਰਜ਼ (ਬਾਕੀ ਸਫ਼ਾ 31 'ਤੇ)

# ਅਮਰੀਕਾ ਵਿੱਚ ਗਰਭ ਵਿੱਚ ਪਲ ਰਹੇ ਭਰੂਣ ਦੇ ਦਿਮਾਗ ਦੀ ਸਰਜਰੀ ਕਰਕੇ ਇਤਿਹਾਸ ਰਚਿਆ

## ਸੀ.ਐਨ.ਐਨ. ਦੀ ਰਿਪੋਰਟ 'ਚ ਹੋਇਆ ਖ਼ੁਲਾਸਾ

ਨਿਊਯਾਰਕ/ਏ.ਟੀ.ਨਿਊਜ਼ : ਦੁਨੀਆ ਵਿੱਚ ਪਹਿਲੀ ਵਾਰ ਅਮਰੀਕਾ ਵਿੱਚ ਗਰਭ ਵਿੱਚ ਪਲ ਰਹੇ ਭਰੂਣ 'ਤੇ ਦਿਮਾਗ ਦੀ ਸਰਜਰੀ ਕੀਤੀ। ਡਾਕਟਰਾਂ ਨੇ 'ਵੈਨ ਆਫ ਗੈਲੇਨ ਮੈਲਫਾਰਮੇਸ਼ਨ' ਨਾਂ ਦੀ ਦੁਰਲੱਭ ਹਾਲਤ ਦੇ ਇਲਾਜ ਲਈ ਬੱਚੇ ਦੇ ਜਨਮ ਤੋਂ ਪਹਿਲਾਂ ਉਸ ਦੇ ਦਿਮਾਗ ਦੀ ਸਰਜਰੀ ਕੀਤੀ।

ਸੀਐਨਐਨ ਦੀ ਰਿਪੋਟ ਅਨੁਸਾਰ ਸੱਤ ਹਫ਼ਤਿਆਂ ਦੀ ਉਮਰ ਦੀ ਡੇਨਵਰ ਕੋਲਮੈਨ ਨੂੰ ਅਜੇ ਤੱਕ ਕੋਈ ਪਤਾ ਨਹੀਂ ਹੈ ਕਿ ਉਹ ਕਿੰਨੇ ਵੱਡੇ ਚਮਤਕਾਰ ਕਾਰਨ ਦੁਨੀਆ 'ਤੇ ਆ ਸਕੀ। ਜਦੋਂ ਇਹ ਬੱਚਾ ਮਾਂ ਦੀ ਕੁੱਖ ਵਿੱਚ ਸੀ, ਉਸੇ ਸਮੇਂ ਉਸਦੇ ਦਿਮਾਗ ਦੀ ਸਰਜਰੀ ਕੀਤੀ ਗਈ ਸੀ। ਬੋਸਟਨ ਨੇੜੇ ਰਹਿਣ ਵਾਲੀ ਇਸ ਬੱਚੀ ਨੇ ਇਸ ਪ੍ਰਯੋਗਾਤਮਕ ਸਰਜਰੀ ਵਿੱਚ ਸ਼ਾਮਲ ਹੋ ਕੇ ਇਤਿਹਾਸ ਰਚ ਦਿੱਤਾ ਹੈ।



ਬੋਸਟਨ ਚਿਲਡਰਨ ਹਸਪਤਾਲ ਦੇ ਮਾਹਰ ਡਾਕਟਰ ਡੈਰੇਨ ਓਰਬੈਕ ਨੇ ਦੱਸਿਆ ਕਿ ਬੱਚੇ ਦੇ ਦਿਮਾਗ ਵਿੱਚ ਖ਼ੂਨ ਦੀਆਂ ਨਾੜੀਆਂ ਦੀ ਅਸਧਾਰਨਤਾ (ਨਾੜੀਆਂ ਵਿੱਚ ਖ਼ੂਨ ਦੇ ਥੱਕੇ ਬਣਨ ਦੀ ਸਮੱਸਿਕ) ਸੀ। ਡਾਕਟਰੀ ਵਿਗਿਆਨ ਵਿੱਚ ਇਸਨੂੰ ਵੈਨ ਆਫ ਜੈਲੇਨ ਮਾਲਫਾਰਮੇਸ਼ਨ ਕਿਹਾ ਜਾਂਦਾ ਹੈ। ਇਸ ਸਥਿਤੀ ਵਿੱਚ, ਦਿਮਾਗ ਤੋਂ ਦਿਲ ਤੱਕ ਖ਼ੂਨ ਪਹੁੰਚਾਉਣ ਵਾਲੀਆਂ ਨਾੜੀਆਂ ਦਾ ਸਹੀ ਢੰਗ ਨਾਲ ਵਿਕਾਸ ਨਹੀਂ ਹੁੰਦਾ। ਇਸ ਨਾਲ ਦਿਲ 'ਤੇ ਤਣਾਅ ਰਹਿੰਦਾ ਹੈ।

ਡਾਕਟਰ ਓਰਬੈਕ ਦੱਸਦੇ ਹਨ ਕਿ 'ਡੇਨਵਰ ਦੇ ਦਿਮਾਗ ਵਿੱਚ 14 ਮਿਲੀਮੀਟਰ ਚੌੜੇ ਪੈਕੇਜ ਵਿੱਚ ਖ਼ੂਨ ਇਕੱਠਾ ਹੋਣਾ ਸ਼ੁਰੂ ਹੋ ਗਿਆ। ਇਹ ਅਕਸਰ ਬੱਚਿਆਂ ਦੇ ਦਿਲ ਜਾਂ ਦਿਮਾਗ ਨੂੰ ਨੁਕਸਾਨ ਪਹੁੰਚਾਉਂਦਾ ਹੈ। ਅਜਿਹੀ ਹਾਲਤ ਵਿੱਚ ਉਹ ਬੱਚਾ ਜ਼ਿਆਦਾ ਦੇਰ ਤੱਕ ਜੀਉਂਦਾ ਨਹੀਂ ਰਹਿੰਦਾ।' ਡਾ. ਓਰਬੈਕ ਦੇ ਮੁਤਾਬਕ ਕੇਨਯਾਟਾ ਕੋਲਮੈਨ ਦੀ ਗਰਭ ਅਵਸਥਾ ਦੇ 30ਵੇਂ ਹਫ਼ਤੇ ਵਿੱਚ, ਸਾਨੂੰ ਰੁਟੀਨ ਅਲਟਰਾਸਾਊਂਡ ਰਾਹੀਂ ਸਮੱਸਿਆ ਬਾਰੇ ਪਤਾ ਲੱਗਾ।

ਡਾਕਟਰ ਨੇ ਦੱਸਿਆ ਕਿ 15 ਮਾਰਚ ਨੂੰ, ਗਰਭ ਅਵਸਥਾ ਦੇ 34 ਹਫ਼ਤਿਆਂ 'ਤੇ, ਅਸੀਂ ਇਸ ਮਹੱਤਵਪੂਰਨ ਕਲੀਨਿਕਲ ਟਰਾਇਲ ਲਈ ਸਰਜਰੀ ਦੀ ਯੋਜਨਾ ਬਣਾਈ। ਮਾਂ ਨੂੰ ਜਾਗਦੇ ਰਹਿਣ ਲਈ ਸਪਾਈਨਲ ਬੇਹੋਸ਼ੀ ਦੀ ਦਵਾਈ ਦਿੱਤੀ ਗਈ। ਉਹ ਸਾਰਾ ਸਮਾਂ ਹੈੱਡਫੋਨ 'ਤੇ ਸੰਗੀਤ ਸੁਣ ਰਹੀ ਸੀ।

10 ਡਾਕਟਰਾਂ ਦੀ ਇੱਕ ਟੀਮ ਨੇ ਭਰੂਣ ਤੱਕ ਪਹੁੰਚਣ ਵਾਲੀ ਲੰਬੀ ਸੂਈ ਨੂੰ ਰਾਹ ਦਿਖਾਉਣ ਲਈ ਅਲਟਰਾਸਾਊਂਡ ਦੀ ਮਦਦ ਲਈ ਗਈ। ਦੱਸਿਆ ਜਾ ਰਿਹਾ ਹੈ ਕਿ ਨਾੜੀ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੋਈ ਸੀ, ਇਸ ਲਈ ਖ਼ੂਨ ਦਾ ਵਹਾਅ ਜ਼ਿਆਦਾ ਸੀ। ਟੀਮ ਦੇ ਮੈਂਬਰਾਂ ਨੇ ਸੂਈ ਰਾਹੀਂ (ਬਾਕੀ ਸਫ਼ਾ 30 'ਤੇ)

# ਪੰਜਾਬ ਨੂੰ ਕਰਜ਼ਾ ਮੁਕਤ ਕਰਨ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ



ਅਮਨਪ੍ਰੀਤ ਸਿੰਘ ਬਰਾੜ

ਪਿਛਲੇ ਕਈ ਦਹਾਕਿਆਂ ਤੋਂ ਸੁਣਦੇ ਆ ਰਹੇ ਹਾਂ ਕਿ ਪੰਜਾਬ ਸਿਰ ਕਰਜ਼ਾ ਵਧਦਾ ਜਾ ਰਿਹਾ ਹੈ। ਇਸ ਵਿੱਚ 2022 ਤੱਕ ਤਾਂ ਹਾਲਾਤ ਸੁਧਰਨ ਦੀ ਲੋਕਾਂ ਨੇ ਉਮੀਦ ਹੀ ਛੱਡ ਦਿੱਤੀ ਸੀ, ਪਰ ਫਿਰ ਇਕ ਨਵੀਂ ਪਾਰਟੀ ਨੇ ਕੁਝ ਇਹੋ ਜਿਹੇ ਅੰਕੜੇ ਪੇਸ਼ ਕੀਤੇ ਕਿ ਲੋਕਾਂ ਨੂੰ ਲੱਗਿਆ ਸ਼ਾਇਦ ਇਹ ਖ਼ਤਮ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਕੁਝ ਅੰਕੜੇ ਦਸੰਬਰ-ਜਨਵਰੀ 2021-22 ਵਿੱਚ ਸਾਂਝੇ ਕੀਤੇ ਕਿ ਕਿੱਥੋਂ-ਕਿੱਥੋਂ ਸੂਬੇ ਦੀ ਆਮਦਨ ਵਧਾਈ ਜਾ ਸਕਦੀ ਹੈ ਅਤੇ ਜਿਸ ਨਾਲ ਬਿਨਾਂ ਹੋਰ ਕਰਜ਼ ਲਏ ਕਰਜ਼ਾ ਮੋੜਿਆ ਜਾ ਸਕਦਾ ਹੈ। ਇਸ 'ਚ ਦੋ ਪ੍ਰਮੁੱਖ ਗੱਲਾਂ ਸਨ, ਆਬਕਾਰੀ ਨੀਤੀ ਵਿੱਚ ਬਦਲਾਅ ਅਤੇ ਰੇਤੇ ਦੀ ਚੋਰੀ ਰੋਕਣ ਨਾਲ ਆਮਦਨ ਵਧਣ ਦੀ ਸੰਭਾਵਨਾ। ਆਬਕਾਰੀ ਨੀਤੀ ਦੇ ਬਦਲਾਅ ਨਾਲ 2022-23 ਵਿੱਚ ਆਮਦਨ ਤਾਂ ਵਧੀ ਪਰ ਇਸ ਦਾ ਕਰਜ਼ਾ ਘਟਾਉਣ ਵਿੱਚ ਯੋਗਦਾਨ ਨਜ਼ਰ ਨਹੀਂ ਆਇਆ, ਕਿਉਂਕਿ ਸਰਕਾਰੀ ਅੰਕੜਿਆਂ ਅਨੁਸਾਰ ਇਸ ਵਿੱਤੀ ਸਾਲ ਵਿੱਚ ਸਰਕਾਰ ਨੇ 30953 ਕਰੋੜ ਦਾ ਕਰਜ਼ਾ ਹੋਰ ਲੈ ਲਿਆ ਹੈ। ਇਸ ਵਾਰ ਦੇ ਬਜਟ 2023-24 ਦੇ ਅੰਕੜਿਆਂ ਮੁਤਾਬਕ ਵਿੱਤੀ ਸਾਲ 2023-24 ਦੇ ਅੰਤ ਤੱਕ ਕਰਜ਼ਾ ਵੱਧ ਕੇ 3.47 ਲੱਖ ਕਰੋੜ ਤੱਕ ਪਹੁੰਚ ਜਾਵੇਗਾ। ਭਾਵ ਇਸ ਦਾ ਸਿੱਧਾ ਅਰਥ ਹੈ ਪ੍ਰਤੀ ਜੀਅ ਕਰਜ਼ਾ ਹਰ ਪੰਜਾਬੀ ਸਿਰ 1.25 ਲੱਖ ਰੁਪਏ ਹੋ ਜਾਏਗਾ। ਜੇ ਪਿਛਲੀਆਂ ਦੋ ਸਰਕਾਰਾਂ ਦੀ ਤੇ ਹੁਣ ਤੱਕ ਦੇ ਕਰਜ਼ੇ ਦੇ ਅੰਕੜਿਆਂ ਦੀ ਸਮੀਖਿਆ ਕਰੀਏ ਤਾਂ ਕੁਝ ਇਸ ਤਰ੍ਹਾਂ ਦੀ ਤਸਵੀਰ ਨਜ਼ਰ ਆਉਂਦੀ ਹੈ। ਅਕਾਲੀ-ਭਾਜਪਾ ਨੇ ਦਸ ਸਾਲ ਰਾਜ ਕੀਤਾ ਉਸ ਸਮੇਂ ਵਿੱਚ ਪੰਜਾਬ ਸਿਰ ਕਰਜ਼ਾ 50 ਹਜ਼ਾਰ ਕਰੋੜ ਤੋਂ ਵਧ ਕੇ 1.73 ਲੱਖ ਕਰੋੜ ਹੋ ਗਿਆ ਸੀ, ਭਾਵ ਵਾਧਾ 1.23 ਲੱਖ ਕਰੋੜ ਦਾ ਹੋ ਗਿਆ ਸੀ। ਅੱਗੇ ਪੰਜ ਸਾਲ ਕਾਂਗਰਸ ਦਾ ਰਾਜ ਰਿਹਾ, ਜਿਨ੍ਹਾਂ ਨੇ ਆਪਣੀ ਪਾਰੀ 1.73 ਲੱਖ ਤੋਂ ਸ਼ੁਰੂ ਕੀਤੀ ਅਤੇ 2.82 ਲੱਖ ਕਰੋੜ ਉੱਪਰ ਜਾਂ ਕੇ ਖਤਮ ਕੀਤੀ। ਇਸ ਸਮੇਂ ਦਾ ਵਾਧਾ ਤਕਰੀਬਨ 1.08 ਲੱਖ ਕਰੋੜ ਬਣਦਾ ਹੈ। 2022 'ਚ ਨਵੀਂ ਸਰਕਾਰ ਬਣੀ ਪਰ ਵਿੱਤੀ ਸਾਲ 2022-23 'ਚ ਨਵਾਂ ਕਰਜ਼ਾ ਜੋ ਪੰਜਾਬ ਸਿਰ ਚੜ੍ਹਿਆ ਉਹ ਸੀ 30953 ਕਰੋੜ। ਇਨ੍ਹਾਂ ਨੂੰ ਜੇ ਅਸੀਂ ਹਰ ਸਰਕਾਰ ਦੇ ਪ੍ਰਤੀ ਸਾਲ ਦੇ ਹਿਸਾਬ ਨਾਲ ਲਾਈਏ ਤਾਂ ਇਹ ਅੰਕੜੇ ਨਿਕਲ ਕੇ ਸਾਹਮਣੇ ਆਉਂਦੇ ਹਨ ਕਿ ਕਿਹੜੀ ਸਰਕਾਰ ਨੇ ਪ੍ਰਤੀ ਸਾਲ ਕਿੰਨਾ ਕਰਜ਼ ਲਿਆ ਹੈ। ਇਸ ਦੀ ਸਮੀਖਿਆ ਸਾਰਣੀ ਵਿੱਚ ਦਿੱਤੀ ਹੈ। ਜਿਵੇਂ-ਜਿਵੇਂ ਸਮਾਂ ਬੀਤਦਾ ਜਾਂਦਾ ਹੈ ਪ੍ਰਤੀ ਸਾਲ ਕਰਜ਼ਾ ਵਧਦਾ ਜਾਂਦਾ ਹੈ।

ਇਸ ਵੇਲੇ ਇਹ ਗੱਲ ਕਰਨੀ ਵੀ ਲਾਜ਼ਮੀ ਬਣਦੀ ਹੈ ਕਿ ਨਵੀਂ ਸਰਕਾਰ ਨੇ ਵਿੱਤੀ ਸਾਲ 2022-23 ਵਿੱਚ 15153 ਕਰੋੜ ਦੀ ਕਰਜ਼ੇ ਦੀ ਕਿਸ਼ਤ ਅਤੇ 20000 ਕਰੋੜ ਦਾ ਵਿਆਜ ਮੋੜਿਆ। ਇਸ ਵਿੱਚ ਇਹ ਗੱਲ ਵੀ ਸੋਚਣ ਵਾਲੀ ਹੈ ਕਿ ਇਹ ਕਿਸ਼ਤ ਤਾਂ ਪਹਿਲੀਆਂ ਸਰਕਾਰਾਂ ਵੀ ਮੋੜਦੀਆਂ ਰਹੀਆਂ ਹਨ। ਪਰ ਹਰ ਸਰਕਾਰ ਪਹਿਲੀ ਕਿਸ਼ਤ ਮੋੜਨ ਲਈ ਨਵਾਂ ਕਰਜ਼ਾ ਲੈਂਦੀ ਰਹੀ ਹੈ। ਇਸੇ ਕਰਕੇ ਕੁੱਲ ਕਰਜ਼ਾ ਵਧੀ ਜਾਂਦਾ ਹੈ, ਜੋ ਰੁਕਣ ਦਾ ਨਾਂਅ ਨਹੀਂ ਲੈਂਦਾ।



ਸਮੱਸਿਆ ਦਾ ਹੱਲ : ਸਭ ਤੋਂ ਪਹਿਲਾਂ ਤਾਂ ਸਰਕਾਰ ਨੂੰ ਆਪਣੀਆਂ ਨੀਤੀਆਂ 'ਚ ਤਬਦੀਲੀਆਂ ਕਰਨ ਦੀ ਲੋੜ ਹੈ। ਇਸ ਲਈ ਦ੍ਰਿੜ੍ਹ ਇਰਾਦੇ ਦੀ ਲੋੜ ਹੈ, ਕਿਉਂਕਿ ਲੋਕ ਲੁਭਾਊ ਰਾਜਨੀਤੀ ਵਿਕਾਸ ਕਾਰਜਾਂ 'ਤੇ ਭਾਰੂ ਰਹੀ ਹੈ ਅਤੇ ਰਾਜ ਹਥਿਆਉਣ ਲਈ ਹਰ ਤਰ੍ਹਾਂ ਦੇ ਹੱਥਕੰਡੇ ਵਰਤਣੇ ਮਹਿੰਗੇ ਪੈ ਰਹੇ ਹਨ।

ਅੱਜ ਸਭ ਤੋਂ ਵੱਡੀ ਸਮੱਸਿਆ ਹੈ ਮੁਫ਼ਤਖੋਰੀ ਦੀ ਜਿਹੜੀ ਹਰ ਸਰਕਾਰ ਨਾਲ ਘਟਣ ਦੀ ਬਜਾਏ ਵਧਦੀ ਜਾਂਦੀ ਹੈ। ਇਸ ਵੇਲੇ ਬਿਜਲੀ ਦੀ ਸਬਸਿਡੀ ਹੀ ਤਕਰੀਬਨ 22193 ਕਰੋੜ ਬਣਦੀ ਹੈ, ਜਿਸ ਵਿਚੋਂ 9935 ਕਰੋੜ ਖੇਤੀ ਖੇਤਰ, 7193 ਕਰੋੜ ਘਰੇਲੂ ਅਤੇ 5100 ਕਰੋੜ ਉਦਯੋਗਿਕ ਖੇਤਰ ਨੂੰ ਮਿਲਦੀ ਹੈ। ਇਸ ਵਿਚ ਕਿਸਾਨਾਂ ਦੇ ਮਗਰ ਤਾਂ ਸਾਰੇ ਸੀ ਕਿ ਬਿਜਲੀ ਮੁਫ਼ਤ ਕਰਕੇ ਇਹ ਪਾਣੀ ਦੀ ਖਪਤ ਜ਼ਿਆਦਾ ਕਰਦੇ ਹਨ। ਪਰ ਸ਼ਾਇਦ ਇਹ ਭੁੱਲ ਗਏ ਕਿ ਕਿਸਾਨਾਂ ਨੂੰ ਸਿਰਫ਼ ਝੋਨੇ ਦੇ ਸੀਜ਼ਨ ਵਿਚ (107 ਦਿਨ) ਹੀ 8 ਘੰਟੇ ਬਿਜਲੀ ਮਿਲਦੀ ਹੈ ਜਦਕਿ ਬਾਕੀ ਸਮਾਂ ਸਿਰਫ਼ 4 ਘੰਟੇ। ਇਹ ਵੀ ਕਾਰਪੋਰੇਸ਼ਨ ਤੈਅ ਕਰਦੀ ਹੈ ਕਿ ਬਿਜਲੀ ਦਿਨੇਂ ਦੇਣੀ ਹੈ ਜਾਂ ਰਾਤ ਨੂੰ। ਇਸ ਦੇ ਉਲਟ ਘਰੇਲੂ ਖੇਤਰ ਵਿੱਚ 300 ਯੂਨਿਟ ਮਹੀਨੇ ਤੋਂ ਘੱਟ ਬਾਲਣ ਵਾਲਿਆਂ ਨੂੰ ਬਿਜਲੀ ਦਾ ਬਿੱਲ ਮੁਆਫ਼ ਕਰ ਦਿੱਤਾ ਗਿਆ ਹੈ।ਇਸੇ ਤਰ੍ਹਾਂ ਜੋ ਅਨਾਜ ਦੀ ਮੁਫ਼ਤ ਸਹੂਲਤ ਦਿੱਤੀ ਜਾਂਦੀ ਹੈ ਉਹ ਵੀ ਕੰਮ ਬਦਲੇ ਅਨਾਜ ਜਾਂ ਕਹਿ ਲਓ ਇਹ ਸਾਰਾ ਪੈਸਾ ਇਕੱਠਾ ਕਰਕੇ ਰੁਜ਼ਗਾਰ ਦੇਣਾ ਚਾਹੀਦਾ ਹੈ। ਇਸ ਵੇਲੇ ਪੁਰਾਣੀਆਂ ਦਿੱਤੀਆਂ ਮੁਫ਼ਤ ਦੀਆਂ ਸਾਰੀਆਂ ਸਹੂਲਤਾਂ ਨੂੰ ਸੰਬੰਧਿਤ ਲਾਭਪਾਤਰੀਆਂ ਦੀ ਆਮਦਨ ਨਾਲ ਜੋੜਿਆ ਜਾਣਾ ਚਾਹੀਦਾ ਤਾਂ ਜੋ ਸਿਰਫ ਜ਼ਰੂਰਤਮੰਦਾਂ ਨੂੰ ਲਾਭ ਮਿਲ ਸਕੇ।

ਖੇਤੀ ਨੂੰ ਨਵੀਂ ਦਿਸ਼ਾ ਦੇ ਕੇ ਲਾਹੇਵੰਦ ਬਣਾਇਆ ਜਾਵੇ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਭਾਵੇਂ ਕਈ ਅਰਥਸ਼ਾਸਤਰੀ ਇਹ ਕਹਿੰਦੇ ਹਨ ਕਿ ਹੁਣ ਪੰਜਾਬ ਖੇਤੀ ਪ੍ਰਧਾਨ ਨਹੀਂ ਰਿਹਾ, ਕਿਉਂਕਿ ਖੇਤੀ ਦਾ ਜੀ.ਡੀ.ਪੀ. ਵਿਚ ਹਿੱਸਾ 25 ਫ਼ੀਸਦੀ ਹੈ ਜਦਕਿ ਸਰਵਿਸ ਖੇਤਰ ਦਾ ਹਿੱਸਾ 54 ਫ਼ੀਸਦੀ ਹੀ ਹੈ। ਪਰ ਅਰਥਸ਼ਾਸਤਰ ਦਾ ਸਿਧਾਂਤ ਤਾਂ ਉਹੀ ਹੈ ਕਿ ਖੇਤੀ ਅਤੇ ਉਦਯੋਗ ਪੈਸਾ ਬਣਾਉਂਦੇ ਹਨ ਜਦਕਿ ਸਰਵਿਸ ਖੇਤਰ ਵਿਚ ਪੈਸਾ ਸਿਰਫ਼ ਹੱਥ ਬਦਲਦਾ ਹੈ।

ਕਰਜ਼ਾ ਮੁਕਤ ਹੋਣ ਲਈ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ, ਲੋਕਾਂ ਨੂੰ ਰੁਜ਼ਗਾਰ ਮਿਲੇਗਾ ਤਾਂ ਚੀਜ਼ਾਂ ਦੀ ਖਪਤ ਵਧੇਗੀ, ਜਿਸ ਨਾਲ ਸਨਅਤ ਚੱਲੇਗੀ। ਖਪਤ ਵਧਣ ਨਾਲ ਸਰਕਾਰ ਦੀ ਟੈਕਸ ਦੇ ਰੂਪ ਵਿਚ ਆਮਦਨ ਵਧੇਗੀ। ਇਕ ਗੱਲ ਸਾਨੂੰ ਸਮਝ ਲੈਣੀ ਚਾਹੀਦੀ ਹੈ ਕਿ ਪੰਜਾਬ ਨੂੰ ਆਪਣੇ ਪੈਰ੍ਹਾਂ 'ਤੇ ਖੜ੍ਹਾ ਹੋਣਾ ਪੈਣਾ ਹੈ, ਕਿਸੇ ਨੇ (ਬਾਹਰੋਂ ਜਾਂ ਕੇਂਦਰ) ਨੇ ਕੋਈ ਵਧੇਰੇ ਮਦਦ ਨਹੀਂ ਕਰਨੀ, ਪਰ ਜੇ ਪਹਿਲੀਆਂ ਸਰਕਾਰਾਂ ਵਾਂਗੂ 5-5 ਸਾਲ ਹੀ ਟਪਾਉਣੇ ਹਨ ਤਾਂ ਸੂਬਾ ਹੇਠਾਂ ਹੀ ਜਾਵੇਗਾ, ਉੱਪਰ ਨਹੀਂ ਉੱਠ ਸਕਦਾ।

# ਮਨੁੱਖੀ ਹੱਕਾਂ ਦੀ ਉਲੰਘਣਾ ਬੰਧੂਆ ਮਜ਼ਦੂਰੀ



ਗੁਰਮੀਤ ਸਿੰਘ ਪਲਾਹੀ
ਮੋ. 9815802070

ਸੰਯੁਕਤ ਰਾਸ਼ਟਰ ਦੇ ਇੰਟਰਨੈਸ਼ਨਲ ਲੇਬਰ ਕਮਿਸ਼ਨ (ਅੰਤਰਰਾਸ਼ਟਰੀ ਮਜ਼ਦੂਰ ਸੰਗਠਨ) ਅਤੇ ਯੂਰਪੀ ਸੰਗਠਨ ਦੀ ਇੱਕ ਤਾਜ਼ਾ ਰਿਪੋਰਟ ਦੱਸਦੀ ਹੈ ਕਿ ਸੱਤ ਸਾਲ ਪਹਿਲਾਂ ਤੱਕ ਦੁਨੀਆ ਭਰ ਵਿੱਚ 2.80 ਕਰੋੜ ਲੋਕ ਜਬਰੀ ਮਜ਼ਦੂਰੀ ਵਾਲੀਆਂ ਹਾਲਤਾਂ 'ਚ ਕੰਮ ਕਰਦੇ ਸਨ। ਹੁਣ ਇਹ ਗਿਣਤੀ ਦਸ ਗੁਣਾ (28 ਕਰੋੜ ਤੋਂ ਵੱਧ) ਹੋ ਚੁੱਕੀ ਹੈ। ਕੀ ਇਹ ਮਨੁੱਖੀ ਹੱਕਾਂ ਦੀ ਉਲੰਘਣਾ ਨਹੀਂ ਹੈ ?

ਇਸ ਜਬਰੀ ਮਜ਼ਦੂਰੀ ਤੋਂ ਬਿਨ੍ਹਾਂ ਇੱਕ ਆਧੁਨਿਕ ਗੁਲਾਮੀ ਦਾ ਵੀ ਲੋਕ ਸ਼ਿਕਾਰ ਹਨ। ਇਹਨਾਂ ਦੀ ਗਿਣਤੀ 4.03 ਕਰੋੜ ਆਂਕੀ ਗਈ ਹੈ, ਜਿਹਨਾਂ 2.49 ਕਰੋੜ ਲੋਕਾਂ ਤੋਂ ਮਜ਼ਬੂਰਨ ਮਜ਼ਦੂਰੀ ਕਰਾਈ ਜਾ ਰਹੀ ਹੈ। ਦੇਸ਼ ਭਾਰਤ ਵਿੱਚ ਇਹੋ ਜਿਹੇ ਹਜ਼ਾਰਾਂ ਬੰਧੂਆ ਮਜ਼ਦੂਰ ਹਨ, ਜੋ ਘਰੇਲੂ ਕੰਮ, ਜਿਹਨਾ 'ਚ ਕੱਪੜੇ ਧੋਣਾ, ਖਾਣਾ ਬਣਾਉਣਾ, ਬੱਚਿਆਂ ਦੀ ਦੇਖਭਾਲ ਕਰਨਾ, ਬਾਗਬਾਨੀ ਆਦਿ ਦੇ ਕੰਮ ਕਰਦੇ ਹਨ। ਇਹਨਾ ਨੂੰ ਮਾਮੂਲੀ ਜਿਹੇ ਪੈਸੇ ਦਿੱਤੇ ਜਾਂਦੇ ਹਨ, ਉਹ ਵੀ ਸਮੇਂ 'ਤੇ ਨਹੀਂ। ਬਹੁਤ ਸਾਰੇ ਮਜ਼ਦੂਰਾਂ ਨੂੰ ਤਾਂ ਮਜ਼ਦੂਰੀ ਬਦਲੇ ਸਿਰਫ਼ ਖਾਣਾ, ਕੱਪੜਾ ਅਤੇ ਰਹਿਣ ਲਈ ਛੋਟੀ-ਮੋਟੀ ਰਿਹਾਇਸ਼ ਦਿੱਤੀ ਜਾਂਦੀ ਹੈ।

ਇੱਕ ਮੋਟਾ ਜਿਹਾ ਅੰਦਾਜ਼ਾ ਹੈ ਕਿ ਦੁਨੀਆ ਭਰ 'ਚ 6.8 ਕਰੋੜ ਔਰਤਾਂ ਅਤੇ ਮਰਦ ਘਰੇਲੂ ਨੌਕਰ ਦੇ ਤੌਰ 'ਤੇ ਕੰਮ ਕਰਦੇ ਹਨ। ਇਹਨਾ ਵਿੱਚੋਂ ਪਿੰਡਾਂ ਵਿੱਚ 80 ਫ਼ੀਸਦੀ ਔਰਤਾਂ ਅਤੇ ਲੜਕੀਆਂ ਹਨ। ਇਹਨਾ ਨੂੰ ਕਾਨੂੰਨੀ ਤੌਰ 'ਤੇ ਮਜ਼ਦੂਰ ਨਹੀਂ ਸਗੋਂ ਮਦਦ ਕਰਨ ਵਾਲੇ ਕਾਮੇ ਸਮਝਿਆ ਜਾਂਦਾ ਹੈ। ਇਹਨਾ ਨੂੰ ਕੋਈ ਤਨਖ਼ਾਹ ਨਹੀਂ ਮਿਲਦੀ, ਛੁੱਟੀਆਂ ਦੀ ਤਾਂ ਗੱਲ ਹੀ ਛੱਡ ਦਿਉ। ਸਿਹਤ ਸਹੂਲਤਾਂ ਤਾਂ ਦੂਰ ਦੀ ਗੱਲ ਹੈ, ਸਮਾਜਿਕ ਸੁਰੱਖਿਆ ਤਾਂ ਇਹਨਾ 'ਚ ਮਿਲਣੀ ਹੀ ਕੀ ਹੈ। ਅਸਲ ਵਿੱਚ ਤਾਂ ਇਹ ਆਧੁਨਿਕ ਯੁੱਗ 'ਚ ਇਹੋ ਜਿਹੇ ਕਾਮੇ ਹਨ, ਜਿਹਨਾ ਦੀ ਆਵਾਜ਼ ਕੋਈ ਸੁਣਦਾ ਹੀ ਨਹੀਂ। ਇਹ ਲੋਕ ਖੇਤੀ ਖੇਤਰ 'ਚ ਕੰਮ ਵੀ ਕਰਦੇ ਹਨ, ਪੈਕਿੰਗ, ਇੱਟਾਂ ਦੇ ਭੱਠਿਆਂ ਉੱਤੇ, ਨਿਰਮਾਣ ਕੰਮਾਂ 'ਚ ਵੀ ਲੱਗੇ ਹਨ ਅਤੇ ਇਥੋਂ ਤੱਕ ਕਿ ਸਰੀਰ ਵੇਚਣ ਦੇ ਕਿੱਤੇ 'ਚ ਲੱਗੀਆਂ ਔਰਤਾਂ ਵੀ ਇਸੇ ਸ਼੍ਰੇਣੀ 'ਚ ਆਉਂਦੀਆਂ ਹਨ।

ਪ੍ਰਵਾਸ ਹੰਢਾਉਣ ਵਾਲੇ ਲੋਕ, ਗਰੀਬ ਦਲਿਤ, ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਬਗਾਰ ਜਾਂ ਗੁਲਾਮੀ ਦੇ ਜੀਵਨ ਵੱਲ ਧੱਕਣ ਦਾ ਯਤਨ ਹੁੰਦਾ ਹੈ। ਇੱਕਵੀਂ ਸਦੀ, ਜਿਸਨੂੰ ਆਧੁਨਿਕ ਸਦੀ ਕਿਹਾ ਜਾ ਰਿਹਾ ਹੈ, ਵਿੱਚ ਵੀ ਗੁਲਾਮੀ ਦਾ ਜੀਵਨ ਖ਼ਤਮ ਨਹੀਂ ਹੋਇਆ, ਸਿਰਫ਼ ਇਸ ਦਾ ਸਰੂਪ ਬਦਲਿਆ ਹੈ। ਬਗਾਰ ਭਾਵ ਮੁੱਲ ਚੁੱਕਤਾ ਕਰਨ ਬਿਨ੍ਹਾਂ ਮਜ਼ਦੂਰੀ ਕਰਾਉਣਾ । ਲੱਖ ਯਤਨ ਰਾਸ਼ਟਰ ਸੰਘ (ਯੂ.ਐਨ.ਓ) ਵਲੋਂ ਕੀਤੇ ਜਾ ਰਹੇ ਹਨ, ਪਰ ਨਾ ਮਾਨਵ ਤਸਕਰੀ ਬੰਦ ਹੋਈ ਹੈ, ਨਾ ਬਗਾਰ, ਨਾ ਬਾਲ ਮਜ਼ਦੂਰੀ। ਮੌਜੂਦਾ ਸਾਮਰਾਜਵਾਦੀ ਯੁੱਗ 'ਚ ਸਾਮੰਤੀ, ਅਫ਼ਸਰਸ਼ਾਹੀ ਕਮਜ਼ੋਰ ਵਰਗ ਦੇ ਲੋਕਾਂ ਤੋਂ ਬਗਾਰ ਕਰਵਾ ਰਹੀ ਹੈ। ਉਸ ਕੋਲ ਸ਼ਕਤੀਆਂ ਦੀ ਭਰਮਾਰ ਹੈ। ਅੱਜ ਦੁਨੀਆ ਦੇ ਹਰੇਕ ਇੱਕ ਹਜ਼ਾਰ ਲੋਕਾਂ ਪਿੱਛੇ ਘੱਟੋ-ਘੱਟ ਤਿੰਨ ਵਿਅਕਤੀ ਬਗਾਰ ਕਰਨ ਲਈ ਮਜ਼ਬੂਰ ਹਨ।

ਦੁਨੀਆ ਵਿੱਚ ਇਹੋ ਜਿਹੀ ਗੁਲਾਮੀ, ਇਹੋ ਜਿਹੀ ਬਗਾਰ ਕਰਨ ਵਾਲੇ ਲੋਕਾਂ ਵਿੱਚ 50 ਫ਼ੀਸਦੀ ਤੋਂ ਵੱਧ ਏਸ਼ੀਆ ਮਹਾਂਸਾਗਰ ਖੇਤਰ ਵਿੱਚ ਹਨ। ਜਦੋਂ ਤੋਂ ਯੂਰਪੀਅਨ ਕਮਿਸ਼ਨ ਦੀ ਰਿਪੋਰਟ ਛਪੀ ਹੈ, ਦੁਨੀਆ 'ਚ ਹਾਹਾਕਾਰ ਮੱਚ ਗਈ ਹੈ। ਅਮਰੀਕਾ ਵਿੱਚ ਇਸ ਸਬੰਧੀ ਇੱਕ ਕਾਨੂੰਨ ਬਣਾ ਦਿੱਤਾ ਗਿਆ ਹੈ। ਸੰਯੁਕਤ ਰਾਸ਼ਟਰ ਦਾ ਅੰਤਰਰਾਸ਼ਟਰੀ ਲੇਬਰ ਕਮਿਸ਼ਨ ਇਸ ਸਬੰਧੀ ਹੋਰ ਵੀ ਚੌਕਸ ਹੋ ਗਿਆ ਹੈ।




ਭਾਰਤੀ ਸੰਵਿਧਾਨ ਦੀ ਧਾਰਾ-23 ਸਪਸ਼ਟ ਰੂਪ ਵਿੱਚ ਜ਼ਬਰੀ ਮਜ਼ਦੂਰੀ, ਭਾਵ ਬੰਧੂਆ ਮਜ਼ਦੂਰੀ, ਮਨੁੱਖੀ ਤਸਕਰੀ (ਵੇਚ ਵੱਟਤ) ਆਦਿ ਦਾ ਸਖ਼ਤ ਵਿਰੋਧ ਕਰਦੀ ਹੈ। ਬਾਲ ਮਜ਼ਦੂਰੀ ਸਬੰਧੀ 2016 'ਚ ਇਕ ਸੋਧ ਬਿੱਲ ਵੀ ਪਾਰਲੀਮੈਂਟ 'ਚ ਪਾਸ ਕੀਤਾ ਗਿਆ, ਜਿਸ ਵਿੱਚ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਕੰਮ ਲੈਣਾ ਕਾਨੂੰਨੀ ਅਪਰਾਧ ਹੈ, ਪਰ ਹੈਰਾਨੀ ਵਾਲੀ ਗੱਲ ਹੈ ਕਿ ਖੇਤੀ ਖੇਤਰ ਦੇ ਨਾਲ ਘਰੇਲੂ ਕਾਰੋਬਾਰ ਅਤੇ ਅਸੰਗਠਿਤ ਖੇਤਰ 'ਤੇ ਇਹ ਕਾਨੂੰਨ ਲਾਗੂ ਨਹੀਂ ਹੈ। ਕਾਨੂੰਨ ਅਨੁਸਾਰ 14 ਸਾਲ ਦੀ ਉਮਰ ਦੇ ਬੱਚੇ ਤੋਂ ਕਿਸੇ ਕਾਰਖਾਨੇ ਜਾਂ ਖਾਣਾਂ ਆਦਿ 'ਚ ਕੰਮ ਕਰਾਉਣਾ ਜ਼ੁਰਮ ਹੈ ਭਾਵ ਉਹਨਾਂ ਨੂੰ ਉਥੇ ਰੁਜ਼ਗਾਰ 'ਤੇ ਨਹੀਂ ਲਾਇਆ ਜਾ ਸਕਦਾ, ਪਰ ਚਾਹ ਦੀਆਂ ਦੁਕਾਨਾਂ, ਢਾਬੇ, ਇੱਟਾਂ ਦੇ ਭੱਠੇ ਬਾਲ ਮਜ਼ਦੂਰਾਂ ਨਾਲ ਭਰੇ ਪਏ ਹਨ ਅਤੇ ਬਗਾਰ ਆਦਿ ਵੀ ਇਹਨਾਂ ਥਾਵਾਂ ਉਤੇ ਆਮ ਵੇਖਣ ਨੂੰ ਮਿਲਦੀ ਹੈ।

ਜਿਵੇਂ ਅਮਰੀਕਾ 'ਚ ਗੁਲਾਮਾਂ ਦੀ ਗਿਣਤੀ ਵੱਡੀ ਰਹੀ, ਕਾਲੇ ਲੋਕਾਂ ਨੂੰ ਗੁਲਾਮ ਬਣਾਕੇ, ਉਹਨਾਂ ਦੀ ਵਿਕਰੀ ਤੱਕ ਕੀਤੀ ਜਾਂਦੀ ਰਹੀ। ਦੁਨੀਆ ਦੇ ਹੋਰ ਖਿੱਤਿਆਂ 'ਚ ਵੀ ਇਹ ਵਰਤਾਰਾ ਲਗਾਤਾਰ ਵੇਖਣ ਨੂੰ ਮਿਲਦਾ ਰਿਹਾ। ਰਾਜਿਆਂ, ਮਹਾਰਾਜਿਆਂ ਦੇ ਮੁਹੱਲਾਂ 'ਚ ਕੰਮ ਕਰਦੇ ਲੋਕਾਂ, ਜਗੀਰਦਾਰਾਂ ਦੇ ਪਰਜਾ ਬਣਕੇ ਰਹਿੰਦੇ ਲੋਕਾਂ ਦੇ ਹੱਕ ਕਿਥੇ ਸਨ ? ਉਹਨਾਂ ਦਾ ਜੀਵਨ ਤਾਂ ਅੰਧਕਾਰ ਨਾਲ ਭਰਿਆ ਦਿਸਦਾ ਸੀ।

ਯੂ.ਐਨ. ਅਨੁਸਾਰ ਮਨੁੱਖ ਦੇ 30 ਹੱਕ ਹਨ ਇਸ ਸ੍ਰਿਸ਼ਟੀ 'ਤੇ। ਜ਼ਿੰਦਗੀ ਜੀਊਣ ਦਾ ਹੱਕ, ਸਿੱਖਿਆ ਦਾ ਹੱਕ ਅਤੇ ਜ਼ਿੰਦਗੀ 'ਚ ਚੰਗਾ ਵਰਤਾਰਾ ਪ੍ਰਾਪਤ ਕਰਨ ਦਾ ਹੱਕ ਅਤੇ ਇਸ ਤੋਂ ਵੀ ਵੱਡਾ ਹੱਕ ਹੈ ਗੁਲਾਮੀ ਅਤੇ ਤਸੀਹੇ ਰਹਿਤ ਜ਼ਿੰਦਗੀ ਜੀਊਣ ਦਾ ਹੱਕ।

ਪਰ ਬਗਾਰ ਤਾਂ ਤਸੀਹੇ ਭਰੀ ਵੀ ਹੈ ਅਤੇ ਜ਼ਿੰਦਗੀ ਜੀਊਣ ਦੇ ਹੱਕ ਉਤੇ ਵੀ ਵੱਡਾ ਡਾਕਾ ਹੈ। ਬਗਾਰ ਭਰੀ ਜ਼ਿੰਦਗੀ, ਸੁਖਾਵੀਂ ਕਿਵੇਂ ਹੋ ਸਕਦੀ ਹੈ ? ਸ਼ਾਹੂਕਾਰ ਦਾ ਕਰਜ਼ਾ ਸਿਰ 'ਤੇ ਹੋਵੇ ,ਜਾਂ ਬੈਂਕ ਦਾ, ਮਾਨਸਿਕ ਗੁਲਾਮੀ ਨੂੰ ਸੱਦਾ ਤਾਂ ਦਿੰਦਾ ਹੀ ਹੈ। ਮਨੁੱਖ ਦੀ ਜ਼ਿੰਦਗੀ, ਆਜ਼ਾਦੀ ਅਤੇ ਖੁਸ਼ੀ ਉਤੇ ਪ੍ਰਭਾਵ ਤਾਂ ਪੈਂਦਾ ਹੀ ਹੈ।

ਅੱਜ ਜਦਕਿ ਵਿਸ਼ਵ ਇੱਕ ਪਿੰਡ ਵਜੋਂ ਵਿਚਰ ਰਿਹਾ ਹੈ, ਇਸ ਵਿੱਚ ਮਨੁੱਖੀ ਹੱਕਾਂ ਦੇ ਢੋਲ ਬਜਾਏ ਜਾ ਰਹੇ ਹਨ। ਇਕੱਠੇ ਹੋਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਆਧੁਨਿਕ ਯੁੱਗ 'ਚ ਧਰਮ, ਜਾਤ, ਦੇਸ਼ ਦੇ ਪਾੜੇ ਨੂੰ ਮਿਟਾਉਣ ਲਈ ਯਤਨ ਕੀਤੇ ਜਾਣ ਦੀ ਗੱਲ ਕੀਤੀ ਜਾ ਰਹੀ ਹੈ। ਸਭ ਲਈ ਬਰੋਬਰ ਕਾਨੂੰਨ, ਸਭ ਲਈ ਚੰਗੀ ਸਿਹਤ, ਸਿੱਖਿਆ ਦਾ ਢੰਡੋਰਾ ਪਿੱਟਿਆ ਜਾ ਰਿਹਾ ਹੈ, ਤਾਂ ਫਿਰ ਸਵਾਲ ਉੱਠਦਾ ਹੈ ਕਿ ਆਖ਼ਿਰ ਇਸ ਯੁੱਗ ਵਿੱਚ ਗੁਲਾਮੀ, ਬਗਾਰ, ਪਾੜਾ, ਤਸੀਹੇ ਕਿਉਂ ਵਧ ਰਹੇ ਹਨ ?

ਮਨੁੱਖ ਉਸ ਨਿਆਪੂਰਨ ਸਮਾਜ ਦੀ ਸਥਾਪਨਾ ਚਾਹੁੰਦਾ ਹੈ, ਜਿਥੇ ਹਰ ਇੱਕ ਲਈ ਬਰਾਬਰ ਦੇ ਮੌਕੇ ਹੋਣ, ਜਿਥੇ ਬੁਨਿਆਦੀ ਹੱਕ ਹੋਣ, ਜਿਥੇ ਆਜ਼ਾਦੀ ਹੋਵੇ। ਬਗਾਰੀ ਅਤੇ ਮਨੁੱਖੀ ਹੱਕਾਂ ਦਾ ਘਾਣ ਮਾਨਵਤਾ ਵਿਰੁੱਧ ਇੱਕ ਅਪਰਾਧ ਹੈ। ਚੇਤੰਨ ਬੁੱਧੀ ਵਾਲੇ ਲੋਕ ਹਿੱਕ ਕੱਢਕੇ ਇਸ ਪ੍ਰਵਿਰਤੀ ਅਤੇ ਵਰਤਾਰੇ ਵਿਰੁੱਧ ਲੜਦੇ ਰਹੇ ਹਨ ਅਤੇ ਹੁਣ ਵੀ ਸੰਘਰਸ਼ਸ਼ੀਲ ਹਨ।

# ਗੁਰੂ ਗ੍ਰੰਥ ਸਾਹਿਬ ਦੇ ਅਦਬ-ਸਤਿਕਾਰ ਤੇ ਸੁਰੱਖਿਆ ਨੂੰ ਬਹਾਲ ਕਿਵੇਂ ਰੱਖਿਆ ਜਾਵੇ ?

ਤਲਵਿੰਦਰ ਸਿੰਘ ਬੁੱਟਰ

ਕਈ ਸਾਲ ਪਹਿਲਾਂ ਲਹਿੰਦੇ ਪੰਜਾਬ ਦੇ ਗੁਰਧਾਮਾਂ ਦੇ ਦਰਸ਼ਨਾਂ ਲਈ ਪਾਕਿਸਤਾਨ ਗਏ ਇਕ ਸਿੱਖ ਵਿਦਵਾਨ ਨੇ ਉੱਥੇ ਇਕ ਬਜ਼ੁਰਗ ਨੂੰ ਪੁੱਛਿਆ ਕਿ ਇੱਥੇ ਗੁਰਦੁਆਰਿਆਂ ਦੇ ਨਾਂ ਹਜ਼ਾਰਾਂ ਏਕੜ ਜ਼ਮੀਨਾਂ ਹੋਣ ਦੇ ਬਾਵਜੂਦ ਗੁਰਦੁਆਰੇ ਬਹੁਤ ਛੋਟੇ-ਛੋਟੇ ਕਿਉਂ ਹਨ ? ਅੱਗੋਂ ਬਜ਼ੁਰਗ ਕਹਿਣ ਲੱਗਾ, "ਗੁਰਦੁਆਰੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਗਤ ਕਰਨ ਲਈ ਬਣਵਾਏ ਸਨ ਅਤੇ ਸੰਗਤ ਲਈ ਤਾਂ ਏਨੀ ਕੁ ਜਗ੍ਹਾ ਹੀ ਕਾਫ਼ੀ ਹੁੰਦੀ ਹੈ।" ਇੱਧਰ ਸਾਡੇ ਚੜ੍ਹਦੇ ਪੰਜਾਬ 'ਚ ਸਥਿਤੀ ਬਿਲਕੁਲ ਇਸ ਦੇ ਉਲਟ ਹੈ। ਪਿਛਲੇ ਅਰਸੇ ਦੌਰਾਨ ਅਸੀਂ ਇਤਿਹਾਸਕ ਗੁਰਦੁਆਰਿਆਂ ਦੀਆਂ ਗੁਰੂ-ਕਾਲ ਜਾਂ ਸਿੱਖ ਰਾਜ ਵੇਲੇ ਦੀਆਂ ਬਣੀਆਂ ਇਤਿਹਾਸਕ ਇਮਾਰਤਾਂ ਨੂੰ ਢਾਹ ਕੇ ਉੱਥੇ ਵੱਡੇ-ਵੱਡੇ ਤੇ ਆਲੀਸ਼ਾਨ ਗੁਰਦੁਆਰੇ ਉਸਾਰ ਦਿੱਤੇ ਹਨ।

ਇਸੇ ਕਾਰਨ ਉਨ੍ਹਾਂ ਪੁਰਾਤਨ ਇਮਾਰਤਾਂ 'ਚੋਂ ਰੂਪਮਾਨ ਹੁੰਦੇ ਸੰਗਤੀ ਸੰਕਲਪ, ਸਿੱਖ ਭਵਨ ਨਿਰਮਾਣ ਕਲਾ ਤੇ ਵਾਸਤੂ ਸ਼ਾਸਤਰ ਆਦਿ ਵੀ ਗੁਆਚਦੇ ਜਾ ਰਹੇ ਹਨ। ਇਕ ਸਮਾਂ ਸੀ ਜਦੋਂ ਗੁਰਧਾਮ ਕੱਚੇ ਤੇ ਸਿੱਖ ਪੱਕੇ ਹੁੰਦੇ ਸਨ। ਹੁਣ ਸਾਡੀ ਹਾਲਤ ਇਹ ਬਣ ਗਈ ਹੈ ਕਿ ਗੁਰਦੁਆਰੇ ਪੱਕੇ ਹੋ ਗਏ ਪਰ ਸਿੱਖ ਕੱਚੇ ਹੋ ਗਏ ਜਾਪਦੇ ਹਨ। ਜ਼ਿਆਦਾਤਰ ਗੁਰਦੁਆਰਿਆਂ ਦੇ ਵੱਡੇ-ਵੱਡੇ ਦਰਬਾਰਾਂ ਵਿੱਚ ਕੀਰਤਨ, ਕਥਾ ਜਾਂ ਗੁਰਬਾਣੀ ਸੁਣਨ ਲਈ ਬੈਠੇ ਸਰੋਤਿਆਂ ਦੀ ਗਿਣਤੀ ਨਾਮਾਤਰ ਹੁੰਦੀ ਹੈ। ਗੁਰਦੁਆਰੇ ਦਾ ਅਰਥ ਹੈ ਗੁਰੂ ਦੇ ਜ਼ਰੀਏ, ਗੁਰੂ ਦੀ ਮਾਰਫਤ। ਗੁਰਦੁਆਰਿਆਂ ਨੂੰ ਸ੍ਰੀ



ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਤਕ 'ਧਰਮਸਾਲ' ਕਿਹਾ ਜਾਂਦਾ ਰਿਹਾ ਹੈ। ਇਹ ਅਸਥਾਨ ਦਸ ਗੁਰੂ ਸਾਹਿਬਾਨ ਨੇ ਧਰਮ ਪ੍ਰਚਾਰ ਲਈ ਬਣਾਏ ਸਨ। ਇਨ੍ਹਾਂ ਨੂੰ ਸਿੱਖਾਂ ਦੀ ਇਬਾਦਤਗਾਹ ਕਿਹਾ ਜਾ ਸਕਦਾ ਹੈ। ਪਰ ਪਿਛਲੇ ਅਰਸੇ ਦੌਰਾਨ ਸਿੱਖਾਂ ਦੇ 'ਕੇਂਦਰੀ ਅਸਥਾਨ' ਸ੍ਰੀ ਹਰਿਮੰਦਰ ਸਾਹਿਬ ਤੋਂ ਲੈ ਕੇ ਬਹੁਤ ਸਾਰੇ ਇਤਿਹਾਸਕ ਗੁਰਦੁਆਰਿਆਂ 'ਚ ਸੁੰਦਰੀਕਰਨ ਦੇ ਨਾਂ 'ਤੇ ਅਜਿਹੀਆਂ ਬੁਨਿਆਦੀ ਤਬਦੀਲੀਆਂ ਕਰ ਦਿੱਤੀਆਂ ਗਈਆਂ ਜੋ ਇਨ੍ਹਾਂ ਅਸਥਾਨਾਂ ਦੀ ਰੂਹਾਨੀ ਮਹੱਤਤਾ ਨੂੰ ਘਟਾ ਰਹੀਆਂ ਹਨ। ਪੰਜਾਬ 'ਚ ਤਕਰੀਬਨ ਸਾਢੇ 12 ਹਜ਼ਾਰ ਪਿੰਡ ਹਨ ਜਦਕਿ ਗੁਰਦੁਆਰਿਆਂ ਦੀ ਗਿਣਤੀ 37 ਹਜ਼ਾਰ ਤੋਂ ਵੀ ਵੱਧ ਹੈ। ਹਰ ਪਿੰਡ 'ਚ ਔਸਤਨ ਤਿੰਨ ਗੁਰਦੁਆਰੇ ਹਨ। ਪਿੱਛੇ ਜਿਹੇ 'ਇੰਸਟੀਚਿਊਟ ਆਫ ਸਿੱਖ ਸਟੱਡੀਜ਼' ਵੱਲੋਂ ਪੰਜਾਬ 'ਚ ਗੁਰਦੁਆਰਿਆਂ ਸਬੰਧੀ ਕੀਤੀ ਖੋਜ 'ਚ ਖ਼ੁਲਾਸਾ ਕੀਤਾ ਗਿਆ ਸੀ ਕਿ ਪੰਜਾਬ ਦੇ ਪਿੰਡਾਂ, ਸ਼ਹਿਰਾਂ, ਕਸਬਿਆਂ ਅੰਦਰ ਲੋਕਾਂ ਨੇ ਜਾਤ-ਪਾਤ ਆਧਾਰਤ ਗੁਰਦੁਆਰਿਆਂ ਦੇ ਨਾਲ-ਨਾਲ ਆਪਣੇ ਨਿੱਜੀ ਗੁਰਦੁਆਰੇ ਵੀ ਉਸਾਰ ਲਏ ਹਨ। ਹੁਣ ਇਹੋ ਜਿਹੇ ਹਾਲਾਤ 'ਚ ਗੁਰਦੁਆਰਾ ਸੰਸਥਾ ਨੂੰ ਉਸ ਮੂਲ ਮਨੋਰਥ ਦੇ ਮੁਖ਼ਾਤਬ ਕਿੰਜ ਕੀਤਾ ਜਾ ਸਕਦਾ ਹੈ ਜਿਨ੍ਹਾਂ ਕੁਰੀਤੀਆਂ ਨੂੰ ਦੂਰ ਕਰਨ ਲਈ ਗੁਰੂ ਸਾਹਿਬਾਨ ਨੇ ਸਾਨੂੰ ਸੰਗਤ ਕਰਨ ਲਈ ਗੁਰਦੁਆਰੇ ਬਖ਼ਸ਼ੇ ਸਨ ?

ਗੁਰਮਤਿ ਦਾ ਮੂਲ ਸਿਧਾਂਤ ਹੀ ਜਾਤ-ਪਾਤ, ਰੰਗ-ਨਸਲ ਅਤੇ ਭਿੰਨ-ਭੇਦ ਨੂੰ ਦੂਰ ਕਰਨਾ ਸੀ ਪਰ ਇਨ੍ਹਾਂ ਵਿਤਕਰਿਆਂ ਦੇ ਆਧਾਰ 'ਤੇ ਹੀ ਅਸੀਂ ਅੱਜ ਗੁਰਦੁਆਰੇ ਉਸਾਰ ਕੇ ਬੈਠ ਗਏ ਹਾਂ। ਪਿੰਡਾਂ 'ਚ ਜਾਤਾਂ ਜਾਂ ਧੜੇਬੰਦੀਆਂ 'ਤੇ ਆਧਾਰਤ ਧੜਾਧੜ ਗੁਰਦੁਆਰਿਆਂ ਦੀ ਉਸਾਰੀ ਹੀ ਅੱਜ ਬੇਅਦਬੀਆਂ ਵਰਗੇ ਬੇਰੋਕ ਹਿਰਦੇਵੇਦਕ ਵਰਤਾਰੇ ਦਾ ਕਾਰਨ ਬਣ ਰਹੀ ਹੈ। 'ਸਤਿਕਾਰ ਕਮੇਟੀ ਯੂਕੇ' ਵੱਲੋਂ ਸਾਲ 2018-19 ਵਿੱਚ ਲਗਪਗ ਦੋ ਸਾਲ ਲਗਾ ਕੇ ਸਿਰਫ਼ ਗੁਰਦਾਸਪੁਰ ਜ਼ਿਲ੍ਹੇ ਵਿਚ ਗੁਰਦੁਆਰਿਆਂ ਦਾ ਸਰਵੇਖਣ ਕੀਤਾ ਗਿਆ ਸੀ ਜਿਸ ਅਨੁਸਾਰ ਜ਼ਿਲ੍ਹੇ ਦੇ 1401 ਪਿੰਡਾਂ ਦੇ ਮੁਕਾਬਲੇ ਗੁਰਦੁਆਰਿਆਂ ਦੀ ਗਿਣਤੀ 2140 ਪਾਈ ਗਈ। ਇੱਥੇ ਹੀ ਬਸ ਨਹੀਂ, 800 ਦੇ ਲਗਪਗ ਗੁਰਦੁਆਰੇ ਬਿਨਾਂ ਗ੍ਰੰਥੀ ਸਿੰਘਾਂ ਤੋਂ ਪਾਏ ਗਏ। ਵਿਡੰਬਣਾ ਇਹ ਹੈ ਕਿ ਇਸ ਸਰਵੇਖਣ ਅਨੁਸਾਰ 1322 ਗੁਰਦੁਆਰਿਆਂ ਦੀ ਪ੍ਰਬੰਧਕੀ ਕਮੇਟੀ ਦਾ ਇਕ ਵੀ ਮੈਂਬਰ ਅੰਮ੍ਰਿਤਧਾਰੀ ਨਹੀਂ ਸੀ। ਜਦੋਂ ਹਾਲਾਤ ਇਹ ਹਨ ਤਾਂ ਅਸੀਂ ਬੇਅਦਬੀਆਂ ਕਿੰਝ ਰੋਕ ਲਵਾਂਗੇ ? ਬਹੁਤ ਸਾਰੇ ਪਿੰਡਾਂ ਦੇ ਗੁਰਦੁਆਰੇ ਬਾਹਰਵਾਰ ਜਾਂ ਸੁੰਨਸਾਨ ਥਾਵਾਂ 'ਤੇ ਹੁੰਦੇ ਹਨ। ਬਹੁਤੇ ਗੁਰੂ-ਘਰਾਂ ਦੇ ਗ੍ਰੰਥੀ ਸਿੰਘਾਂ ਨੂੰ ਸੇਵਾ ਫ਼ਲ ਬਹੁਤ ਘੱਟ ਮਿਲਦਾ ਹੋਣ ਕਾਰਨ ਉਹ ਸਵੇਰੇ-ਸ਼ਾਮ ਨਿੱਤਨੇਮ ਕਰਨ ਤੋਂ ਬਾਅਦ ਜਿੰਦਰਾ ਲਾ ਕੇ ਹੋਰ ਕੰਮਾਂ-ਕਾਰਾਂ ਲਈ ਚਲੇ ਜਾਂਦੇ ਹਨ।

ਮਗਰੋਂ ਗੁਰੂ-ਘਰ ਦੀ ਕੋਈ ਪਹਿਰੇਦਾਰੀ ਨਹੀਂ ਰਹਿ ਜਾਂਦੀ। ਅਜਿਹੇ ਵਿੱਚ ਸ਼ਰਾਰਤੀ ਅਨਸਰ ਜਿੰਦਰਾ ਭੰਨ ਕੇ ਗੁਰਦੁਆਰਿਆਂ ਦੀ ਬੇਅਦਬੀ ਕਰ ਜਾਂਦੇ ਹਨ। ਮਗਰੋਂ ਜੋ ਵੀ ਹੁੰਦਾ ਰਹੇ ਪਰ ਅੱਜ ਤਕ ਬੇਅਦਬੀਆਂ ਦੇ ਅਸਲ ਕਾਰਨਾਂ ਨੂੰ ਮੁਖ਼ਾਤਬ ਹੋਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਜਾ ਰਹੀ। ਸਾਡੇ ਗੁਰਦੁਆਰਿਆਂ ਅੰਦਰ ਹਰ ਤੀਜੇ ਦਿਨ ਬੇਅਦਬੀਆਂ ਦੀਆਂ ਘਟਨਾਵਾਂ ਹੋਣ ਦੇ ਬਾਵਜੂਦ ਅਸੀਂ ਗੁਰਦੁਆਰਿਆਂ ਦੀ ਮਰਿਆਦਾ ਤੇ ਸੁਰੱਖਿਆ ਨੂੰ ਕਾਇਮ ਰੱਖਣ ਲਈ ਚੇਤੰਨ ਨਹੀਂ ਹੋ ਰਹੇ। ਪੁਰਾਤਨ ਸਮਿਆਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਹੱਥ ਲਿਖਤ ਅਤੇ ਲੜੀਵਾਰ ਹੁੰਦੇ ਸਨ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਬਖ਼ਸ਼ੀ ਸੀ ਤਾਂ ਉਹ ਪਾਵਨ ਸਰੂਪ ਹੱਥ ਲਿਖਤ ਤੇ ਲੜੀਵਾਰ ਸੀ। ਪੂਰੇ ਪੰਥ ਵਿੱਚ ਪਾਵਨ ਸਰੂਪ ਗਿਣਤੀ ਦੇ ਹੀ ਹੁੰਦੇ ਸਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਸ਼ਰਧਾ ਤੇ ਸਤਿਕਾਰ ਅਥਾਹ ਹੁੰਦਾ ਸੀ। ਗੁਰੂ ਲਈ ਮਰ ਮਿਟਣ ਦੀ ਭਾਵਨਾ ਪ੍ਰਚੰਡ ਹੁੰਦੀ ਸੀ। ਵੀਹਵੀਂ ਸਦੀ ਦੇ ਆਰੰਭ 'ਚ ਜਦੋਂ ਛਾਪੇਖਾਨਿਆਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਆਰੰਭ ਹੋਈ ਤਾਂ ਉਸ ਵੇਲੇ ਵੀ ਕਈ ਜਾਗਰੂਕ ਗੁਰਸਿੱਖਾਂ ਨੇ ਇਸ ਦਾ ਇਹ ਕਹਿ ਕੇ ਵਿਰੋਧ ਕੀਤਾ ਸੀ ਕਿ ਇਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥਾਂ ਦਾ ਅਨਰਥ ਅਤੇ ਬੇਅਦਬੀ ਹੋਵੇਗੀ।

ਉਸ ਤੋਂ ਬਾਅਦ ਜਦੋਂ ਲੜੀਵਾਰ ਗੁਰਬਾਣੀ ਦੇ ਸ਼ਬਦ ਜੋੜਾਂ ਨੂੰ ਨਿਖੇੜ ਕੇ ਪਦ-ਛੇਦ ਸਰੂਪ ਛਾਪਣ ਦੀ ਆਰੰਭਤਾ ਹੋਈ ਤਾਂ ਉਸ ਵੇਲੇ ਵੀ ਇਸ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਚੀਫ ਖ਼ਾਲਸਾ ਦੀਵਾਨ ਵਰਗੀਆਂ ਸੰਸਥਾਵਾਂ ਨੇ ਵਿਰੋਧ ਕੀਤਾ ਸੀ। ਪਰ ਹੌਲੀ-ਹੌਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਆਪਣੇ ਮਤਿਆਂ ਦੀ ਮਨਸ਼ਾ ਦੇ ਉਲਟ ਜਾ ਕੇ ਪਦ-ਛੇਦ ਸਰੂਪ ਛਾਪਣੇ ਸ਼ੁਰੂ ਕਰ ਦਿੱਤੇ। (ਬਾਕੀ ਸਫ਼ਾ 31 'ਤੇ)

# ਪੰਜਾਬ ਤੇ ਪੰਥਕ ਰਾਜਨੀਤੀ ਦੀ ਨਵੀਂ ਇਬਾਰਤ ਲਿਖਣ ਦੀ ਲੋੜ

ਭਾਈ ਹਰਿਸਿਮਰਨ ਸਿੰਘ
ਮੁਖੀ, ਸੈਂਟਰ ਫ਼ਾਰ ਪੰਥਕ ਕ੍ਰਿਏਟੀਵਿਟੀ, ਸ੍ਰੀ ਅਨੰਦਪੁਰ ਸਾਹਿਬ। ਮੋ. 9872591713

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਸਮੇਤ ਪੰਜਾਬ ਦੀਆਂ ਸਮੂਹ ਰਾਜਨੀਤਿਕ ਧਿਰਾਂ, ਵਿਦਵਾਨ, ਵਿਸ਼ਲੇਸ਼ਕ, ਸੰਪਾਦਕ, ਪੰਜਾਬ ਅਤੇ ਨੈਸ਼ਨਲ ਮੀਡੀਆ, ਪੰਜਾਬ-ਕੇਂਦਰੀ ਸਰਕਾਰਾਂ ਅਤੇ ਸੂਹੀਆ ਏਜੰਸੀਆਂ ਆਦਿ ਨੇ ਸਿੱਧੇ-ਅਸਿੱਧੇ ਰੂਪ ਵਿੱਚ ਇਹ ਗੱਲ ਸਵੀਕਾਰ ਕਰ ਲਈ ਹੈ ਕਿ ਪੰਜਾਬ ਦੀ ਰਾਜਨੀਤੀ ਅਤੇ ਪੰਥਕ ਦਿਸਹੱਦਿਆਂ ਉੱਤੇ ਭਾਈ ਅੰਮ੍ਰਿਤਪਾਲ ਸਿੰਘ ਦਾ ਇਕ ਨਾਇਕ ਵਜੋਂ ਉਭਾਰ ਹੋ ਚੁੱਕਾ ਹੈ। ਸਾਡੀ ਇਸ ਧਾਰਨਾ ਪਿੱਛੇ ਇਨ੍ਹਾਂ ਵਰਤਾਰਿਆਂ ਨਾਲ ਸਬੰਧਿਤ ਪਿਛਲੇ 8 ਮਹੀਨਿਆਂ ਦੀਆਂ ਉਹ ਸਾਰੀਆਂ ਘਟਨਾਵਾਂ ਖੜ੍ਹੀਆਂ ਹਨ, ਜਿਨ੍ਹਾਂ ਦੇ ਨਤੀਜੇ ਵਜੋਂ ਭਾਈ ਅੰਮ੍ਰਿਤਪਾਲ ਸਿੰਘ ਆਪਣੇ ਬੇਬਾਕ ਵਿਚਾਰਾਂ, ਸਰਗਰਮੀਆਂ, ਸਿੱਖਾਂ ਦੀ ਹਮਾਇਤ ਪ੍ਰਾਪਤ ਕਰਨ ਅਤੇ ਕੌਮ ਵਿਚ ਪਿਛਲੀਆਂ ਸੰਘਰਸ਼ਸ਼ੀਲ ਅਤੇ ਸੱਤਾਧਾਰੀ ਧਿਰਾਂ ਆਦਿ ਤੋਂ ਹਮੇਸ਼ਾ ਕੁਝ ਕਦਮ ਅੱਗੇ ਹੀ ਰਿਹਾ ਹੈ। ਠੀਕ ਹੈ ਭਾਈ ਸਾਹਿਬ ਦੇ ਸਮੁੱਚੇ ਵਿਚਾਰਾਂ, ਪੈਂਤੜਿਆਂ ਅਤੇ ਰਣਨੀਤੀ ਆਦਿ ਨਾਲ ਪੂਰਨ ਰੂਪ ਵਿਚ ਸਹਿਮਤ ਨਹੀਂ ਹੋਇਆ ਜਾ ਸਕਦਾ ਪਰ ਜਿਵੇਂ ਇਹ ਨੌਜੁਆਨ ਆਗੂ ਅਜਨਾਲਾ ਕਾਂਡ ਵਰਗੇ ਬਾਹਰੋਂ ਨਜ਼ਰ ਆਉਂਦੇ ਗ਼ਲਤ ਪੈਂਤੜੇ ਨੂੰ ਵੀ ਆਪ ਅਤੇ ਆਪਣੀ ਲਹਿਰ ਦੇ ਹੱਕ ਵਿੱਚ ਪੰਜਾਬ ਤੋਂ ਨੈਸ਼ਨਲ ਅਤੇ ਅੰਤਰਰਾਸ਼ਟਰੀ ਪੱਧਰ ਤੱਕ ਭੁਗਤਾਨ ਵਿੱਚ ਸਫਲ ਰਿਹਾ, ਆਮ ਸਾਧਾਰਨ ਸ਼ਖ਼ਸੀਅਤ ਵਾਲਾ ਆਗੂ ਕਦੋਂ ਦਾ ਹਾਲਾਤ ਸਨਮੁੱਖ ਕਰੈਸ਼ ਹੋ ਗਿਆ ਹੁੰਦਾ।

ਇੱਥੋਂ ਤੱਕ ਕਿ 18 ਮਾਰਚ ਤੋਂ ਬਾਅਦ ਜਦੋਂ ਉਸ ਦੇ ਵਿਰੋਧੀ ਉਸ ਦੇ ਦੌਰ ਦਾ ਅੰਤ ਹੋਇਆ ਸਮਝ ਬੈਠੇ ਸਨ ਤਾਂ ਉਹ ਆਪਣੀ ਗ੍ਰਿਫ਼ਤਾਰੀ ਦੀ ਘਟਨਾ ਨੂੰ ਵੀ ਨਾ ਕੇਵਲ ਸਿੱਖ ਪੰਥ ਅਤੇ ਨੌਜੁਆਨਾਂ ਨੂੰ ਆਪਣਾ ਸੰਦੇਸ਼ ਦੇਣ ਅਤੇ ਭਵਿੱਖ ਦੀ ਰਣਨੀਤੀ ਦੱਸਣ ਵਿੱਚ ਸਫਲ ਰਿਹਾ, ਸਗੋਂ ਉਹ ਪੰਜਾਬ ਅਤੇ ਪੰਥ ਦੀ ਭਵਿੱਖ ਦੀ ਦਿਸ਼ਾ ਅਤੇ ਸੰਘਰਸ਼ ਨੂੰ ਠੋਸ ਲੀਹਾਂ ਉੱਤੇ ਉਸਾਰਨ ਦਾ ਵੱਡਾ ਪੈਗ਼ਾਮ ਵੀ ਦੇ ਗਿਆ। ਇਸ ਵਿਚਾਰ ਵਿੱਚ ਕੋਈ ਸ਼ੱਕ ਨਹੀਂ ਹੈ ਕਿ 18 ਮਾਰਚ ਤੋਂ ਬਾਅਦ ਉਸ ਦੇ ਗ੍ਰਿਫ਼ਤਾਰ ਹੋਣ ਤੱਕ ਦੀਆਂ ਅਸਾਧਾਰਨ ਘਟਨਾਵਾਂ ਨਾਲ ਨਜਿੱਠਣ ਲਈ ਪੰਜਾਬ ਸਰਕਾਰ, ਪੁਲਿਸ ਪ੍ਰਸ਼ਾਸਨ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਰਾਜਨੀਤਿਕ ਪਾਰਟੀਆਂ, ਨੌਜੁਆਨਾਂ ਅਤੇ ਵਿਦਵਾਨਾਂ ਆਦਿ ਨੇ ਆਪਣੇ-ਆਪਣੇ ਦ੍ਰਿਸ਼ਟੀਕੋਣਾਂ ਅਨੁਸਾਰ ਵਿਚਾਰ ਦਿੱਤੇ ਅਤੇ ਸਰਗਰਮੀਆਂ ਕੀਤੀਆਂ ਪਰ ਇਸ ਸਭ ਦਾ ਕੇਂਦਰੀ ਧੁਰਾ ਅਥਵਾ ਫੋਕਸ ਤਾਂ ਪਿਛਲੇ ਮਹੀਨਿਆਂ ਵਾਂਗ ਅੰਮ੍ਰਿਤਪਾਲ ਸਿੰਘ ਹੀ ਸੀ। ਉਹ ਗ੍ਰਿਫ਼ਤਾਰੀ ਦੇ ਮੌਕੇ 'ਤੇ ਵੀ ਆਪਣਾ ਇਕ ਨੁਕਤਾ ਜਿੱਤਣ ਵਿੱਚ ਕਾਮਯਾਬ ਹੋ ਗਿਆ।

ਸਰਕਾਰਾਂ ਤੇ ਪੁਲਿਸ ਪ੍ਰਸ਼ਾਸਨ ਨੇ ਆਪਣਾ ਚਿਹਰਾ ਬਚਾਉਣ ਲਈ ਕਈ ਤਰ੍ਹਾਂ ਦੀਆਂ ਤਕਨੀਕਾਂ ਘੜ੍ਹਨੀਆਂ ਹੀ ਹੁੰਦੀਆਂ ਹਨ, ਇਸ ਵਿਚ ਕੋਈ ਸ਼ੱਕ ਨਹੀਂ। ਪਰ ਸਿਆਣੇ ਸਮਝੇ ਜਾਂਦੇ ਵਿਸ਼ਲੇਸ਼ਕ, ਨੈਸ਼ਨਲ ਤੇ ਸੋਸ਼ਲ ਮੀਡੀਆ ਵਾਲੇ ਪੱਤਰਕਾਰ ਅਤੇ ਆਗੂ ਆਦਿ ਇਸ ਘਟਨਾ ਨੂੰ ਇਕ ਮਿੱਤਰਤਾਨਾ ਮੈਚ ਤੇ 'ਮਿੱਥ ਕੇ ਘੜ੍ਹਿਆ ਗਿਆ ਘਟਨਾਕ੍ਰਮ' ਹੀ ਦੱਸੀ ਜਾਂਦੇ ਹਨ। ਉਹ ਜੇਕਰ ਇਸ ਸਮੁੱਚੇ ਭਾਈ ਅੰਮ੍ਰਿਤਪਾਲ ਸਿੰਘ ਵਰਤਾਰੇ ਦੇ ਅਸਲ ਅਰਥਾਂ ਨੂੰ ਨਾ ਸਮਝ ਸਕਣ ਤਾਂ ਕੀ ਕੀਤਾ ਜਾ ਸਕਦਾ ਹੈ। ਉਹ ਆਪਣੀ ਨਾਕਾਰਾਤਮਕ ਅਤੇ ਮੈਂ ਨਾ ਮਾਨੂੰ ਦੀ ਸੋਚ ਦਾ ਫਟੇ ਹੋਏ ਢੋਲ ਵਾਂਗ ਜਨਾਜ਼ਾ ਹੀ ਕੱਢ ਰਹੇ ਹਨ। ਯਕੀਨਨ ਭਾਈ ਅੰਮ੍ਰਿਤਪਾਲ ਸਿੰਘ ਦੇ ਰੂਪ ਵਿੱਚ ਉਭਰੇ ਨਾਇਕਵਾਦ ਅਤੇ ਇਸ ਨਾਲ ਜੁੜੀਆਂ ਵਰਤਮਾਨ ਅਤੇ ਭਵਿੱਖ ਦੀਆਂ ਦਿਸ਼ਾਵਾਂ ਨੂੰ ਸਮਝਣ ਅਤੇ ਠੋਸ ਸਾਕਾਰਾਤਮਕ ਦ੍ਰਿਸ਼ਟੀਕੋਣ ਉਸਾਰਨ ਲਈ ਸਾਨੂੰ ਨਵੇਂ ਮਾਪਦੰਡ ਅਤੇ ਨਵੀਂਆਂ ਧਾਰਨਾਵਾਂ ਬਣਾਉਣੀਆਂ ਹੋਣਗੀਆਂ। ਪਹਿਲਾਂ ਹੀ ਪੰਜਾਬ ਪਿਛਲੇ 50 ਸਾਲਾਂ ਵਿਚ ਵੱਡਾ ਸੰਤਾਪ ਹੰਢਾ ਚੁਕਾ ਹੈ। ਇਹ ਸਮਾਂ ਬੜਾ ਸੋਚ ਸਮਝ ਕੇ ਸੰਵਿਧਾਨ ਅਤੇ ਕਾਨੂੰਨ ਦੀ ਜ਼ੱਦ ਵਿੱਚ ਰਹਿ ਕੇ ਰਣਨੀਤਿਕ ਤੇ ਲੋਕਤੰਤਰੀ ਸੰਘਰਸ਼ ਦੇ ਪੈਂਤੜਿਆਂ ਅਨੁਸਾਰ ਪੰਜਾਬ ਅਤੇ ਸਿੱਖ ਪੰਥ ਦੇ ਅਧਿਕਾਰਾਂ ਦੀ ਪ੍ਰਾਪਤੀ ਕਰਨ ਦਾ ਹੈ। ਸੋ, ਇਥੇ ਸਾਨੂੰ ਭਾਈ ਅੰਮ੍ਰਿਤਪਾਲ ਸਿੰਘ ਦੇ ਪਿੰਡ ਰੋਡੇ ਵਿਖੇ ਆਪਣੀ ਗ੍ਰਿਫ਼ਤਾਰੀ ਤੋਂ ਪਹਿਲਾਂ ਤਿੰਨ ਕੁ ਮਿੰਟਾਂ ਵਿੱਚ ਪ੍ਰਗਟ ਕੀਤੇ ਗਏ ਵਿਚਾਰਾਂ ਦੀ ਗਹਿਰਾਈ ਅਤੇ ਭਵਿੱਖੀ ਦਿਸ਼ਾਵਾਂ ਬਾਰੇ ਵਿਚਾਰ ਕਰਨਾ ਹੋਏਗਾ।

ਪੰਜਾਬ ਅਤੇ ਸਿੱਖ ਪੰਥ ਦੇ ਸਮੂਹ ਅੰਦਰੂਨੀ ਤੇ ਬਾਹਰੀ ਵਿਰੋਧੀਆਂ ਦੇ ਭਾਈ ਅੰਮ੍ਰਿਤਪਾਲ ਸਿੰਘ ਦੇ ਵਿਚਾਰਾਂ ਬਾਰੇ ਆਪਣੇ-ਆਪਣੇ ਦ੍ਰਿਸ਼ਟੀਕੋਣ ਹਨ। ਪਰ ਸਾਨੂੰ ਪੰਥਕ ਰੂਹ ਵਿੱਚ ਲਬਰੇਜ਼ ਸਿੱਖ ਆਗੂਆਂ, ਸੰਸਥਾਵਾਂ ਦੇ ਮੁਖੀਆਂ, ਵਿਦਵਾਨਾਂ ਅਤੇ ਸਿੱਖ ਸੰਗਤ ਅਤੇ ਨੌਜਵਾਨਾਂ ਨੂੰ ਇਸ ਸਮੁੱਚੇ ਘਟਨਾਕ੍ਰਮਾਂ ਨੂੰ ਪੰਥਕ ਦਰਦਾਂ ਕਾਰਨ ਮਿਲੀ ਚੀਸ ਦੀ ਗਹਿਰਾਈ ਅਨੁਸਾਰ ਸਮਝਣਾ ਹੋਏਗਾ। ਇਸ ਵਿਚਾਰ ਨੂੰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਅਤੇ ਹੋਰ ਧਾਰਮਿਕ-ਰਾਜਨੀਤਿਕ ਆਗੂ 1970ਵਿਆਂ ਵਾਂਗ ਭਲੀਭਾਂਤ ਜਾਣ ਗਏ ਹਨ ਕਿ ਕੇਂਦਰ ਤੇ ਪੰਜਾਬ ਸਰਕਾਰਾਂ ਤੇ ਸਿੱਖ ਵਿਰੋਧੀ ਮੀਡੀਆ ਸਿੱਖ ਪੰਥ ਅਤੇ ਇਸ ਦੀਆਂ ਸੰਸਥਾਵਾਂ ਵਿਰੁੱਧ ਪਹਿਲਾਂ ਵਾਂਗ ਨਫ਼ਰਤ ਭਰਿਆ ਵੱਡਾ ਬਿਰਤਾਂਤ ਸਿਰਜ ਰਹੇ ਹਨ। ਭਾਈ ਅੰਮ੍ਰਿਤਪਾਲ ਸਿੰਘ ਵੱਲੋਂ ਰੋਡੇ ਵਿਖੇ ਦਿੱਤੇ ਗਏ ਵਿਚਾਰਾਂ ਵਿੱਚ ਜਿੱਥੇ ਸਿੱਖ ਨੌਜਵਾਨਾਂ ਨੂੰ ਅੰਮ੍ਰਿਤ ਛਕਣ, ਨਸ਼ੇ ਤਿਆਗਣ ਅਤੇ ਸੱਚਾ ਸੁੱਚਾ ਕਰਮਸ਼ੀਲ ਜੀਵਨ ਜਿਊਣ ਦੀ ਪ੍ਰੇਰਨਾ ਦਿੱਤੀ, ਉੱਥੇ ਉਨ੍ਹਾਂ ਨੇ ਸਿੱਖਾਂ ਵਿਰੁੱਧ ਸਿਰਜੇ ਜਾ ਰਹੇ ਅਜਿਹੇ ਬਿਰਤਾਂਤ ਨੂੰ ਗੁਰੂ ਬਖਸ਼ਿਸ਼ ਨਾਲ ਤੋੜਨ ਦਾ ਸਦਾ ਕੀਤਾ ਹੈ। ਇਸ ਦ੍ਰਿਸ਼ਟੀਕੋਣ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ, ਅਕਾਲੀ ਦਲ, ਕੌਮੀ ਇਨਸਾਫ਼ ਮੋਰਚਾ, ਸੰਘਰਸ਼ਸ਼ੀਲ ਧਿਰਾਂ, ਪੰਥਕ ਵਿਦਵਾਨ ਅਤੇ 'ਵਾਰਿਸ ਪੰਜਾਬ ਦੇ' ਇੱਕੋ ਪੇਜ ਤੇ ਬੈਠੇ ਇਕਸੁਰ ਹਨ। ਅਜਿਹਾ ਨਹੀਂ ਕਿ ਭਾਈ ਅੰਮ੍ਰਿਤਪਾਲ ਸਿੰਘ ਕੇਵਲ ਆਪਣੀ ਜਥੇਬੰਦੀ ਨਾਲ ਸਬੰਧਿਤ ਸਿੱਖ ਨੌਜਵਾਨਾਂ ਨੂੰ ਅਜਿਹੀ ਵੰਗਾਰ ਪਾ ਰਹੇ ਸਨ। ਉਹ ਸਮੁੱਚੇ ਤੌਰ 'ਤੇ ਸਾਰੇ ਪੰਥ, ਇਸ ਦੀਆਂ ਸੰਸਥਾਵਾਂ ਅਤੇ ਆਗੂਆਂ ਨੂੰ ਵੀ ਮੁਖ਼ਾਤਬ ਹੋ ਰਹੇ ਸਨ। ਪਰ ਸਵਾਲ ਪੈਦਾ ਹੁੰਦਾ ਹੈ ਕਿ ਹੁਣ ਜਦੋਂ ਉਹ ਜੇਲ੍ਹ ਵਿਚ ਆਪਣੇ ਸਾਥੀਆਂ ਸਮੇਤ ਵੱਡੀ ਕਾਨੂੰਨੀ ਲੜਾਈ ਲੜਨਗੇ ਤਾਂ ਅਜਿਹੇ ਬਿਰਤਾਂਤ ਦਾ ਮੁਕਾਬਲਾ ਕਰਨ ਨਵੇਂ ਸਿੱਖ ਬਿਰਤਾਂਤ ਨੂੰ ਸਿੱਖੀ ਜੀਵਨ ਅਤੇ ਨਵੇਂ ਲੋਕਤੰਤਰੀ ਅਤੇ ਰਣਨੀਤਿਕ ਸੰਘਰਸ਼ ਦਾ ਹਿੱਸਾ ਬਣਾਉਣ ਦੀ ਵੱਡੀ ਜ਼ਿੰਮੇਵਾਰੀ ਸਿੰਘ ਸਾਹਿਬ, ਸ਼੍ਰੋਮਣੀ ਅਕਾਲੀ ਦਲਾਂ ਅਤੇ ਹੋਰ ਸਬੰਧਿਤ ਜਥੇਬੰਦੀਆਂ ਦੀ ਬਣ ਜਾਂਦੀ ਹੈ। ਆਖਰ ਨੂੰ ਜਦੋਂ ਸਾਰੇ ਸਿੱਖ ਵਿਰੋਧੀ ਇਕ ਨੀਯਤ ਨੀਤੀ ਤਹਿਤ ਕੰਮ ਕਰਦੇ ਆ ਰਹੇ ਹਨ ਤਾਂ ਸਿੱਖ ਆਗੂਆਂ ਨੂੰ ਵੀ ਤਾਂ ਕਿਸੇ ਪੰਥਕ ਏਜੰਡੇ ਦੀ ਯੋਜਨਾਬੰਦੀ ਅਧੀਨ ਕੰਮ ਕਰਨਾ ਹੋਵੇਗਾ।

ਭਾਈ ਅੰਮ੍ਰਿਤਪਾਲ ਸਿੰਘ ਦੇ ਰੂਪੋਸ਼ ਹੋਏ ਦਿਨਾਂ ਦੌਰਾਨ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਦੂਜੇ ਅਕਾਲੀ ਦਲ, ਕੌਮੀ ਇਨਸਾਫ਼ ਮੋਰਚਾ ਅਤੇ ਹੋਰ ਲੋਕ ਸਿੱਖ ਪੰਥ ਦਾ ਨੁਮਾਇੰਦਾ ਇਕੱਠ ਸੱਦਣ ਅਤੇ ਸਿੱਖ ਨੌਜਵਾਨਾਂ 'ਤੇ ਢਾਹੇ ਜਾਣ ਵਾਲੇ ਤਸ਼ੱਦਦ ਅਤੇ ਬੀਬੀ ਕਿਰਨਦੀਪ ਕੌਰ ਅਤੇ ਨੌਜਵਾਨਾਂ ਦੀ ਕਾਨੂੰਨੀ ਚਾਰਾਜੋਈ ਕਰਨ ਦੇ ਮਾਮਲੇ ਵਿੱਚ ਇਕ ਦੂਜੇ ਦੇ ਅਤੇ ਭਾਈ ਅੰਮ੍ਰਿਤਪਾਲ ਸਿੰਘ ਦੇ ਨੇੜੇ ਹੋਏ ਹਨ। ਅਜਿਹੀ ਨੇੜਤਾ ਭਵਿੱਖ ਵਿੱਚ ਸਿੱਖ ਵਿਰੋਧੀ ਬਿਰਤਾਂਤ ਤੋੜਨ ਵਿੱਚ ਕਿਵੇਂ ਇਕ 'ਜਾਗ ਲਗਾਊ ਕਿਰਆ' ਦਾ ਕੰਮ ਕਰੇਗੀ, ਇਹ ਯਤਨ ਪੰਥਕ ਏਕਤਾ ਵੱਲ ਜਾਂਦੇ ਰਾਹ ਦਾ ਇਕ ਵੱਡਾ ਕਦਮ ਸਾਬਿਤ ਹੋਣਾ ਜ਼ਰੂਰੀ ਹੈ।

ਭਾਈ ਅੰਮ੍ਰਿਤਪਾਲ ਸਿੰਘ ਨੇ ਆਪਣੀ ਗ੍ਰਿਫ਼ਤਾਰੀ ਨੂੰ ਆਪਣੀਆਂ ਸਰਗਰਮੀਆਂ ਦਾ ਇੱਕ ਅੰਤ ਨਹੀਂ, ਸਗੋਂ ਇੱਕ ਵੱਡੀ ਸ਼ੁਰੂਆਤ ਕਿਹਾ ਹੈ।ਉਨ੍ਹਾਂ ਕਾਨੂੰਨੀ ਲੜਾਈ ਲੜਨ ਤੋਂ ਬਾਅਦ ਅਤੇ ਰਿਹਾਅ ਹੋਣ ਦੀ ਆਸ ਵਿਚ ਦੁਬਾਰਾ ਸੰਗਤ ਵਿੱਚ ਵਿਚਰਨ ਦੀ ਗੱਲ ਵੀ ਕਹੀ ਹੈ। ਜ਼ਾਹਿਰ ਹੈ ਕਿ ਇਸ ਇੱਛਾ ਪਿੱਛੇ ਧਾਰਮਿਕ ਖੇਤਰ, ਪੰਥਕਤਾ ਅਤੇ ਸਿੱਖ ਰਾਜਨੀਤੀ ਵਿੱਚ ਉਨ੍ਹਾਂ ਦੁਆਰਾ ਭਰੇ ਜਾ ਰਹੇ ਖਲਾਅ ਨੂੰ ਕਿਸੇ ਨਤੀਜੇ ਤੱਕ ਪਹੁੰਚਾਉਣ ਦੀ ਵੇਦਨਾ ਕੰਮ ਕਰ ਰਹੀ ਹੈ । ਮੈਂ ਮਹਿਸੂਸ ਕਰਦਾ ਹਾਂ ਕਿ ਅਜਿਹੇ ਹਾਲਾਤ ਵਿੱਚ ਗਿਆਨੀ ਹਰਪ੍ਰੀਤ ਸਿੰਘ ਹੁਰਾਂ ਨੂੰ 27 ਮਾਰਚ 2023 ਨੂੰ ਅੰਮ੍ਰਿਤਸਰ ਵਿਖੇ ਹੋਈ ਇਕੱਤਰਤਾ ਵਿਚ ਲਏ ਗਏ ਫ਼ੈਸਲੇ ਅਨੁਸਾਰ ਪੰਜਾਬ ਦੇ ਹਾਲਾਤ, ਬੇਰੁਜ਼ਗਾਰੀ, ਨਸ਼ਿਆਂ ਵਿਰੁੱਧ, ਅੰਮ੍ਰਿਤ ਛਕਾਉਣ ਅਤੇ ਵਾਤਾਵਰਣ ਸੰਭਾਲ ਦੀ ਲਹਿਰ ਨੂੰ ਹੋਰ ਪ੍ਰਚੰਡ ਕਰਨ ਅਤੇ ਕਿਸਾਨੀ ਮਸਲਿਆਂ ਆਦਿ ਬਾਰੇ ਖ਼ਾਲਸਾ ਮਾਰਚਾਂ ਦੀ ਲੜੀ ਸ਼ੁਰੂ ਕਰਨੀ ਚਾਹੀਦੀ ਹੈ। ਸਿੱਖ ਸੰਸਥਾਵਾਂ (ਬਾਕੀ ਸਫ਼ਾ 31 'ਤੇ)

## ਗੁਰਗੱਦੀ ਦਿਵਸ 'ਤੇ ਵਿਸ਼ੇਸ਼

# ਮੀਰੀ ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ

ਪ੍ਰਿੰਸੀਪਲ ਗੋਪਾਲ ਸਿੰਘ

ਮੀਰੀ ਪੀਰੀ ਦੇ ਮਾਲਕ, ਬੰਦੀ ਛੋੜ ਦਾਤਾ, ਦੁੱਖ ਭੰਜਨ ਗੁਰੂ ਹਰਗੋਬਿੰਦ ਸਾਹਿਬ ਸਿੱਖਾਂ ਦੇ ਛੇਵੇਂ ਸਤਿਗੁਰੂ ਦਾ ਪ੍ਰਕਾਸ਼ ਅੰਮ੍ਰਿਤਸਰ ਨੇੜੇ ਵਡਾਲੀ ਗੁਰੂ ਵਿੱਚ 19 ਜੂਨ 1595 ਵਿੱਚ ਗੁਰੂ ਅਰਜਨ ਦੇਵ ਅਤੇ ਮਾਤਾ ਗੰਗਾ ਜੀ ਦੇ ਘਰ ਹੋਇਆ। ਬਚਪਨ ਵਿੱਚ ਗੁਰਬਾਣੀ, ਤੀਰ ਤੇ ਤਲਵਾਰ ਚਲਾਉਣ ਦੀ ਸਿਖਲਾਈ ਬਾਬਾ ਬੁੱਢਾ ਜੀ ਨੇ ਦਿੱਤੀ। ਉਹ ਵਧੀਆ ਘੋੜ ਸਵਾਰ ਅਤੇ ਸ਼ਿਕਾਰ ਖੇਡਣ ਦੇ ਸ਼ੌਕੀਨ ਸਨ।15 ਮਈ 1606 ਦੇ ਆਖ਼ਰੀ ਹਫ਼ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹਾਦਤ ਤੋਂ ਪਹਿਲਾਂ ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ ਤੇ ਹੋਰ ਸਿੱਖਾਂ ਨਾਲ ਚਰਚਾ ਕੀਤੀ ਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰਿਆਈ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਹਰਗੋਬਿੰਦ ਜੀ ਨੂੰ ਸੌਂਪ ਦਿੱਤੀ। ਉਸ ਸਮੇਂ ਗੁਰੂ ਸਾਹਿਬ ਜੀ ਦੀ ਉਮਰ 11 ਕੁ ਸਾਲ ਦੀ ਸੀ। ਛੇਵੇਂ ਪਾਤਸ਼ਾਹ ਜੀ ਨੇ ਸੱਤਾ ਦੇ ਅਤਿਆਚਾਰਾਂ ਖ਼ਿਲਾਫ਼ ਹਥਿਆਰਬੰਦ ਸੰਘਰਸ਼ ਦਾ ਰਾਹ ਚੁਣਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਦਸਵੰਧ ਦੇ ਨਾਲ-ਨਾਲ ਵਧੀਆ ਘੋੜੇ ਤੇ ਸ਼ਸਤਰ ਗੁਰੂ ਘਰ 'ਚ ਭੇਟ ਕਰਨ ਦੇ ਹੁਕਮਨਾਮੇ ਜਾਰੀ ਕੀਤੇ। ਸਿਖਾਂ ਸੇਵਕਾਂ ਨੂੰ ਹਥਿਆਰ ਚਲਾਉਣੇ ਸਿਖਾਉਣ ਦਾ ਯੋਗ ਪ੍ਰਬੰਧ ਕੀਤਾ। ਹੌਲੀ-ਹੌਲੀ ਸਿੱਖ ਸੈਨਿਕਾਂ ਦੀ ਗਿਣਤੀ ਵਧਣ ਲੱਗੀ। ਸੱਤਾ ਦੇ ਮੁਕਾਬਲੇ ਆਪ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਰਵਾਈ। ਗੁਰੂ ਅਰਜਨ ਦੇਵ ਲਾਹੌਰ ਜਾਣ ਤੋਂ ਪਹਿਲਾਂ ਉਨ੍ਹਾਂ ਨੂੰ ਇਹ ਸਿੱਖਿਆ ਦੇ ਗਏ ਸਨ ਕਿ ਸ਼ਸਤਰਾਂ ਤੋਂ ਬਿਨਾ ਉਨ੍ਹਾਂ ਦੇ ਸੇਵਕਾਂ ਦੀ ਰੱਖਿਆ ਸੰਭਵ ਨਹੀਂ ਹੈ। ਇਸ ਲਈ ਗੱਦੀ 'ਤੇ ਬੈਠਣ ਸਮੇਂ ਉਹ ਸ਼ਸਤਰ ਪਹਿਨ ਕੇ ਬੈਠਣ ਅਤੇ ਜ਼ੁਲਮ ਦਾ ਟਾਕਰਾ ਕਰਨ ਲਈ ਵੱਡੀ ਫੌਜ ਵੀ ਤਿਆਰ ਕਰਨ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਨੇ ਬੜੀ ਸਿਆਣਪ ਨਾਲ ਅਤੇ ਸੋਚ ਸਮਝ ਕੇ ਫੈਸਲਾ ਕੀਤਾ ਕਿ ਹੁਣ ਸ਼ਾਂਤਮਈ ਢੰਗ ਨਾਲ ਕੰਮ ਨਹੀਂ ਹੋ ਸਕੇਗਾ। ਹਥਿਆਰਬੰਦ ਹੋਏ ਬਿਨਾ ਸਿੱਖ ਜਥੇਬੰਦੀਆਂ ਤੇ ਸਿੱਖ ਭਾਈਚਾਰੇ ਦੀ ਸੁਰੱਖਿਆ ਸੰਭਵ ਨਹੀਂ। ਉਨ੍ਹਾਂ ਜ਼ੁਲਮ ਦਾ ਟਾਕਰਾ ਕਰਨ ਲਈ ਮਜਬੂਤ ਸੈਨਿਕ ਸ਼ਕਤੀ ਜਥੇਬੰਦ ਕੀਤੀ। ਉਨ੍ਹਾਂ ਪੰਜ ਸੌ ਹਥਿਆਰਬੰਦਾਂ ਦੀ ਫੌਜ ਤਿਆਰ ਕੀਤੀ। ਭਾਈ ਬਿਧੀ ਚੰਦ ਜੀ, ਪੈੜਾ ਜੀ, ਧੁਮਣਾ ਜੀ, ਜੇਠਾ ਜੀ ਤੇ ਭਾਈ ਲੰਗਾਹ ਜੀ ਸੌ ਸੌ ਸਵਾਰਾਂ ਦੇ ਸਰਦਾਰ ਥਾਪੇ ਗਏ। ਗੁਰੂ ਜੀ ਨੇ 52 ਹਥਿਆਰਬੰਦ ਸਿੱਖਾਂ ਦੀ ਟੁਕੜੀ ਆਪਣੀ ਰੱਖਿਆ ਲਈ ਰੱਖੀ ਹੋਈ ਸੀ। ਅੰਮ੍ਰਿਤਸਰ ਦੀ ਸੁਰੱਖਿਆ ਲਈ ਉਨ੍ਹਾਂ 1609 ਵਿਚ ਲੋਹਗੜ੍ਹ ਦਾ ਕਿਲ੍ਹਾ ਬਣਾਇਆ।

ਇਸ ਤੋਂ ਪਹਿਲਾਂ ਉਨ੍ਹਾਂ ਨੇ ਜੂਨ 1606 ਵਿੱਚ ਅਕਾਲ ਤਖਤ ਬਣਵਾਇਆ। ਇਹ ਕਾਰਜ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਮੁਕੰਮਲ ਕੀਤਾ। ਉਹ ਅਕਾਲ ਤਖਤ ਅੱਗੇ ਜਿਸਮਾਨੀ ਮੁਕਾਬਲੇ ਕਰਵਾਉਂਦੇ, ਸੰਗਤਾਂ ਤੋਂ ਘੋੜੇ ਅਤੇ ਹਥਿਆਰਾਂ ਦੇ ਤੋਹਫੇ ਲੈਂਦੇ ਤੇ ਸੰਗਤਾਂ ਵੀ ਇਥੇ ਆ ਕੇ ਹੀ ਭੇਟਾ ਕਰਦੀਆਂ। ਇਥੇ ਹੀ ਢਾਡੀ ਅਬਦੁੱਲਾ ਤੇ ਨੱਥਾ ਯੋਧਿਆਂ ਦੀਆਂ ਬੀਰ-ਰਸੀ ਵਾਰਾਂ ਗਾਉਂਦੇ। ਅੰਮ੍ਰਿਤਸਰ ਸ਼ਹਿਰ ਵਿਚ ਰੌਣਕਾਂ ਵਧਣ ਲੱਗੀਆਂ ਤੇ ਇਹ ਸ਼ਹਿਰ ਰਾਜ ਅੰਦਰ ਰਾਜ ਬਣ ਗਿਆ। ਸੂਰਬੀਰਤਾ ਦੀ ਨਵੀਂ ਤਰੰਗ ਸਾਰੇ ਪੰਜਾਬ ਵਿੱਚ ਨਜ਼ਰ ਆਉਣ ਲਗ ਪਈ।

ਜਹਾਂਗੀਰ ਬਾਦਸ਼ਾਹ ਗੁਰੂ ਹਰਗੋਬਿੰਦ ਸਾਹਿਬ ਦੇ ਵਧ ਰਹੇ ਪ੍ਰਭਾਵ ਤੋਂ ਘਬਰਾ ਗਿਆ। ਚੰਦੂ ਸ਼ਾਹ ਵਰਗਿਆਂ ਨੇ ਉਸ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਗੁਰੂ ਸ਼ਾਹੀ ਠਾਠ ਨਾਲ ਰਹਿੰਦਾ ਹੈ, ਸਿਰ 'ਤੇ ਕਲਗੀ ਸਜਾਉਂਦਾ ਹੈ, ਹਥਿਆਰਬੰਦ ਦਰਬਾਰੀ ਰੱਖਦਾ ਹੈ ਅਤੇ ਸਿੱਖ ਉਸ ਨੂੰ ਸੱਚਾ ਪਾਤਿਸ਼ਾਹ ਕਹਿ ਕੇ ਬੁਲਾਉਂਦੇ ਹਨ। ਜਹਾਂਗੀਰ ਨੇ ਗੁਰੂ ਹਰਗੋਬਿੰਦ ਸਾਹਿਬ ਨੂੰ ਰਾਜਨੀਤਕ ਅਪਰਾਧੀ ਦਸਿਆ ਤੇ ਹੁਕਮ ਕੀਤਾ ਕਿ ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਗਵਾਲੀਅਰ ਦੇ ਕਿਲ੍ਹੇ ਵਿੱਚ ਨਜ਼ਰਬੰਦ ਕਰ ਦਿੱਤਾ ਜਾਵੇ ਤੇ ਅਜਿਹਾ ਹੀ ਕੀਤਾ ਗਿਆ। ਗਵਾਲੀਅਰ ਦੇ ਕਿਲ੍ਹੇ ਵਿੱਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚੋਂ ਕਈ ਰਾਜੇ ਵੀ ਕੈਦ ਸਨ, ਜਿਨ੍ਹਾਂ ਦੀ ਹਾਲਤ ਬੜੀ ਤਰਸਯੋਗ ਸੀ। ਕਿਲ੍ਹੇ ਵਿੱਚ ਸ਼ਾਹੀ ਕੈਦੀ ਜਾਂ ਜੋ ਰਾਜਨੀਤਕ ਅਪਰਾਧੀ ਹੁੰਦੇ ਸਨ, ਉਨ੍ਹਾਂ ਨੂੰ ਕੈਦ ਕਰਕੇ ਰੱਖਿਆ ਜਾਂਦਾ ਸੀ। ਗੁਰੂ ਜੀ ਦੇ ਆਉਣ ਨਾਲ ਸਵੇਰੇ ਸ਼ਾਮ ਦਾ ਦੀਵਾਨ ਲੱਗਣਾ ਸ਼ੁਰੂ ਹੋ ਗਿਆ। ਰਾਜਿਆਂ ਨੂੰ ਆਤਮਿਕ ਅਨੰਦ ਮਿਲਣਾ ਸ਼ੁਰੂ ਹੋ ਗਿਆ। ਸਿੱਖ ਸੰਗਤਾਂ ਵੀ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਉਂਦੀਆਂ ਤੇ ਬਾਹਰੋਂ ਹੀ ਕਿਲ੍ਹੇ ਦੀਆਂ ਦੀਵਾਰਾਂ ਨੂੰ ਮੱਥਾ ਟੇਕ ਕੇ ਵਾਪਸ ਮੁੜ ਜਾਂਦੀਆਂ। ਗਵਾਲੀਅਰ ਦਾ ਕਿਲ੍ਹਾ ਇਕ ਤਰ੍ਹਾਂ ਦਾ ਧਾਰਮਿਕ ਸਥਾਨ ਬਣ ਗਿਆ। ਅਖੀਰ ਮੀਆਂ ਮੀਰ, ਬਾਦਸ਼ਾਹ ਦੀ ਬੇਗਮ ਨੂਰਜਹਾਂ ਤੇ ਵਜ਼ੀਰ ਖਾਂ ਦੀਆਂ ਅਣਥੱਕ ਕੋਸ਼ਿਸ਼ਾਂ ਨਾਲ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਰਿਹਾ ਕਰਨ ਦਾ ਹੁਕਮ ਦੇ ਦਿੱਤਾ। ਗੁਰੂ ਜੀ ਦੀ ਰਿਹਾਈ ਸੁਣ ਕੇ ਸਾਰੇ ਰਾਜੇ ਉਦਾਸ ਹੋ ਗਏ। ਉਨ੍ਹਾਂ ਦੀ ਇਹ ਹਾਲਤ ਦੇਖ ਕੇ ਗੁਰੂ ਜੀ ਨੇ ਬਾਦਸ਼ਾਹ ਅੱਗੇ ਸ਼ਰਤ ਰੱਖੀ ਕਿ ਉਹ ਕਿਲ੍ਹਾ ਤਾਂ ਛੱਡਣਗੇ ਜੇ ਰਾਜਿਆਂ ਨੂੰ ਰਿਹਾ ਕੀਤਾ ਜਾਵੇ। ਇਸ 'ਤੇ ਬਾਦਸ਼ਾਹ ਨੇ ਹੁਕਮ ਕੀਤਾ ਕਿ ਜਿਹੜਾ-ਜਿਹੜਾ ਰਾਜਾ ਗੁਰੂ ਸਾਹਿਬ ਦਾ ਪੱਲਾ ਫੜ੍ਹ ਕੇ ਜਾ ਸਕਦਾ ਹੈ, ਚਲਾ ਜਾਵੇ। ਗੁਰੂ ਸਾਹਿਬ ਨੇ 52 ਕਲੀਆਂ ਵਾਲਾ ਚੋਲਾ ਪਹਿਨ ਲਿਆ ਤੇ ਇਸ ਤਰ੍ਹਾਂ 52 ਰਾਜੇ ਵੀ ਪੱਲਾ ਫੜ੍ਹ ਕੇ ਰਿਹਾ ਹੋ ਗਏ। ਇਸੇ ਕਰਕੇ ਉਨ੍ਹਾਂ ਨੂੰ 'ਬੰਦੀ ਛੋੜ ਬਾਬਾ' ਕਿਹਾ ਜਾਂਦਾ ਹੈ ਤੇ ਉਸ ਸਥਾਨ 'ਤੇ ਹੁਣ ਗੁਰਦੁਆਰਾ ਸ੍ਰੀ ਦਾਤਾ ਬੰਦੀ ਛੋੜ ਸਾਹਿਬ ਹੈ।

ਗੁਰੂ ਹਰਿਗੋਬਿੰਦ ਸਾਹਿਬ ਨੇ ਲੋਹਗੜ੍ਹ, ਸ੍ਰੀ ਅਕਾਲ ਤਖਤ ਸਾਹਿਬ, ਡੇਹਰਾ ਸਾਹਿਬ ਲਾਹੌਰ, ਕੀਰਤਪੁਰ ਮਹਿਰਾਜ, ਕੌਲਸਰ, ਬਿਬੇਕਸਰ ਤੇ ਗੁਰੂਸਰ ਆਦਿ ਸਥਾਨ ਬਣਾਏ। ਉਨ੍ਹਾਂ ਮਨੁੱਖਤਾ ਦੀ ਆਜ਼ਾਦੀ ਅਤੇ ਸਵੈਮਾਣ ਲਈ ਜਬਰ ਤੇ ਜ਼ੁਲਮ ਵਿਰੁਧ ਚਾਰ ਯੁੱਧ ਲੜੇ।




ਜਹਾਂਗੀਰ ਦੀ ਮੌਤ ਪਿਛੋਂ ਫਰਵਰੀ 1628 ਵਿੱਚ ਸ਼ਾਹ ਜਹਾਨ ਦਿੱਲੀ ਦੇ ਤਖਤ 'ਤੇ ਬੈਠਾ। ਇਕ ਵਾਰ ਸ਼ਾਹ ਜਹਾਨ ਅੰਮ੍ਰਿਤਸਰ ਨੇੜੇ ਸ਼ਿਕਾਰ ਖੇਡ ਰਿਹਾ ਸੀ ਕਿ ਉਸ ਦਾ ਬਾਜ ਸਿੱਖਾਂ ਦੇ ਹੱਥ ਲੱਗ ਗਿਆ। ਬਾਦਸ਼ਾਹ ਨੇ ਸਿੱਖਾਂ ਕੋਲ ਬਾਜ ਵਾਪਸ ਕਰਨ ਲਈ ਆਪਣੇ ਬੰਦੇ ਭੇਜੇ ਪਰ ਸਿੱਖਾਂ ਨੇ ਨਾਂਹ ਕਰ ਦਿੱਤੀ। ਸ਼ਾਹ ਜਹਾਨ ਬਹੁਤ ਨਿਰਾਸ਼ ਹੋਇਆ ਤੇ ਲਾਹੌਰ ਦੇ ਫੌਜਦਾਰ ਮੁਖਲਿਸ ਖਾਂ ਨੂੰ 7000 ਫੌਜ ਦੇ ਕੇ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦਿੱਤਾ। ਸਿੱਖਾਂ ਨੇ ਡਟ ਕੇ ਮੁਕਾਬਲਾ ਕੀਤਾ। ਮੁਖਲਿਸ ਖਾਂ ਜੰਗ ਵਿੱਚ ਮਾਰਿਆ ਗਿਆ ਤੇ ਸ਼ਾਹੀ ਫੌਜ ਲਾਹੌਰ ਵੱਲ ਭੱਜ ਗਈ। ਇਹ ਲੜਾਈ 1631 ਵਿੱਚ ਹੋਈ। ਲੜਾਈ ਤੋਂ ਕੁਝ ਦੇਰ ਬਾਅਦ ਗੁਰੂ ਜੀ ਨੇ ਅੰਮ੍ਰਿਤਸਰ ਛੱਡਣ ਵਿੱਚ ਸਿਆਣਪ ਸਮਝੀ ਅਤੇ ਕਦੇ ਵਾਪਸ ਨਹੀਂ ਆਏ। ਉਹ ਆਦਿ ਗ੍ਰੰਥ ਪਹਿਲੀ ਵਾਰ ਆਪਣੇ ਨਾਲ ਲੈ ਗਏ ਤੇ ਪਰਿਵਾਰ ਸਮੇਤ ਕਰਤਾਰਪੁਰ ਚਲੇ ਗਏ।

ਗੁਰੂ ਸਾਹਿਬ ਜਦੋਂ ਕਰਤਾਰਪੁਰ ਸਨ ਤਾਂ ਇਕ ਦਿਨ ਸ਼ਿਕਾਰ ਖੇਡਦੇ ਬਿਆਸ ਦਰਿਆ ਦੇ ਕੰਢੇ ਰਮਣੀਕ ਸਥਾਨਕ ਪੁਰਾਤਨ ਪਿੰਡ ਰੁਹੇਲਾ ਪਹੁੰਚੇ। ਗੁਰੂ ਜੀ ਨੇ ਇਸ ਸਥਾਨ 'ਤੇ ਹਰਗੋਬਿੰਦਪੁਰ ਨਗਰ ਵਸਾਉਣਾ ਚਾਹਿਆ। ਪਿੰਡ ਦੇ ਵਸਨੀਕ ਖੁਸ਼ ਸਨ ਪਰ ਮੁਖੀਆ ਭਗਵਾਨ ਦਾਸ ਘੇਰੜ ਖੁਸ਼ ਨਹੀਂ ਸੀ। ਉਸ ਨੇ ਗੁਰੂ ਜੀ ਦੀ ਸ਼ਾਨ ਵਿਚ ਕੁਝ ਅਪਮਾਨਜਨਕ ਸ਼ਬਦ ਕਹੇ। ਸਿੱਖਾਂ ਨੇ ਬਰਦਾਸ਼ਤ ਨਾ ਕੀਤਾ ਤੇ ਭਗਵਾਨ ਦਾਸ ਨੂੰ ਮਾਰ ਕੇ ਦਰਿਆ ਵਿੱਚ ਸੁੱਟ ਦਿੱਤਾ।

ਭਗਵਾਨ ਦਾਸ ਦੇ ਪੁੱਤਰ ਰਤਨ ਚੰਦ ਨੇ ਜਲੰਧਰ ਦੇ ਸੂਬੇਦਾਰ ਅਬਦੁੱਲਾ ਖਾਂ ਨਾਲ ਗੁਰੂ ਜੀ ਨੂੰ ਜ਼ਿੰਦਾ ਫੜ੍ਹਨ ਅਤੇ ਮਾਰਨ ਦੀ ਸਾਜ਼ਿਸ਼ ਕੀਤੀ। ਅਬਦੁੱਲਾ ਖਾਂ ਨੇ ਚਾਰ ਹਜ਼ਾਰ ਸ਼ਾਹੀ ਫੌਜੀ ਲੈ ਕੇ ਗੁਰੂ ਜੀ 'ਤੇ ਹਮਲਾ ਕਰ ਦਿੱਤਾ। ਘਮਸਾਣ ਦੀ ਲੜਾਈ ਹੋਈ। ਭਾਈ ਬਿਧੀ ਚੰਦ ਨੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਮੁਗਲ ਫੌਜਾਂ ਨੂੰ ਭਾਜੜਾਂ ਪੈ ਗਈਆਂ। ਸੂਬੇਦਾਰ ਅਬਦੁੱਲਾ ਖਾਂ, ਉਸ ਦੇ ਦੋ ਪੁੱਤਰ ਤੇ ਪੈਰੋਕਾਰ ਮਾਰੇ ਗਏ। ਮੁਗਲ ਫੌਜਾਂ ਮੈਦਾਨ ਛੱਡ ਕੇ ਭੱਜ ਗਈਆਂ ਤੇ ਜਿੱਤ ਗੁਰੂ ਸਾਹਿਬ ਦੀ ਹੋਈ। ਇਹ ਸਤੰਬਰ 1630 ਦੀ ਗੱਲ ਹੈ।

ਕਾਬਲ ਤੋਂ ਦੋ ਮਸੰਦ-ਬਖਤ ਮੱਲ ਤੇ ਤਾਰਾ ਚੰਦ ਗੁਰੂ ਜੀ ਲਈ ਵਧੀਆ ਨਸਲ ਦੇ ਦੋ ਘੋੜੇ-ਦਿਲਬਾਗ ਤੇ ਗੁਲਬਾਗ ਤੋਹਫੇ ਵਜੋਂ ਲਿਆਏ। ਇਹ ਘੋੜੇ ਬੜੇ ਦੁਰਲੱਭ ਤੇ ਫੁਰਤੀਲੇ ਸਨ। ਮੁਗਲਾਂ ਨੇ ਘੋੜੇ ਮਸੰਦਾਂ ਤੋਂ ਖੋਹ ਕੇ ਲਾਹੌਰ ਸ਼ਾਹੀ ਅਸਤਬਲ ਵਿਚ ਭੇਜ ਦਿੱਤੇ। ਗੁਰੂ ਜੀ ਨੇ ਭਾਈ ਬਿਧੀ ਚੰਦ ਨੂੰ ਆਪਣੇ ਪਾਸ ਬੁਲਾਇਆ ਅਤੇ ਲਾਹੌਰੋਂ ਘੋੜੇ ਵਾਪਸ ਲਿਆਉਣ ਲਈ ਤੋਰ ਦਿਤਾ। ਭਾਈ ਬਿਧੀ ਚੰਦ ਦੋਵੇਂ ਘੋੜੇ ਲਾਹੌਰ ਦੇ ਅਸਤਬਲ ਵਿਚੋਂ ਲਿਜਾਣ ਵਿਚ ਸਫਲ ਹੋ ਗਿਆ। ਸੂਬੇਦਾਰ ਨੇ ਘੋੜਿਆਂ ਦੀ ਸੂਹ ਮਿਲਣ 'ਤੇ ਲੱਲਾ ਬੇਗ ਤੇ ਕਮਰ ਬੇਗ ਨੂੰ ਦਸ ਹਜ਼ਾਰ ਫੌਜ ਦੇ ਕੇ ਗੁਰੂ ਜੀ ਪਾਸੋਂ ਘੋੜੇ ਵਾਪਸ ਲਿਆਉਣ ਲਈ ਭੇਜ ਦਿੱਤਾ। ਸ਼ਾਹੀ ਫੌਜ ਦੇ ਆਉਣ ਬਾਰੇ ਪਤਾ ਲੱਗਣ 'ਤੇ ਗੁਰੂ ਜੀ ਨੇ ਪਿੰਡ ਨਿਥਾਣੇ ਨੇੜੇ ਪਾਣੀ ਦੀ ਢਾਬ ਕੋਲ ਮੋਰਚੇ ਲਾ ਲਏ। ਦੋਵੇਂ ਪਾਸੇ ਬਹੁਤ ਨੁਕਸਾਨ ਹੋਇਆ। ਲੱਲਾ ਬੇਗ ਤੇ ਕਮਰ ਬੇਗ ਜੰਗ ਵਿੱਚ ਮਾਰੇ ਗਏ ਤੇ ਸ਼ਾਹੀ ਫੌਜ ਲਾਹੌਰ ਵੱਲ ਭੱਜ ਗਈ।

ਕੁਝ ਸਮਾਂ ਸ਼ਾਂਤੀ ਨਾਲ ਬੀਤਿਆ। ਤਿੰਨ ਸਾਲ ਬਾਅਦ ਸਿੱਖਾਂ ਤੇ ਮੁਗਲ ਫੌਜਾਂ ਵਿਚਕਾਰ ਫਿਰ ਲੜਾਈ ਸ਼ੁਰੂ ਹੋ ਗਈ। ਇਹ ਲੜਾਈ ਗੁਰੂ ਘਰ ਦੇ ਧੋਖੇਬਾਜ਼ ਪੈਂਦੇ ਖਾਂ ਕਾਰਨ ਹੋਈ। ਪੈਂਦੇ ਖਾਂ ਬਹੁਤ ਲੰਮਾ, ਸੁਹਣਾ ਤੇ ਸਕਤੀਸ਼ਾਲੀ ਸੈਨਿਕ ਸੀ। ਉਸ ਦਾ ਗੁਰੂ ਜੀ ਨਾਲ ਝਗੜਾ ਸ਼ਾਹੀ ਬਾਜ਼ ਕਾਰਨ ਹੋਇਆ। ਗੁਰੂ ਜੀ ਨੇ ਉਸ ਦੀਆਂ ਸੇਵਾਵਾਂ ਖਤਮ ਕਰ ਕੇ ਦਰਬਾਰ ਵਿਚੋਂ ਕੱਢ ਦਿੱਤਾ। ਉਹ ਸ਼ਾਹੀ ਫੌਜ ਵਿਚ ਭਰਤੀ ਹੋ ਗਿਆ। ਪੈਂਦੇ ਖਾਂ ਨੇ ਬਾਦਸ਼ਾਹ ਨੂੰ ਭੜਕਾਇਆ। ਬਾਦਸ਼ਾਹ ਨੇ ਬਹੁਤ ਵੱਡੀ ਮੁਹਿੰਮ ਪੈਂਦੇ ਖਾਂ ਤੇ ਕਾਲੇ ਖਾਂ ਦੀ ਕਮਾਂਡ ਹੇਠ ਗੁਰੂ ਜੀ ਵਿਰੁਧ ਕਰਤਾਰਪੁਰ ਭੇਜੀ। ਪੈਂਦੇ ਖਾਂ ਤੇ ਕਾਲੇ ਖਾਂ ਨੇ ਕਰਤਾਰਪੁਰ ਨੂੰ ਘੇਰ ਲਿਆ। ਭਾਈ ਬਿਧੀ ਚੰਦ ਤੇ ਭਾਈ ਗੁਰਦਿੱਤਾ ਨੇ ਮੁਗਲ ਫੌਜਾਂ ਦਾ ਡਟ ਕੇ ਮੁਕਾਬਲਾ ਕੀਤਾ। ਜੰਗ ਬੜੀ ਭਿਆਨਕ ਤੇ ਖੁੱਲ੍ਹੀ ਸੀ। ਪੈਂਦੇ ਖਾਂ ਤੇ ਕਾਲੇ ਖਾਂ ਗੁਰੂ ਜੀ ਹੱਥੋਂ ਮਾਰੇ ਗਏ। ਸ਼ਾਹੀ ਫੌਜ ਜਿਧਰੋਂ ਆਈ ਸੀ, ਹਾਰ ਕੇ ਉਧਰ ਭੱਜ ਗਈ। ਇਸ ਤਰ੍ਹਾਂ ਮੁਗਲ ਕੋਈ ਵੀ ਫੈਸਲਾਕੁਨ ਜਿੱਤ ਪ੍ਰਾਪਤ ਨਹੀਂ ਕਰ ਸਕੇ।

ਗੁਰੂ ਹਰਿਗੋਬਿੰਦ ਸਾਹਿਬ ਇਨ੍ਹਾਂ ਲੜਾਈਆਂ ਕਾਰਨ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਵੱਲ ਵਧੇਰੇ ਧਿਆਨ ਨਾ ਦੇ ਸਕੇ। ਉਨ੍ਹਾਂ ਆਪਣੇ ਇਸ ਮਿਸ਼ਨ ਨੂੰ ਪੂਰਾ ਕਰਨ ਲਈ ਸ਼ਾਂਤਮਈ ਸਥਾਨ 'ਤੇ ਜਾਣਾ ਠੀਕ ਸਮਝਿਆ। ਕਹਿਲੂਰ ਦਾ ਰਾਜਾ ਉਨ੍ਹਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਤੇ ਉਸ ਨੇ ਗੁਰੂ ਜੀ ਨੂੰ ਚੋਖੀ ਜਮੀਨ ਦੇ ਦਿੱਤੀ। ਇਸ ਸਥਾਨ 'ਤੇ ਉਨ੍ਹਾਂ ਕੀਰਤਪੁਰ ਸਾਹਿਬ ਵਸਾਇਆ। ਉਨ੍ਹਾਂ ਦੇ ਪੁੱਤਰ ਭਾਈ ਗੁਰਦਿੱਤਾ ਦਾ ਇਹ ਨਗਰ ਵਸਾਉਣ ਵਿੱਚ ਬਹੁਤ ਯੋਗਦਾਨ ਹੈ। ਉਨ੍ਹਾਂ ਨੇ ਜੰਗੀ ਨੀਤੀ ਤਿਆਗ ਕੇ ਸਿੱਖੀ ਪ੍ਰਚਾਰ ਵੱਲ ਵਿਸ਼ੇਸ਼ ਧਿਆਨ ਦਿੱਤਾ। ਉਨ੍ਹਾਂ ਨੇ 1636 ਵਿਚ ਬਾਬਾ ਗੁਰਦਿੱਤਾ ਨੂੰ ਵੱਖ ਵੱਖ ਇਲਾਕਿਆਂ ਵਿੱਚ ਸਿੱਖੀ ਦਾ ਪ੍ਰਚਾਰ ਕਰਨ ਲਈ ਫੂਲ, ਅਲਮਸਤ, ਗੋਂਦਾ ਤੇ ਬਲੂ ਹਸਨ ਪ੍ਰਚਾਰਕ ਨਿਯੁਕਤ ਕੀਤੇ।

ਗੁਰੂ ਹਰਿਗੋਬਿੰਦ ਸਾਹਿਬ ਦੇ ਤਿੰਨ ਮਹਿਲ-ਨਾਨਕੀ ਜੀ, ਦਮੋਦਰੀ ਜੀ ਤੇ ਮਹਾਂਦੇਵੀ ਜੀ ਅਤੇ ਛੇ ਬੱਚੇ-ਬਾਬਾ ਗੁਰਦਿੱਤਾ, ਅਣੀ ਰਾਏ, ਬਾਬਾ ਅਟੱਲ, ਸੂਰਜ ਮੱਲ, ਤੇਗ ਬਹਾਦਰ ਅਤੇ ਬੀਬੀ ਵੀਰੋ ਸਨ। ਪਹਿਲੇ ਤਿੰਨ ਸਰੀਰ ਤਿਆਗ ਚੁਕੇ ਸਨ। ਇਸ ਲਈ ਉਨ੍ਹਾਂ ਨੇ ਬਾਬਾ ਗੁਰਦਿੱਤਾ ਦੇ ਛੋਟੇ ਪੁੱਤਰ ਸ੍ਰੀ ਹਰਿਰਾਏ ਜੀ ਨੂੰ ਗੁਰਗੱਦੀ ਸੌਂਪੀ ਅਤੇ 3 ਮਾਰਚ 1644 ਨੂੰ ਕੀਰਤਪੁਰ ਵਿਖੇ ਜੋਤੀ ਜੋਤਿ ਸਮਾ ਗਏ।ਗੁਰੂ ਹਰਿਗੋਬਿੰਦ ਸਾਹਿਬ ਸੂਰਬੀਰਤਾ, ਧੀਰਜ, ਸਹਿਨਸ਼ੀਲਤਾ, ਨਿਡਰਤਾ ਤੇ ਸ਼ਰਨ ਆਏ ਦੀ ਮਦਦ ਕਰਨਾ ਆਦਿ ਗੁਣਾਂ ਦੀ ਖਾਣ ਸਨ। ਹਰ ਸੈਨਿਕ ਕਰਤੱਵ, ਪ੍ਰਬੰਧ ਤੇ ਨਿਆਸ਼ੀਲਤਾ ਵਿਚ ਪ੍ਰਬੀਨ ਸਨ। ਉਨ੍ਹਾਂ ਦਾ ਪਹਿਰਾਵਾ ਬਾਦਸ਼ਾਹਾਂ ਵਰਗਾ ਤੇ ਰਹਿਣੀ ਫਕੀਰਾਂ ਵਰਗੀ ਸੀ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ
ਸਾਡੀ ਈ.ਮੇਲ : asrnewwriters@gmail.com
'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

# ਭਾਰਤ ਵਿੱਚ ਜਮਹੂਰੀਅਤ ਤੇ ਇਨਸਾਫ਼ ਬਨਾਮ ਭਗਵਾਂ ਤੇ ਸਿਆਸੀ ਗੈਂਗਤੰਤਰ

ਰਜਿੰਦਰ ਸਿੰਘ ਪੁਰੇਵਾਲ



ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਦੇ 'ਬੇਟੀ ਪੜ੍ਹਾਓ, ਬੇਟੀ ਬਚਾਓ' ਮੁਹਿੰਮ ਦੇ 8 ਸਾਲਾਂ ਬਾਅਦ, ਹਸ਼ਰ ਇਹ ਹੋਇਆ ਕਿ ਧੀਆਂ ਨੂੰ ਆਪਣੀ ਇੱਜ਼ਤ ਬਚਾਉਣ ਲਈ ਜੰਤਰ–ਮੰਤਰ 'ਤੇ ਸੰਘਰਸ਼ ਤੇ ਇਨਸਾਫ਼ ਲਈ ਇਕੱਠੇ ਹੋਣਾ ਪਿਆ ਹੈ। ਹੈਰਾਨੀ ਦੀ ਗੱਲ ਹੈ ਕਿ ਇਹ ਮੁਹਿੰਮ 22 ਜਨਵਰੀ 2015 ਦੌਰਾਨ ਹਰਿਆਣਾ ਦੇ ਪਾਣੀਪਤ ਤੋਂ ਸ਼ੁਰੂ ਹੋਈ ਸੀ ਅਤੇ ਹੁਣ ਉੱਥੋਂ ਦੀਆਂ ਕੁੜੀਆਂ ਨੂੰ ਆਪਣੀ ਇੱਜ਼ਤ ਦੀ ਰਾਖੀ ਕਰਨ ਲਈ ਰਾਜਧਾਨੀ ਦਿੱਲੀ ਦਾ ਦਰਵਾਜ਼ਾ ਖੜਕਾਉਣਾ ਪੈ ਰਿਹਾ ਹੈ। ਅਤੇ ਇਹ ਕੋਈ ਆਮ ਕੁੜੀਆਂ ਨਹੀਂ ਹਨ। ਇਨ੍ਹਾਂ ਖਿਡਾਰੀਆਂ ਨੇ ਵਿਸ਼ਵ ਵਿੱਚ ਪੂਰੇ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ। ਪਰ ਬਦਲੇ ਵਿੱਚ ਉਨ੍ਹਾਂ ਨੂੰ ਬੇਅਦਬੀ ਤੋਂ ਸਿਵਾਇ ਕੀ ਮਿਲਿਆ ? ਸੁਪਰੀਮ ਕੋਰਟ ਵੀ ਇਹਨਾਂ ਨੂੰ ਇਨਸਾਫ਼ ਦੇਣ ਤੋਂ ਭੱਜ ਰਹੀ ਹੈ।

ਸੱਤਾ ਵਿੱਚ ਬੈਠਾ ਮਾਫੀਆ ਉਨ੍ਹਾਂ ਦੀ ਇੱਜ਼ਤ ਲੁੱਟਦਾ ਰਿਹਾ ਅਤੇ ਹਰ ਕੋਈ ਬੇਵੱਸ ਹੋ ਕੇ ਰਹਿ ਗਿਆ। ਜਿਹਨਾਂ ਭਲਵਾਨ ਬੱਚੀਆਂ ਨਾਲ ਦੁਖਾਂਤ ਬੀਤਿਆ, ਉਹਨਾਂ ਨੇ ਕੋਈ ਆਵਾਜ਼ ਵੀ ਨਹੀਂ ਕੱਢੀ। ਇਹ ਸਿਲਸਿਲਾ ਲੰਬੇ ਅਰਸੇ ਤੱਕ ਚਲਦਾ ਰਿਹਾ। ਪੀੜਤ ਔਰਤ ਪਹਿਲਵਾਨਾਂ ਦੀ ਮੰਨੀਏ ਤਾਂ ਇਹ ਗਿਣਤੀ 700 ਤੋਂ ਇੱਕ ਹਜ਼ਾਰ ਤੱਕ ਪਹੁੰਚ ਸਕਦੀ ਹੈ। ਇਸ ਤੋਂ ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਇਹ ਪੀੜਤ ਔਰਤ ਖਿਡਾਰਨਾਂ ਕਿਨ੍ਹਾਂ ਔਖੇ ਹਾਲਾਤਾਂ ਵਿੱਚੋਂ ਗੁਜ਼ਰੀਆਂ ਹੋਣਗੀਆਂ। ਇਹ ਸਮਝਣਾ ਕਿਸੇ ਲਈ ਵੀ ਔਖਾ ਨਹੀਂ ਹੋਣਾ ਚਾਹੀਦਾ ਕਿ ਇਨ੍ਹਾਂ ਕੁੜੀਆਂ ਨੇ ਉਦੋਂ ਹੀ ਇਸ ਮਾਮਲੇ ਨੂੰ ਜਨਤਕ ਕਰਨ ਦਾ ਫੈਸਲਾ ਕੀਤਾ ਹੋਵੇਗਾ ਜਦੋਂ ਪਾਣੀ ਉਨ੍ਹਾਂ ਦੇ ਸਿਰ ਤੋਂ ਲੰਘ ਗਿਆ ਸੀ ਅਤੇ ਅਖ਼ੀਰ ਉਹਨਾਂ ਨੂੰ ਜੰਤਰ-ਮੰਤਰ ਉਪਰ ਧਰਨਾ ਦੇਣਾ ਪਿਆ। ਇਹ ਚੰਗੀ ਗੱਲ ਹੈ ਕਿ ਆਪਣੀਆਂ ਧੀਆਂ ਲਈ ਖਾਪ ਪੰਚਾਇਤਾਂ ਖਲੋ ਗਈਆਂ ਹਨ। ਇੱਥੇ ਪਹੁੰਚਣ ਤੋਂ ਪਹਿਲਾਂ ਉਹ ਇਹ ਵੀ ਜਾਣਦੀਆਂ ਸਨ ਕਿ ਉਹਨਾਂ ਦੀ ਲੜਾਈ ਕਿੰਨੀ ਔਖੀ ਸੀ। ਉਸ ਦੇ ਸਾਹਮਣੇ ਸਿਰਫ਼ ਇੱਕ ਸੰਸਦ ਮੈਂਬਰ ਨਹੀਂ, ਸਗੋਂ ਇੱਕ ਖਤਰਨਾਕ ਸਿਆਸੀ ਮਾਫ਼ੀਆ ਹੈ, ਜਿਸ ਖ਼ਿਲਾਫ਼ 38 ਤੋਂ ਵੱਧ ਗੰਭੀਰ ਮਾਮਲੇ ਦਰਜ ਹਨ। ਜਿਸ ਵਿੱਚ ਕਤਲ ਤੋਂ ਲੈ ਕੇ ਕਤਲ ਦੀ ਕੋਸ਼ਿਸ਼ ਤੱਕ ਅਤੇ ਹਰ ਤਰ੍ਹਾਂ ਦੇ ਅਪਰਾਧ ਸ਼ਾਮਲ ਹਨ। ਉਹ ਇੱਕ ਅਜਿਹੀ ਸਿਖਰਲੀ ਸ਼ਕਤੀ ਦੀ ਸੁਰੱਖਿਆ ਹੇਠ ਹੈ ਜਿਸਦਾ ਆਪਣੀ ਪਾਰਟੀ, ਸੰਗਠਨ ਨਾਲ ਜੁੜੇ ਲੋਕਾਂ ਤੇ ਨੇੜਲੇ ਸਾਥੀਆਂ ਨੂੰ ਬਲਾਤਕਾਰ ਅਤੇ ਕਤਲਾਂ ਦੇ ਦੋਸ਼ਾਂ ਤੋਂ ਬਚਾਉਣ ਦਾ ਇਤਿਹਾਸ ਹੈ।

ਇਸ ਮਾਮਲੇ ਵਿੱਚ ਵੀ ਅਜਿਹਾ ਹੀ ਹੋਇਆ। ਪਹਿਲੇ ਪੰਜ ਦਿਨ ਸਰਕਾਰ ਨੇ ਧਰਨੇ ਦਾ ਕੋਈ ਨੋਟਿਸ ਨਹੀਂ ਲਿਆ ਅਤੇ ਜਦੋਂ ਮਾਮਲਾ ਸੁਪਰੀਮ ਕੋਰਟ ਵਿੱਚ ਪਹੁੰਚਿਆ ਤਾਂ ਪੁਲਿਸ ਨੇ ਇਹ ਕਹਿ ਕੇ ਟਾਲਣ ਦੀ ਕੋਸ਼ਿਸ਼ ਕੀਤੀ ਕਿ ਉਹ ਜਾਂਚ ਕਰਕੇ ਐਫਆਈਆਰ ਬਾਰੇ ਫੈਸਲਾ ਲੈਣਗੇ ਜੋ ਕਿ ਕਾਨੂੰਨ ਦੀ ਸ਼ਰੇਆਮ ਉਲੰਘਣਾ ਹੈ। ਕਿਉਂਕਿ ਅਜਿਹੇ ਮਾਮਲਿਆਂ ਵਿੱਚ ਪਹਿਲਾਂ ਐਫਆਈਆਰ ਦਰਜ ਹੁੰਦੀ ਹੈ ਅਤੇ ਫਿਰ ਜਾਂਚ ਦੀ ਪ੍ਰਕਿਰਿਆ ਸ਼ੁਰੂ ਹੁੰਦੀ ਹੈ। ਬਾਅਦ ਵਿੱਚ ਸੁਪਰੀਮ ਕੋਰਟ ਦੇ ਸਖ਼ਤ ਰੁਖ਼ ਨੂੰ ਦੇਖਦਿਆਂ ਪੁਲੀਸ ਅਗਲੀ ਸੁਣਵਾਈ ਵਿੱਚ ਐਫਆਈਆਰ ਦਰਜ ਕਰਨ ਲਈ ਰਾਜ਼ੀ ਹੋ ਗਈ।ਪਰ ਸੱਤਾ ਦਾ ਹੰਕਾਰ ਦੇਖੋ, ਪਾਸਕੋ ਵਰਗੀ ਗੰਭੀਰ ਧਾਰਾ ਤਹਿਤ ਐਫਆਈਆਰ ਦਰਜ ਹੋਣ ਦੇ ਬਾਵਜੂਦ ਦੋਸ਼ੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਅਜੇ ਤੱਕ ਗ੍ਰਿਫਤਾਰ ਨਹੀਂ ਕੀਤਾ ਗਿਆ।ਉਹ, ਝੁਕਣ ਜਾਂ ਸ਼ਰਮਿੰਦਾ ਹੋਣ ਦੀ ਬਜਾਏ ਪੀੜ੍ਹਤਾਂ ਵਿਰੁੱਧ ਲਗਾਤਾਰ ਬਿਆਨਬਾਜ਼ੀ ਕਰ ਰਿਹਾ ਹੈ। ਉਹ ਵਿਰੋਧੀ ਪਾਰਟੀਆਂ ਅਤੇ ਕੁਝ ਤਾਕਤਾਂ ਦੀ ਸਾਜ਼ਿਸ਼ ਦੱਸ ਕੇ ਪੂਰੇ ਮਾਮਲੇ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ । ਉਹ ਕਹਿ ਰਿਹਾ ਹੈ ਕਿ ਪ੍ਰਧਾਨ ਮੰਤਰੀ ਜੀ ਕਹਿਣਗੇ ਤਾਂ ਉਹ ਅਸਤੀਫਾ ਦੇ ਦੇਵੇਗਾ।

ਜਿਵੇਂ-ਜਿਵੇਂ ਸਮਾਂ ਬੀਤਦਾ ਜਾ ਰਿਹਾ ਹੈ, ਭਾਜਪਾ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਸਰਕਾਰ ਨੂੰ ਭਰੋਸਾ ਸੀ ਕਿ ਸੁਪਰੀਮ ਕੋਰਟ ਦੇ ਦਖ਼ਲ ਨਾਲ ਬ੍ਰਿਜ ਭੂਸ਼ਣ ਉੱਤੇ ਕੇਸ ਦਰਜ ਹੋਣ ਤੋਂ ਬਾਅਦ ਭਲਵਾਨ ਆਪਣਾ ਧਰਨਾ ਸਮਾਪਤ ਕਰ ਦੇਣਗੇ ਪਰ ਉਸ ਦਾ ਅੰਦਾਜ਼ਾ ਗਲਤ ਸਾਬਤ ਹੋਇਆ ਹੈ। ਧਰਨੇ ਦੌਰਾਨ ਬ੍ਰਿਜ ਭੂਸ਼ਣ ਦੀਆਂ ਔਰਤ ਭਲਵਾਨਾਂ ਦੇ ਜਿਨਸੀ ਸ਼ੋਸ਼ਣ ਦੀਆਂ ਨਿੱਤ ਨਵੀਂਆਂ ਕਹਾਣੀਆਂ ਸਾਹਮਣੇ ਆ ਰਹੀਆਂ ਹਨ। ਮੁਕਾਬਲਿਆਂ ਦੌਰਾਨ ਫੈਡਰੇਸ਼ਨ ਪ੍ਰਧਾਨ ਬ੍ਰਿਜ ਭੂਸ਼ਣ ਹਮੇਸ਼ਾ ਉਸੇ ਹੋਟਲ ਵਿੱਚ ਰੁਕਦਾ ਸੀ, ਜਿੱਥੇ ਔਰਤ ਖਿਡਾਰਨਾਂ ਦੀ ਰਿਹਾਇਸ਼ ਹੁੰਦੀ ਸੀ। ਫੈਡਰੇਸ਼ਨ ਦੇ ਨਿਯਮਾਂ ਮੁਤਾਬਕ ਫੈਡਰੇਸ਼ਨ ਦੇ ਕਿਸੇ ਅਹੁਦੇਦਾਰ ਨੂੰ ਉਸ ਹੋਟਲ ਵਿੱਚ ਠਹਿਰਨ ਦੀ ਮਨਾਹੀ ਹੈ, ਜਿਸ ਵਿੱਚ ਖਿਡਾਰੀ ਠਹਿਰੇ ਹੋਣ। ਬ੍ਰਿਜ ਭੂਸ਼ਣ ਤਾਂ ਆਪਣਾ ਕਮਰਾ ਵੀ ਔਰਤ ਭਲਵਾਨਾਂ ਦੇ ਕਮਰਿਆਂ ਦੇ ਸਾਹਮਣੇ ਵਾਲਾ ਹੀ ਬੁੱਕ ਕਰਾਉਂਦਾ ਸੀ। ਇਸੇ ਦੌਰਾਨ ਵਿਨੇਸ਼ ਫੋਗਾਟ ਨੇ ਸਾਫ਼-ਸਾਫ਼ ਕਿਹਾ ਹੈ ਕਿ ਬ੍ਰਿਜ ਭੂਸ਼ਣ ਸ਼ਰਣ ਨੂੰ ਸਿਰਫ਼ ਪ੍ਰਧਾਨਗੀ ਤੋਂ ਹੀ ਨਹੀਂ, ਸੰਸਦ ਮੈਂਬਰ ਵਜੋਂ ਵੀ ਹਟਾਇਆ ਜਾਣਾ ਚਾਹੀਦਾ ਹੈ। ਉਸ ਨੂੰ ਜੇਲ੍ਹ ਵਿੱਚ ਬੰਦ ਕਰਕੇ ਉਸ ਦੀਆਂ ਕਰਤੂਤਾਂ ਦੀ ਜਾਂਚ ਕਰਾਈ ਜਾਣੀ ਜ਼ਰੂਰੀ ਹੈ।

ਇਹ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਇਸ ਕੱਦ ਦੇ ਇੱਕ ਮਾਫੀਆ ਸਿਆਸਤਦਾਨ ਨੂੰ ਪੁਲਿਸ ਹਿਰਾਸਤ ਵਿੱਚ ਗੋਲੀ ਮਾਰ ਦਿੱਤੀ ਜਾਂਦੀ ਹੈ ਅਤੇ ਪੂਰਾ ਦੇਸ਼ ਇਸ ਦਾ ਜਸ਼ਨ ਮਨਾਉਂਦਾ ਹੈ। ਜਦਕਿ ਦੂਜੇ ਪਾਸੇ ਔਰਤ ਖਿਡਾਰੀਆਂ ਦੇ ਮਾਣ-ਸਨਮਾਨ ਨਾਲ ਖਿਲਵਾੜ ਕਰਨ ਵਾਲਾ ਇਹ ਵਿਅਕਤੀ ਦੇਸ਼ ਦੀ ਰਾਜਧਾਨੀ ਵਿੱਚ ਬੈਠ ਕੇ ਹਰ ਤਰ੍ਹਾਂ ਦੀ ਬਕਵਾਸ ਕਰ ਰਿਹਾ ਹੈ, ਜਿਸ ਦੇ ਹੱਕ ਵਿੱਚ ਸਿਰਫ਼ ਗੋਦੀ ਮੀਡੀਆ ਪ੍ਰਚਾਰ ਕਰ ਰਿਹਾ ਹੈ, ਸਗੋਂ ਸੱਤਾ ਪੱਖੀ ਧੜਾ ਵੀ ਉਸ ਨੂੰ ਹਰ ਤਰੀਕੇ ਨਾਲ ਬਚਾਅ ਰਿਹਾ ਹੈ ।ਸੱਭਿਆਚਾਰ ਤੇ ਰਾਸ਼ਟਰਵਾਦ ਦੇ ਨਾਂ 'ਤੇ ਇਸ ਦੇਸ਼ ਅੰਦਰ ਜੋ ਪਾਖੰਡ ਰਚਿਆ ਗਿਆ ਹੈ, ਉਸ ਦੀ ਇਹ ਇਕ ਚਮਕਦੀ ਮਿਸਾਲ ਹੈ।ਪਰ ਸਮਝ ਨਹੀਂ ਆਈ ਪ੍ਰਧਾਨ ਮੰਤਰੀ ਸਾਹਿਬ ਕਿਉਂ ਚੁੱਪ ਹਨ। ਇੱਕ ਹਫ਼ਤੇ ਤੋਂ ਵੱਧ ਸਮਾਂ ਬੀਤ ਗਿਆ ਹੈ ਪਰ ਪੀਐਮ ਮੋਦੀ ਵੱਲੋਂ ਅਜੇ ਤੱਕ ਕੋਈ ਬਿਆਨ ਨਹੀਂ ਆਇਆ ।

ਪੂਰੇ ਦੇਸ਼ ਨੇ ਦੇਖਿਆ ਹੈ ਕਿ ਕਿਵੇਂ ਬੀਜੇਪੀ ਸਰਕਾਰਾਂ ਬੇਸ਼ਰਮੀ ਨਾਲ ਚਿਨਮਯਾਨੰਦ ਤੋਂ ਸੇਂਗਰ ਅਤੇ ਸਾਕਸ਼ੀ ਮਹਾਰਾਜ ਤੋਂ ਲੈ ਕੇ ਸੌਦਾ ਸਾਧ ਰਾਮ ਰਹੀਮ ਦੇ ਹੱਕ ਵਿੱਚ ਖੜ੍ਹੀਆਂ ਹਨ ਅਤੇ ਬਿਲਕਿਸ ਬਾਨੋ ਦੇ ਕੇਸ ਵਿੱਚ, ਜਿਸ ਤਰੀਕੇ ਨਾਲ ਬਲਾਤਕਾਰੀਆਂ ਅਤੇ ਕਾਤਲਾਂ ਦਾ ਜੇਲ੍ਹ ਵਿੱਚੋਂ ਰਿਹਾਅ ਕੀਤਾ ਹੈ, ਉਨ੍ਹਾਂ ਦਾ ਹਾਰਾਂ ਨਾਲ ਸਵਾਗਤ ਕੀਤਾ ਗਿਆ ਹੈ, ਉਸ ਨੂੰ ਵੇਖ ਕੇ ਲਗਦਾ ਹੈ ਕਿ ਇਨਸਾਫ਼ ਬਹੁਤ ਦੂਰ ਦੀ ਗਲ ਹੈ। ਆਖਿਰ ਤੁਸੀਂ ਦੇਸ਼ ਅਤੇ ਇਸ ਦੇ ਲੋਕਾਂ ਨੂੰ ਕੀ ਸੰਦੇਸ਼ ਦੇਣਾ ਚਾਹੁੰਦੇ ਹੋ ? ਕੀ ਤੁਹਾਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਬਿਲਕਿਸ ਮੁਸਲਮਾਨ ਬਣਨ ਤੋਂ ਪਹਿਲਾਂ ਇੱਕ ਔਰਤ ਹੈ।ਤੁਸੀਂ ਬਲਾਤਕਾਰ ਕਰਨ ਵਾਲਿਆਂ ਦਾ ਸੁਆਗਤ ਕਰਕੇ ਦੇਸ਼ ਦੀ ਅੱਧੀ ਆਬਾਦੀ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾ ਰਹੇ ਹੋ ਅਤੇ ਇਹ ਸੁਨੇਹਾ ਦੇ ਰਹੇ ਹੋ ਕਿ ਬਲਾਤਕਾਰ ਤੇ ਕਤਲ ਕੋਈ ਅਪਰਾਧ ਨਹੀਂ ਹੈ।ਕੀ ਇਸ ਨਾਲ ਅਪਰਾਧੀਆਂ ਦੇ ਹੌਂਸਲੇ ਨਹੀਂ ਵਧਣਗੇ ? ਕੀ ਇਹੀ ਬਲਾਤਕਾਰੀ ਭਗਵੇਂ ਹਿੰਦੂ ਔਰਤ ਨੂੰ ਤੰਗ ਨਹੀਂ ਕਰਨਗੇ ? ਕਨੂੰਨ ਤਾਂ ਕਹਿੰਦਾ ਹੈ ਕਿ ਬਲਾਤਕਾਰੀ ਇੱਕ ਬਲਾਤਕਾਰੀ ਹੁੰਦਾ ਹੈ। ਇਹ ਇੱਕ ਮਾਨਸਿਕਤਾ ਹੈ। ਜੇਕਰ ਕਿਸੇ ਇੱਕ ਵਰਗ ਜਾਂ ਫਿਰਕੇ ਲਈ ਇਹ ਅਪਰਾਧ ਛੋਟ ਹਨ, ਤਾਂ ਇਹਨਾਂ ਅਪਰਾਧੀਆਂ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ ਕਿ ਇਹ ਆਪਣੇ ਫਿਰਕੇ ਦੀਆਂ ਔਰਤਾਂ ਨੂੰ ਸ਼ਿਕਾਰ ਨਾ ਬਣਾਉਣ ?

ਇਹਨਾਂ ਘਟਨਾਵਾਂ ਤੋਂ ਇੰਝ ਜਾਪਦਾ ਹੈ ਕਿ ਪੂਰਾ ਭਾਰਤ ਮਾਫੀਆ ਸਿਸਟਮ ਦੇ ਅਧੀਨ ਹੈ। ਜਿਸ ਵਿੱਚ ਹਰ ਤਰ੍ਹਾਂ ਦੇ ਕਾਤਲਾਂ, ਅਪਰਾਧੀਆਂ ਅਤੇ ਬਲਾਤਕਾਰੀਆਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਸੌਦਾ ਸਾਧ ਤੇ ਹੋਰ ਅਪਰਾਧੀਆਂ ਨੂੰ ਜ਼ੈੱਡ ਪਲੱਸ ਸੁਰੱਖਿਆ ਮਿਲ ਰਹੀ ਹੈ। ਵਿਹਿਪ ਤੋਂ ਲੈ ਕੇ ਬਜਰੰਗ ਦਲ ਅਤੇ ਇਸ ਦੀਆਂ ਸੰਗਠਿਤ ਸ਼ਾਖਾਵਾਂ ਜੋ ਹਿੰਦੂ ਸੁਰੱਖਿਆ ਦੇ ਨਾਂ 'ਤੇ ਹਥਿਆਰਬੰਦ ਹੋ ਚੁਕੀਆਂ ਹਨ ,ਉਹ ਘੱਟ ਗਿਣਤੀਆਂ ,ਦਲਿਤਾਂ ਲਈ ਖਤਰਾ ਬਣੇ ਹੋਏ ਹਨ।ਮੌਜੂਦਾ ਸਮੇਂ ਵਿਚ ਦੇਸ਼ ਦਾ ਸੰਚਾਲਨ ਸੰਵਿਧਾਨ ਅਤੇ ਇਸ ਦੀ ਪ੍ਰਣਾਲੀ ਅਨੁਸਾਰ ਕੀਤਾ ਜਾਣਾ ਚਾਹੀਦਾ ਹੈ। ਇਸ ਵਲ ਪ੍ਰਧਾਨ ਮੰਤਰੀ ਜੀ ਨੂੰ ਧਿਆਨ ਦੇਣ ਦੀ ਲੋੜ ਹੈ। ਭਾਰਤ ਦੀਆਂ ਸਭ ਜਮਹੂਰੀ ਤਾਕਤਾਂ ਨੂੰ ਇਨ੍ਹਾਂ ਧੀਆਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਪਹਿਲੀ ਸਿੱਖ ਜੰਗ

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੁਗ਼ਲ ਬਾਦਸ਼ਾਹ ਜਹਾਂਗੀਰ ਨਾਲ ਸਬੰਧ ਬੜੀ ਪ੍ਰਖ ਪ੍ਰਣਾਲੀ ਵਿੱਚੋਂ ਲੰਘੇ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਜਦੋਂ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਤਲਬ ਕੀਤਾ, ਤਾਂ ਗੁਰਾਂ ਨੇ ਜਾਣ ਲਿਆ ਸੀ ਕਿ ਸਿੰਘਾਂ ਨੂੰ ਆਉਣ ਵਾਲੇ ਸਮੇਂ ਵਿੱਚ ਜ਼ੁਲਮ ਦੇ ਟਾਕਰੇ ਲਈ ਹਥਿਆਰ ਚੁੱਕਣੇ ਪੈਣਗੇ। ਉਹਨਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਗੱਦੀ ਸੌਂਪਦਿਆਂ ਹਿਦਾਇਤ ਕੀਤੀ ਕਿ ਗੁਰਗੱਦੀ ’ਤੇ ਹਥਿਆਰਬੰਦ ਹੋ ਕੇ ਰਹਿਣਾ ਹੈ ਅਤੇ ਫ਼ੌਜ ਵੀ ਰੱਖਣੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਗੱਦੀ ’ਤੇ ਬੈਠਦਿਆਂ, ਦੋ ਤਲਵਾਰਾਂ ਧਾਰਨ ਕੀਤੀਆਂ। ਇੱਕ ਮੀਰੀ ਦੀ, ਇੱਕ ਪੀਰੀ ਦੀ। ਇੱਕ ਆਤਮਿਕ ਅਗਵਾਈ, ਦੂਸਰੀ ਸੰਸਾਰਕ ਅਗਵਾਈ ਵਾਸਤੇ। ਗੁਰੂ ਜੀ ਨੇ ਭੇਟਾ ਵਿੱਚ ਚੰਗੀ ਨਸਲ ਦੇ ਘੋੜੇ, ਚੰਗੇ ਸ਼ਸਤਰ ਅਤੇ ਸੁਡੌਲ ਜਵਾਨਾਂ ਦੀ ਮੰਗ ਰੱਖੀ। ਗੁਰਮੁਖਾਂ ਨੂੰ ਸਰੀਰਕ ਤੌਰ ’ਤੇ ਤੰਦਰੁਸਤ ਹੋ ਕੇ ਘੋੜ ਸਵਾਰੀ ਅਤੇ ਸ਼ਸਤਰ ਵਿਦਿਆ ਵਿੱਚ ਨਿਪੁੰਨ ਹੋਣ ਦਾ ਉਪਦੇਸ਼ ਦਿੱਤਾ। ਕੌਮ ਉਸਾਰੀ ਦੇ ਕਾਰਜਾਂ ਵਿੱਚ ਅੰਮ੍ਰਿਤਸਰ ਨਗਰ ਨੂੰ ਆਤਮ ਨਿਰਭਰ ਅਤੇ ਸਵੈ ਰਖਿਅਕ ਬਣਾਉਣ ਲਈ ‘ਲੋਹਗੜ੍ਹ’ ਕਿਲ੍ਹੇ ਦਾ ਨਿਰਮਾਣ ਕੀਤਾ। ਸੂਰਬੀਰਤਾ ਦਾ ਪ੍ਰਤੀਕ ਅਕਾਲ ਤਖਤ ਸਾਹਿਬ ਸਥਾਪਤ ਕੀਤਾ। ਧਾਰਮਿਕ ਗੁਰਮਤਿ ਉਪਦੇਸ਼ ਦੇ ਨਾਲ ਕੌਮ ਵਿੱਚ ਬੀਰ ਰਸ ਭਰਿਆ। ਗੁਰੂ ਜੀ ਨੇ ਸਾਂਝੀਵਾਲਤਾ ਨੂੰ ਇੱਕ ਸ਼ਕਤੀ ਮੰਨਿਆ। ਮਿਲ-ਜੁਲ ਕੇ ਰਹਿਣ ਦਾ ਉਪਦੇਸ਼ ਦਿੱਤਾ। ਮੱਤ-ਭੇਦ ਹੋ ਜਾਣ ’ਤੇ ਸੰਗਤਾਂ ਦੇ ਫੈਸਲੇ ਗੁਰੂ ਜੀ ਖੁਦ ਕਰਦੇ। ਗੁਰੂ ਜੀ ਨੇ 52 ਯੋਧਿਆਂ ਦੀ ਨਿੱਜੀ ਫ਼ੌਜ ਭਰਤੀ ਕਰ ਲਈ। ਬਕਾਇਦਾ ਤੌਰ ’ਤੇ ਫ਼ੌਜੀ ਖ਼ਾਲਸਾ ਹੋਣ ਦਾ ਐਲਾਨ ਕਰ ਦਿੱਤਾ। ਯੋਧੇ ਗੁਰੂ ਜੀ ਲਈ ਮਰ ਮਿਟਣ ਲਈ ਹਮੇਸ਼ਾ ਤਿਆਰ ਰਹਿਣ ਲੱਗੇ। ਫ਼ੌਜੀ ਸਿਖਲਾਈ ਨੇ ਕੌਮ ਵਿੱਚ ਸੂਰਬੀਰਤਾ ਦੀ ਨਵੀਂ ਜਾਨ ਭਰੀ।

ਮੁਗ਼ਲ ਬਾਦਸ਼ਾਹ ਜਹਾਂਗੀਰ ਦੇ ਈਰਖਾਲੂ ਅਹਿਲਕਾਰਾਂ ਨੇ ਬਾਦਸ਼ਾਹ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਗੁਰੂ ਜੀ ਨੇ ਫ਼ੌਜ ਰੱਖ ਲਈ ਹੈ। ਨਗਾਰੇ ਵੱਜਦੇ, ਨਿਸ਼ਾਨ ਸਾਹਿਬ ਝੂਲਦੇ, ਗੁਰੂ ਜੀ ਤਖ਼ਤ ’ਤੇ ਬੈਠਦੇ, ਸ਼ਿਕਾਰ ਖੇਡਦੇ, ਸੰਗਤਾਂ ਦੇ ਫੈਸਲੇ ਆਪ ਕਰਦੇ, ਫ਼ੌਜੀ ਦਸਤੇ ਮਿਸਾਲਾਂ ਬਾਲ ਕੇ ਰਾਤਾਂ ਨੂੰ ਸ਼ਹਿਰ ਵਿੱਚ ਗਸ਼ਤ ਕਰਦੇ। ਬਾਦਸ਼ਾਹਾਂ ਵਾਲੀ ਠਾਠ ਬਾਠ ਬਣਾ ਲਈ ਹੈ। ਉਹ ਰਾਜਸੀ ਤੌਰ ’ਤੇ ਮਜ਼ਬੂਤ ਹੋ ਰਹੇ ਹਨ। ਉਹ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਦਾ ਬਦਲਾ ਲੈਣਗੇ। ਇਸ ਬਾਗੀ ਤਾਕਤ ਨੂੰ ਹੁਣੇ ਦਬਾ ਦੇਣਾ ਚਾਹੀਦਾ ਹੈ।

ਬਾਦਸ਼ਾਹ ਨੇ ਸਿੱਖਾਂ ਦੀ ਤਾਕਤ ਦਾ ਭੇਦ ਜਾਨਣ ਲਈ ਗੁਰੂ ਜੀ ਵੱਲ ਦੋਸਤੀ ਦਾ ਹੱਥ ਵਧਾਇਆ। ਗੁਰੂ ਜੀ ਨਾਲ ਨੇੜਤਾ ਹੋ ਜਾਣ ’ਤੇ ਉਸਨੇ ਜਾਣ ਲਿਆ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਨੇ ਸਿੱਖਾਂ ਨੂੰ ਭੈ ਭੀਤ ਨਹੀਂ ਕੀਤਾ। ਉਹ ਤਾਂ ਹੋਰ ਵੀ ਮਜ਼ਬੂਤ ਇਰਾਦੇ ਵਾਲੇ ਹੋ ਰਹੇ ਹਨ। ਬਾਦਸ਼ਾਹ ਨੇ ਗੁਰੂ ਜੀ ਦੀ ਵੱਧਦੀ ਤਾਕਤ ਵੇਖ ਕੇ ਦਬਾਉਣ ਲਈ ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿੱਚ ਕੈਦ ਕਰ ਦਿੱਤਾ। ਉਥੇ ਪਹਿਲਾਂ ਵੀ 52 ਰਾਜੇ ਰਾਜਸੀ ਕੈਦੀ ਸਨ। ਉਹ ਬੜੀ ਮਾੜੀ ਹਾਲਤ ਵਿੱਚ ਜੀਵਨ ਬਿਤਾ ਰਹੇ ਸਨ। ਗੁਰੂ ਜੀ ਨੇ ਸ਼ਾਹੀ ਕੈਦੀ ਹੁੰਦਿਆਂ, ਉਹਨਾਂ ਦੀ ਚੰਗੀ ਖ਼ੁਰਾਕ ਤੇ ਪੁਸ਼ਾਕ ਦਾ ਪ੍ਰਬੰਧ ਕਰਵਾ ਲਿਆ। ਉਹ ਗੁਰੂ ਜੀ ਦੇ ਸਤਿਸੰਗੀ ਬਣ ਗਏ। ਗੁਰੂ ਜੀ ਦੀ ਕੈਦ ਲੰਮੇਰੀ ਹੁੰਦੀ ਵੇਖ ਕੇ ਸਿੰਘ ਰੋਹ ਵਿੱਚ ਆ ਗਏ। ਬਾਦਸ਼ਾਹ ਨੇ ਵਿਦਰੋਹ ਦੇ ਹਾਲਾਤ ਵੇਖ ਕੇ ਗੁਰੂ ਜੀ ਨੂੰ ਤੁਰੰਤ ਰਿਹਾਅ ਕਰਨ ਦਾ ਮਨ ਬਣਾਇਆ, ਪਰ ਗੁਰੂ ਜੀ ਨੇ ਕਿਹਾ ਕਿ ਸਾਡੇ ਨਾਲ 52 ਰਾਜੇ , ਜੋ ਰਾਜਸੀ ਕੈਦੀ ਹਨ, ਪਹਿਲਾਂ ਹੀ ਲੰਮੀ ਸਜ਼ਾ ਭੁਗਤ ਚੁੱਕੇ ਹਨ, ਵੀ ਰਿਹਾਅ ਕੀਤੇ ਜਾਣ। ਬਾਦਸ਼ਾਹ ਨੇ 52 ਰਾਜਿਆਂ ਨੂੰ ਵੀ ਗੁਰੂ ਜੀ ਨਾਲ ਰਿਹਾਅ ਕਰ ਦਿੱਤਾ। ਰਿਹਾਈ ਤੋਂ ਬਾਅਦ ਗੁਰੂ ਜੀ ਅੰਮ੍ਰਿਤਸਰ ਪੁੱਜੇ ਤਾਂ ਸ਼ਹਿਰ ਨਿਵਾਸੀਆਂ ਨੇ ਦੀਪਮਾਲਾ ਕਰਕੇ ਗੁਰੂ ਜੀ ਦਾ ਸਵਾਗਤ ਕੀਤਾ। “ਬੰਦੀਛੋੜ” ਦਾਤਾ ਕਹਿ ਕੇ ਸਨਮਾਨ ਕੀਤਾ। ਬਾਦਸ਼ਾਹ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਬਾਦਸ਼ਾਹ ਨੂੰ ਨਿਸ਼ਚਾ ਹੋ ਗਿਆ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਲਈ ਉਸ ਨੂੰ ਗੁੰਮਰਾਹ ਕੀਤਾ ਗਿਆ ਹੈ। ਉਸਨੇ ਦੋਸ਼ੀਆਂ ਨੂੰ ਗੁਰੂ ਜੀ ਹਵਾਲੇ ਕਰ ਦਿੱਤਾ। ਸੰਗਤਾਂ ਨੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ। ਗੁਰੂ ਜੀ ਦੇ ਸਬੰਧ ਭੇਦ ਭਾਵ ਤੋਂ ਬਾਅਦ ਸੁਖਾਂਵੇ ਹੋ ਗਏ। ਗੁਰੂ ਜੀ ਨੇ ਮੌਕਾ ਵੇਖ ਕੇ ਗੁਰਮਤਿ ਪ੍ਰਚਾਰ ਜ਼ੋਰਾਂ ਨਾਲ ਕੀਤਾ। ਦੂਸਰੇ ਧਰਮਾਂ ਦੇ ਲੋਕ ਵੀ ਗੁਰੂ ਜੀ ਦੇ ਨਾਲ ਆਣ ਪੁੱਜੇ। ਗੁਰੂ ਜੀ ਨੇ ਕਈ ਨਗਰ ਵਸਾਏ। ਸਿੱਖ ਧਰਮ ਫੈਲਾਉਣ ਦੇ ਉਸਾਰੂ ਯਤਨ ਕੀਤੇ। ਨਵੰਬਰ 8, 1627 ਵਿੱਚ ਬਾਦਸ਼ਾਹ ਜਹਾਂਗੀਰ ਦੀ ਮੌਤ ਹੋ ਗਈ। ਉਸ ਦਾ ਪੁੱਤਰ ਸ਼ਾਹ ਜਹਾਨ 6 ਫਰਵਰੀ 1628 ਨੂੰ ਤਖਤ ’ਤੇ ਬੈਠਾ। ਉਸਨੇ ਬੜੀ ਸਖ਼ਤ ਧਾਰਮਿਕ ਨੀਤੀ ਅਪਣਾਈ। ਉਸਨੇ ਦੂਸਰੇ ਧਰਮਾਂ ਦੇ ਪ੍ਰਚਾਰ ਤੇ ਪਾਬੰਦੀ ਲਗਾ ਦਿੱਤੀ। ਉਸ ਨੂੰ ਇਸ ਗਲ ਦੀ ਈਰਖਾ ਸੀ ਕਿ ਮੁਸਲਮਾਨ ਵੀ ਸਿੱਖ ਧਰਮ ਵਿੱਚ ਜਾ ਰਹੇ ਹਨ। ਉਸਨੇ ਹਿੰਦੂਆਂ ਦੇ ਮੰਦਰ ਢਾਹ ਕੇ ਮਸਜਿਦਾਂ ਬਣਾ ਲਈਆਂ। ਦੂਸਰੇ ਧਰਮਾਂ ਦੇ ਨਵੇਂ ਅਸਥਾਨ ਬਣਾਉਣ ਦੀ ਮਨਾਹੀ ਕਰ ਦਿੱਤੀ। ਸਿੱਖ ਧਰਮ ਦੀ ਡੱਬੀ ਬਜ਼ਾਰ ਲਾਹੌਰ ਵਿੱਚ ਬਣੀ ਬਾਉਲੀ ਨੂੰ ਪੂਰ ਦਿੱਤਾ। ਲੰਗਰ ਦੀ ਥਾਂ ਮਸੀਤ ਬਣਾ ਲਈ। ਸਿੱਖਾਂ ਦਾ ਰੋਹ ਜਾਗਣਾ ਕੁਦਰਤੀ ਸੀ। ਮੁਗ਼ਲ ਹਕੂਮਤ ਵੀ ਸਿੱਖਾਂ ਨਾਲ ਜੰਗ ਦਾ ਬਹਾਨਾ ਲੱਭ ਰਹੀ ਸੀ।

ਜੰਗ ਉਦੋਂ ਸ਼ੁਰੂ ਹੋਈ ਕਿ ਸਿੱਖਾਂ ਦਾ ਜਥਾ ਸ਼ਿਕਾਰ ਖੇਡਦਾ ਉਸ ਅਸਥਾਨ ’ਤੇ ਪੁੱਜ ਗਿਆ, ਜਿਥੇ ਬਾਦਸ਼ਾਹ ਸ਼ਾਹਜਹਾਨ ਵੀ ਸ਼ਿਕਾਰ ਖੇਡ ਰਿਹਾ ਸੀ। ਸ਼ਾਹੀ ਬਾਜ਼ ਸਿੰਘ ਦੇ ਜਥੇ ਵਿੱਚ ਆ ਗਿਆ। ਬਾਦਸ਼ਾਹ ਦੀ ਸ਼ਿਕਾਰੀ ਟੋਲੀ ਬੜੇ ਰੋਹਬ ਨਾਲ ਸ਼ਾਹੀ ਸ਼ਹਿ ’ਤੇ ਬਾਜ਼ ਵਾਪਿਸ ਮੰਗਣ ਆਈ। ਸਿੰਘਾਂ ਨੇ ਕਿਹਾ ਕਿ ਬਾਜ਼ ਆਪ ਆਇਆ ਹੈ, ਜੋ ਮੋੜਨਾ ਨਹੀਂ ਬਣਦਾ। ਨਾਲੇ ਅਸੀਂ ਤੁਹਾਨੂੰ ਜਾਣਦੇ ਨਹੀਂ ਕਿ ਇਹ ਬਾਜ਼ ਤੁਹਾਡਾ ਹੈ। ਬਾਦਸ਼ਾਹ ਦੇ ਸ਼ਿਕਾਰੀ ਟੋਲੇ ਨੇ ਇਸ ਬਾਰੇ ਲਾਹੌਰ ਦੇ ਗਵਰਨਰ ਕੁਲੀਜ਼ ਖਾਨ ਕੋਲ ਜਾ ਕੇ ਸ਼ਿਕਾਇਤ ਕੀਤੀ। ਉਸਨੇ ਬਹਾਨੇ ਨਾਲ ਸਿੰਘਾਂ ਨੂੰ ਖਤਮ ਕਰਨ ਲਈ 7000 ਦੀ ਫ਼ੌਜ ਅੰਮ੍ਰਿਤਸਰ ’ਤੇ ਹਮਲਾ ਕਰਨ ਲਈ ਭੇਜ ਦਿੱਤੀ।

15 ਮਈ 1628 ਨੂੰ ਹਮਲੇ ਦੀ ਖ਼ਬਰ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਮਿਲੀ, ਤਾਂ ਉਹਨਾਂ ਨੇ ਸਿੰਘਾਂ ਨੂੰ ਟਾਕਰਾ ਕਰਨ ਲਈ ਕਿਹਾ। ਤਿੰਨ ਦਿਨਾਂ ਬਾਅਦ ਗੁਰੂ ਜੀ ਦੀ ਸਪੁੱਤਰੀ ਬੀਬੀ ਵੀਰੋ ਦਾ ਵਿਆਹ ਅੰਮ੍ਰਿਤਸਰ ਵਿਖੇ ਹੋਣਾ ਤੈਅ ਸੀ। ਗੁਰੂ ਜੀ ਨੇ ਵਿਆਹ ਦੀ ਜਗ੍ਹਾ ਝਬਾਲ ਤੈਅ ਕਰਕੇ ਪ੍ਰਵਾਰ ਨੂੰ ਉਥੇ ਭੇਜ ਦਿੱਤਾ।

ਸਿੱਖ-ਮੁਗ਼ਲਾਂ ਦੀ ਇਹ ਪਹਿਲੀ ਜੰਗ ਪਿੱਪਲੀ ਸਾਹਿਬ, ਹੁਣ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਸਥਾਨ ’ਤੇ ਹੋਈ। ਦੋਹਾਂ ਪਾਸਿਆਂ ਤੋਂ ਯੋਧਿਆਂ ਨੇ ਜੰਗੀ ਜੌਹਰ ਵਿਖਾਏ। ਸਿੰਘ ਯੋਧੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਅਣਖ ਅਤੇ ਆਜ਼ਾਦੀ ਲਈ ਡੱਟ ਗਏ। ਇਕ ਖੋਖਲੀ ਲੱਕੜ ਦੀ ਬਣੀ ਤੋਪ ਦੀ ਵਰਤੋ ਕੀਤੀ ਗਈ। ਜੋ ਖੇਮਕਰਨ ਦੇ ਮੋਹਰੀ ਕਾਰੀਗਰ ਨੇ ਬਣਾਈ ਸੀ। ਦੁਸ਼ਮਣ ਵੱਲੋਂ ਮੁਖਲਿਸ ਖਾਂ ਬੜੇ ਜੋਸ਼ ਨਾਲ ਮੈਦਾਨ ਪੁੱਜਾ, ਉਸ ਨੂੰ ਸ਼ਾਹੀ ਫ਼ੌਜ ’ਤੇ ਬੜਾ ਮਾਣ ਸੀ। ਸਿੱਖਾਂ ਵੱਲੋਂ ਜੰਗ ਦੀ ਕਮਾਨ ਗੁਰੂ ਜੀ ਨੇ ਖੁਦ ਸੰਭਾਲ ਲਈ। ਉਹਨਾਂ ਦਾ ਸਾਥ ਦੇ ਰਹੇ ਸਨ ਸੂਰਬੀਰ ਯੋਧੇ ਭਾਈ ਬਿਧੀ ਸਿੰਘ, ਭਾਈ ਜੇਠਾ,ਪੈਂਦੇ ਖਾਂ ਆਦਿ। ਪਹਿਲੇ ਦਿਨ ਦੀ ਜੰਗ ਮੁਕਾਬਲੇ ਦੀ ਸੀ। ਦੂਸਰੇ ਦਿਨ ਮੁਕਾਬਲਾ ਹੋਰ ਸਖ਼ਤ ਹੋ ਗਿਆ। ਤੀਸਰੇ ਦਿਨ ਵੱਡੇ ਪੱਧਰ ’ਤੇ ਕਤਲੇਆਮ ਹੋਇਆ। ਜਿਸ ਵਿੱਚ ਵੈਰੀ ਦਾ ਵੱਡਾ ਨੁਕਸਾਨ ਹੋਇਆ। ਮਕਾਲਿਫ਼ ਅਨੁਸਾਰ ਇਹ ਜੰਗ ਅੰਮ੍ਰਿਤਸਰ ਤੋਂ ਚਾਰ ਮੀਲ ਦੱਖਣ ਦੇ ਘੇਰੇ ਵਿੱਚ ਹੋਈ। ਜਿੱਤ ਦੀ ਯਾਦਗਾਰ ਵਿੱਚ ਗੁਰਦੁਆਰਾ ਸੰਗਰਾਣਾ ਸਾਹਿਬ ਹੈ। ਫੈਸਲਾਕੁੰਨ ਜੰਗ ਵਿੱਚ ਮੁਗ਼ਲ ਸੈਨਾ ਦੀ ਗਿਣਤੀ ਕਿਤੇ ਵੱਧ ਸੀ। ਅੰਤ ਵਿੱਚ ਗੁਰੂ ਜੀ ਦੇ ਖੰਡੇ ਨਾਲ ਮੁਖਲਿਸ ਖਾਂ ਟੋਟੇ ਟੋਟੇ ਹੋ ਗਿਆ। ਉਸ ਦੇ ਮਰਦਿਆਂ ਹੀ ਉਸ ਦੀ ਫ਼ੌਜ ਜੰਗ ਦੇ ਮੈਦਾਨ ਵਿਚੋਂ ਭੱਜ ਗਈ। ਮੁਗ਼ਲ ਫ਼ੌਜ ਨੇ ਸ਼ਹਿਰ ਨੂੰ ਲੁੱਟ ਲਿਆ। ਜੰਗ ਖਤਮ ਹੋਣ ’ਤੇ ਗੁਰੂ ਜੀ ਝਬਾਲ ਗਏ, ਜਿਥੇ ਬੀਬੀ ਵੀਰੋ ਜੀ ਦਾ ਵਿਆਹ ਚੌਧਰੀ ਭਾਈ ਲੰਗਾਹ ਦੇ ਘਰ ਹੋਇਆ। ਇਹ ਸਿੱਖ ਮੁਗ਼ਲਾਂ ਦੀ ਪਹਿਲੀ ਜੰਗ ਵਜੋਂ ਇਤਿਹਾਸ ਵਿੱਚ ਦਰਜ਼ ਹੋਈ, ਜਿਸ ਵਿੱਚ ਸਿੰਘਾਂ ਦੀ ਅਸਾਵੀਂ ਫ਼ੌਜ ਦੀ ਜਿੱਤ ਹੋਈ।

# ਮੁਗਲਾਂ ਵੱਲੋਂ ਸਿੱਖ ਅਬਾਦੀ ਦੇ ਬਹੁਤ ਵੱਡੇ ਹਿੱਸੇ ਦਾ ਕਤਲੇਆਮ: ਛੋਟਾ ਘੱਲੂਘਾਰਾ

ਲਵਪ੍ਰੀਤ ਸਿੰਘ ਵਡਾਲੀ





ਛੋਟਾ ਘੱਲੂਘਾਰਾ ਸਾਮਰਾਜ ਦੇ ਅਲੋਪ ਹੋ ਰਹੇ ਸਾਲਾਂ ਦੌਰਾਨ ਮੁਗਲਾਂ ਦੁਆਰਾ ਸਿੱਖ ਅਬਾਦੀ ਦੇ ਬਹੁਤ ਵੱਡੇ ਹਿੱਸੇ ਦਾ ਕਤਲੇਆਮ ਸੀ। ਇਹ 1746 ਈਸਵੀ (ਸੰਮਤ 1803 ਬਿਕਰਮੀ) ਵਿੱਚ ਵਾਪਰਿਆ। ਇਸ ਸਮੇਂ ਮੁਗਲ ਹਾਕਮ ਸਿੱਖਾਂ ਨੂੰ ਖ਼ਤਮ ਕਰਨ ਲਈ ਹਰ ਹੀਲਾ ਵਰਤ ਰਹੇ ਸਨ। ਅਜਿਹੇ ਸਮੇਂ ਦੀਵਾਨ ਲਖਪਤ ਰਾਏ ਵੀ ਉਨ੍ਹਾਂ ਦਾ ਸਾਥ ਦੇਣ ਲਈ ਪੂਰੀ ਤਰ੍ਹਾਂ ਸਰਗਰਮ ਹੋ ਗਿਆ। ਇਸ ਬਾਰੇ ਭਾਈ ਰਤਨ ਸਿੰਘ ਭੰਗੂ ‘ਪੰਥ ਪ੍ਰਕਾਸ਼’ ਵਿੱਚ ਲਿਖਦੇ ਹਨ:

ਸੰਮਤ ਅਠਾਰਾਂ ਸੈ ਹੁਤੋ ਉਪਰ ਤੀਨ ਸੁ ਸਾਲ।
ਘੱਲੂਘਾਰੋ ਵੱਡ ਕਰਯੋ ਤੁਰਕਨ ਸਿੰਘਨ ਨਾਲ।

ਜਸਪਤ ਰਾਏ ਐਮਨਾਬਾਦ ਦਾ ਫ਼ੌਜਦਾਰ ਸੀ। ਯਾਹੀਆ ਖਾਨ ਨੇ ਤਾਕਤ ਹੱਥ ਵਿੱਚ ਲੈਂਦੇ ਸਾਰ ਹੀ ਲੱਖਪਤ ਰਾਏ ਨੂੰ ਦੀਵਾਨ ਥਾਪਿਆ। ਜਸਪਤ ਰਾਏ, ਲੱਖਪਤ ਰਾਏ ਦਾ ਵੱਡਾ ਭਰਾ ਸੀ। ਜਸਪਤ ਰਾਏ ਨੇ ਸਿੱਖਾਂ ਦਾ ਰੂੜੀ ਸਾਹਿਬ ਜੁੜਨਾ ਸੁਣਿਆ ਤਾਂ ਉਸ ਨੇ ਇਕੱਠੇ ਹੋਏ ਸਿੱਖਾਂ ’ਤੇ ਹੱਲਾ ਬੋਲ ਦਿੱਤਾ। ਜਸਪਤ ਰਾਏ ਨੇ ਸਿੰਘਾਂ ਨੂੰ ਕਮਜ਼ੋਰ ਜਾਣ ਕੇ ਬੜੇ ਹੰਕਾਰ ਭਰੇ ਸ਼ਬਦ ਬੋਲੇ। ਉਸ ਵੇਲੇ ਸਿੱਖਾਂ ਨੂੰ ਗੁਰਦੁਆਰਾ ਖਾਲੀ ਕਰਨ ਦਾ ਹੁਕਮ ਦਿੱਤਾ ਗਿਆ ਪਰ ਉਨ੍ਹਾਂ ਉਥੋਂ ਜਾਣਾ ਮੁਨਾਸਿਬ ਨਾ ਸਮਝਿਆ। ਜਸਪਤ ਰਾਏ ਨੇ ਰੋਹ ਵਿੱਚ ਹੱਲਾ ਬੋਲ ਦਿੱਤਾ। ਸਿੱਖ ਵੀ ਟਾਕਰੇ ਲਈ ਡਟ ਗਏ ਤੇ ਕਿਹਾ, “ਜਸਪਤ ਰਾਏ ਨੇ ਸੁੱਤੇ ਸ਼ੇਰ ਦੀ ਮੁੱਛ ਨੂੰ ਹੱਥ ਪਾਇਆ ਹੈ।” ਜਸਪਤ ਰਾਏ ਹਾਥੀ ’ਤੇ ਬੈਠਾ ਫ਼ੌਜ ਨੂੰ ਹੁਕਮ ਦੇ ਰਿਹਾ ਸੀ ਕਿ ਭਾਈ ਨਿਬਾਹੂ ਸਿੰਘ ਨੇ ਜਸਪਤ ਰਾਏ ਦਾ ਸਿਰ ਵੱਢ ਦਿੱਤਾ।

ਨਿਬਾਹੂ ਸਿੰਘ ਗਜ ਪਹਿ ਚੜਯੋ ਮਾਰ ਤੇਗ ਦਿਓ ਸੂਟ।

ਆਪਣੇ ਭਰਾ ਜਸਪਤ ਰਾਏ ਦੀ ਮੌਤ ਦੀ ਖ਼ਬਰ ਸੁਣ ਕੇ ਲਖਪਤ ਰਾਏ ਲੋਹਾ ਲਾਖਾ ਹੋ ਗਿਆ ਤੇ ਬੁਰੀ ਤਰ੍ਹਾਂ ਬੁਖਲਾ ਗਿਆ। ਦੀਵਾਨ ਲਖਪਤ ਰਾਏ ਨੇ ਆਪਣੀ ਪੱਗ ਯਾਹੀਆ ਖ਼ਾਨ ਦੇ ਪੈਰਾਂ ਵਿੱਚ ਰੱਖ ਕੇ ਪਾਨ ਦਾ ਬੀੜਾ ਚੁੱਕ ਕੇ ਸਹੁੰ ਖਾਧੀ ਕਿ ਉਹ ਸਿੱਖਾਂ ਦਾ ਅੰਤ ਕਰਕੇ ਹੀ ਪੱਗ ਸਿਰ ’ਤੇ ਬੰਨ੍ਹੇਗਾ। ਵੱਡੇ ਹੰਕਾਰ ਵਿੱਚ ਆ ਕੇ ਲਖਪਤ ਰਾਏ ਕਹਿਣ ਲੱਗਾ, “ਸਿੱਖੀ ਇੱਕ ਖੱਤਰੀ (ਗੁਰੂ ਨਾਨਕ ਦੇਵ ਜੀ) ਨੇ ਸ਼ੁਰੂ ਕੀਤੀ ਸੀ ਤੇ ਹੁਣ ਇੱਕ ਖੱਤਰੀ ਹੀ ਮੁਕਾਵੇਗਾ।” ਜਸਪਤ ਰਾਏ ਨੇ ਹੁਕਮ ਜਾਰੀ ਕਰ ਦਿੱਤਾ ਕਿ ਜਿੱਥੇ ਕਿਤੇ ਵੀ ਸਿੱਖ ਨਜ਼ਰ ਆਏ, ਉਸ ਨੂੰ ਰਾਜ ਦਰਬਾਰ ਵਿੱਚ ਪੇਸ਼ ਕਰ ਦਿੱਤਾ ਜਾਵੇ। ਭਾਈ ਰਤਨ ਸਿੰਘ ਭੰਗੂ ਇਸ ਦਾ ਇੰਝ ਜ਼ਿਕਰ ਕਰਦੇ ਹਨ:

ਯਹੀ ਬਾਤ ਲੱਖਪਤ ਸੁਣੀ ਢਿਗ ਨਵਾਬ ਦਈ ਪੱਗ ਡਾਰ।
ਫੇਰ ਆਨ ਮੈਂ ਬੰਧੋਂਗੋ ਸਿੰਘਨ ਕੋ ਪੰਥ ਗਾਰ।

ਇਹ ਦੌਰ ਕਈ ਦਿਨ ਤੱਕ ਨਿਰੰਤਰ ਜਾਰੀ ਰਿਹਾ। ਹਾਲਾਤ ਦੀ ਨਜ਼ਾਕਤ ਦੇਖਦਿਆਂ ਸਿੱਖਾਂ ਨੇ ਲਾਹੌਰ ਤੋਂ ਦੂਰੀ ਬਣਾਉਂਦਿਆਂ ਗੁਰਦਾਸਪੁਰ ਜ਼ਿਲ੍ਹੇ ਵਿੱਚ ਬਿਆਸ ਨੇੜੇ ਜੰਗਲਾਂ ਨੂੰ ਆਪਣੀ ਠਾਹਰ ਬਣਾ ਲਿਆ। ਲਖਪਤ ਰਾਏ ਨੇ 10 ਮਾਰਚ 1746 ਈਸਵੀ ਨੂੰ ਲਾਹੌਰ ਦੇ ਸਾਰੇ ਸਿੱਖਾਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਅਤੇ ਗੁਰੂ, ਗੁੜ ਅਤੇ ਗ੍ਰੰਥ ਆਦਿ ਸ਼ਬਦਾਂ ’ਤੇ ਪਾਬੰਦੀ ਲਗਾ ਦਿੱਤੀ। ਜਿਹੜਾ ਇਨ੍ਹਾਂ ਸ਼ਬਦਾਂ ਦੀ ਵਰਤੋਂ ਕਰਦਾ ਉਸ ਨੂੰ ਜਾਨੋਂ ਮਾਰ ਦਿੱਤਾ ਜਾਂਦਾ ਸੀ।ਲੱਖਪਤ ਰਾਏ ਦਾ ਮੰਨਣਾ ਸੀ ਕਿ ਗੁੜ ਕਹਿਣ ਨਾਲ ਗੁਰੂ ਯਾਦ ਆ ਜਾਂਦਾ ਹੈ ਅਤੇ ਗੁਰੂ ਯਾਦ ਆਉਣ ਨਾਲ ਗੁਰੂ ਗੋਬਿੰਦ ਸਿੰਘ ਯਾਦ ਆ ਜਾਂਦੇ ਹਨ। ਉਨ੍ਹਾਂ ਦੀ ਯਾਦ ਆਉਣ ਨਾਲ ਸਿੱਖਾਂ ਵਿੱਚ ਜਜ਼ਬਾ ਪੈਦਾ ਹੋ ਜਾਂਦਾ ਹੈ। ਇਸ ਲਈ ਉਸ ਨੇ ਗੁੜ ਦੀ ਰੋੜੀ ਜਾਂ ਭੇਲੀ ਆਖਣ ਦੇ ਹੁਕਮ ਦਿੱਤੇ। ਇਸ ਤੋਂ ਇਲਾਵਾ ਕਿਸੇ ਵੀ ਪੁਸਤਕ ਨੂੰ ਗ੍ਰੰਥ ਦੀ ਜਗ੍ਹਾ ਪੋਥੀ ਆਖਣ ਦੀ ਹਦਾਇਤ ਕੀਤੀ ਗਈ। ਅੰਮ੍ਰਿਤ ਸਰੋਵਰ ਨੂੰ ਮਿੱਟੀ ਨਾਲ ਪੂਰ ਦਿੱਤਾ ਗਿਆ। ਇਹ ਛੋਟੇ ਘੱਲੂਘਾਰੇ ਦਾ ਆਰੰਭ ਸੀ।

ਗੁੜ ਕੇ ਕਹਨੇ ਗੁਰ ਕਹੈਂ ਰੋੜੀ ਪਾਯੋ ਨਾਮ।
ਜੇ ਕੋ ਗੁਰ ਕਹਿ ਕਿਸ ਸਦੇ ਮਾਰੋਂ ਚੜ੍ਹ ਤਿਸ ਗਾਮ।

ਲਖਪਤ ਰਾਏ ਲਾਹੌਰ ਦੇ ਵਸਨੀਕਾਂ ਨੂੰ ਸ਼ਹੀਦ ਕਰਨ ਮਗਰੋਂ ਅੰਮ੍ਰਿਤਸਰ ਵੱਲ ਵਧਿਆ ਅਤੇ ਲਾਹੌਰ ਦੀਆਂ ਫ਼ੌਜਾਂ ਨੂੰ ਲਾਮਬੰਦ ਕੀਤਾ। ਅੰਮ੍ਰਿਤਸਰ ’ਤੇ ਵੀ ਇਕ ਦਮ ਫੌਜਾਂ ਦਾ ਹੱਲਾ ਹੋ ਜਾਣ ਕਾਰਨ ਸਿੱਖ ਟਿਕਾਣਿਆਂ ਵੱਲ ਨਾ ਜਾ ਸਕੇ। ਉਨ੍ਹਾਂ ਕਾਹਨੂੰਵਾਨ ਦੇ ਛੰਭਾਂ ਵੱਲ ਜਾਣ ਦੀ ਵਿਓਂਤ ਬਣਾਈ। ਇਸ ਦੌਰਾਨ ਜਦੋਂ ਲਖਪਤ ਰਾਏ ਨੂੰ ਪਤਾ ਲੱਗਿਆ ਕਿ ਸਿੱਖ ਕਾਹਨੂੰਵਾਨ ਦੇ ਛੰਭ ਵੱਲ ਜਾ ਰਹੇ ਹਨ ਤਾਂ ਫ਼ੌਜਾਂ ਨੇ ਰਸਤੇ ਵਿੱਚ ਹੀ ਰੋਕਾਂ ਲਾ ਕੇ ਸਿੱਖਾਂ ਦੀ ਵਹੀਰ ਦਾ ਮੂੰਹ ਰਾਵੀ ਵੱਲ ਕਰ ਦਿੱਤਾ। ਲੱਖਪਤ ਰਾਏ ਨੇ ਮੁਗਲ ਸੈਨਾ ਦੀ ਸਹਾਇਤਾ ਨਾਲ ਮਈ 1746 ਵਿਚ ਛੰਭ ਨੂੰ ਚਾਰੇ ਪਾਸਿਓਂ ਘੇਰ ਲਿਆ, ਜੰਗਲ ਕਟਵਾ ਕੇ ਚਾਰੇ ਪਾਸੇ ਅੱਗ ਲਗਾ ਦਿੱਤੀ ਅਤੇ ਤੋਪਾਂ ਸਿੰਘਾਂ ਵੱਲ ਬੀੜ ਦਿੱਤੀਆਂ। ਸਿੰਘਾਂ ਦੇ ਸੱਜੇ ਪਾਸੇ ਰਾਵੀ, ਅੱਗੇ-ਪਿੱਛੇ ਫ਼ੌਜ ਅਤੇ ਸਾਹਮਣੇ ਪਹਾੜੀ ਉੱਤੋਂ ਪੱਥਰਾਂ ਤੇ ਗੋਲੀਆਂ ਵਰ੍ਹਨ ਲੱਗੀਆਂ। ਇਸ ਵੇਲੇ ਸਿੰਘਾਂ ਕੋਲ ਨਾ ਰਸਦ ਸੀ, ਨਾ ਪਾਣੀ ਸੀ, ਨਾ ਤੋਪਾਂ ਤੇ ਨਾ ਬੂਰੂਦ ਸੀ। ਸ਼ਸਤਰ ਵੀ ਖੁੰਢੇ ਹੋ ਗਏ ਸਨ। ਕਮਾਨਾਂ ਕਮਜ਼ੋਰ ਹੋ ਗਈਆਂ ਤੇ ਤੀਰ ਮੁੱਕ ਗਏ। ਆਪਣੇ-ਆਪ ਨੂੰ ਚਾਰੇ ਪਾਸਿਓਂ ਘਿਰਿਆ ਦੇਖ ਕੇ ਉਨ੍ਹਾਂ ਇਹ ਵਿਚਾਰ ਬਣਾਈ ਕਿ ਇੱਕ ਜਥਾ ਪਹਾੜੀ ਚੜ੍ਹੇ, ਦੂਜਾ ਰਾਵੀ ਪਾਰ ਕਰੇ ਅਤੇ ਤੀਜਾ ਭਾਈ ਸੁੱਖਾ ਸਿੰਘ ਮਾੜੀ ਕੰਬੋ ਦੀ ਅਗਵਾਈ ਹੇਠ ਲਖਪਤ ਰਾਏ ਦਾ ਟਾਕਰਾ ਕਰੇ। ਇਸੇ ਤਰ੍ਹਾਂ ਕੁੱਝ ਸਿੱਖ ਪਹਾੜੀਆਂ ’ਤੇ ਚੜ੍ਹ ਗਏ ਤੇ ਕੁੱਝ ਸਿੱਖ ਬਿਆਸ ਦਰਿਆ ਦੇ ਕੰਢੇ ਕੰਢੇ ਇਸ ਛੰਭ ’ਚੋਂ ਨਿਕਲਣ ਵਿਚ ਸਫਲ ਹੋ ਗਏ ਅਤੇ ਜੋ ਬਾਕੀ ਸਿੰਘ ਰਹਿ ਗਏ, ਉਨ੍ਹਾਂ ਫ਼ੈਸਲਾ ਕੀਤਾ ਕਿ ਗੋਲਕਾਰ ਕਿਲ੍ਹੇ ਦੀ ਸ਼ਕਲ ਬਣਾ ਕੇ ਲਖਪਤ ਰਾਏ ਦੀਆਂ ਫ਼ੌਜਾਂ ’ਤੇ ਹੱਲਾ ਬੋਲ ਦਿੱਤਾ ਜਾਏ। ਪਹਿਲੀ ਜੂਨ 1746 ਈਸਵੀ ਨੂੰ ਛੋਟੇ ਘੱਲੂਘਾਰੇ ਦਾ ਆਰੰਭ ਸੀ ਅਤੇ ਦੁੱਖ-ਭੁੱਖ ਦੀਆਂ ਮਾਰਾਂ ਸ਼ੁਰੂ ਹੋਈਆਂ। ਰੇਤਲੇ ਮੈਦਾਨ ਜੇਠ-ਹਾੜ੍ਹ ਦੀਆਂ ਧੁੱਪਾਂ ਵਿੱਚ ਪਾਰ ਕਰ ਕੇ ਬਿਆਸ ਤੱਕ ਪੁੱਜਣਾ ਔਖੀ ਕੰਮ ਸੀ। ਭਾਈ ਰਤਨ ਸਿੰਘ ਭੰਗੂ ਲਿੱਖਦੇ ਹਨ:

**ਅੱਧੀ ਮੌਤ ਮੁਸਾਫਰੀ ਸਾਰੀ ਮੌਤ ਸੁ ਭੁੱਖ।**
**ਊਹਾਂ ਆਇ ਦੋਊ ਮਿਲੀ ਯਹ ਭਯੋ ਖ਼ਾਲਸੇ ਦੁੱਖ।**

ਕਾਹਨੂੰਵਾਨ ਦੀ ਦਲਦਲ ਅਤੇ ਅੱਗ ਵਿਚ ਘਿਰ ਜਾਣ ਕਾਰਨ ਸੱਤ ਹਜ਼ਾਰ ਦੇ ਕਰੀਬ ਸਿੱਖ ਸ਼ਹੀਦ ਹੋ ਗਏ ਅਤੇ ਤਿੰਨ ਹਜ਼ਾਰ ਦੇ ਕਰੀਬ ਸਿੱਖਾਂ ਨੂੰ ਗ੍ਰਿਫਤਾਰ ਕਰ ਕੇ ਲਾਹੌਰ ਲਿਜਾਇਆ ਗਿਆ। ਲਖਪਤ ਰਾਏ ਕਈ ਸਿੱਖਾਂ ਦੇ ਸਿਰਾਂ ਦੇ ਗੱਡੇ ਭਰ ਕੇ ਲਾਹੌਰ ਲੈ ਗਿਆ। ਉਥੇ ਹੀ ਇਨ੍ਹਾਂ ਦੇ ਸਿਰਾਂ ਦਾ ਮੀਨਾਰ ਉਸਾਰਿਆ।

ਲਾਹੌਰ ਵਿੱਚ ਸਿੰਘਾਂ ਨੂੰ ਨਖਾਸ (ਘੋੜਿਆਂ ਦੇ ਵਪਾਰ ਦੀ ਜਗ੍ਹਾ) ਦੇ ਸਥਾਨ ’ਤੇ ਸ਼ਹੀਦ ਕਰ ਦਿੱਤਾ ਗਿਆ। ਇਸ ਘੱਲੂਘਾਰੇ ਵਿੱਚ 10 ਹਜ਼ਾਰ ਤੋਂ ਵੱਧ ਸਿੱਖਾਂ ਦਾ ਜਾਨੀ ਨੁਕਸਾਨ ਹੋਇਆ। ਕਾਹਨੂੰਵਾਨ ਦੇ ਛੰਭ ’ਤੇ ਇੰਨੀ ਵੱਡੀ ਗਿਣਤੀ ਵਿਚ ਹੋਈ ਸਿੱਖਾਂ ਦੀ ਸ਼ਹਾਦਤ ਲਈ ਸਿੱਖ ਇਤਿਹਾਸ ਵਿੱਚ ਇਸ ਅਧਿਆਏ ਨੂੰ ‘ਛੋਟਾ ਘੱਲੂਘਾਰਾ’ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਇਸੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿਚ ਗੁਰਦਾਸਪੁਰ ਵਿਚ ਛੰਭ ਕਾਹਨੂੰਵਾਨ ਵਿੱਚ ਗੁਰਦੁਆਰਾ ਛੋਟਾ ਘੱਲੂਘਾਰਾ ਸਾਹਿਬ ਸੁਸ਼ੋਭਿਤ ਹੈ।


TRANS-ALLIANCE
TOGETHER WE SAVE
FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
FUEL CARDS
NO CREDIT - NO PROBLEM
BEST CUSTOMER SERVICE
TOGETHER WE SAVE
FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE
YOU BREAK DOWN
WE SHOW UP
24-HOUR ROADSIDE ASSISTANCE
TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
FUEL MANAGEMENT
DAILY FUEL RATES IN PHONE APP
CALL FOR MORE INFO
(855)641-6955, (888)795-7035

# ਇਨਸਾਨੀਅਤ ਦੇ ਰਿਸ਼ਤੇ



ਚਿਰਾਗ ਗੁਪਤਾ
ਐਡਵੋਕੇਟ
ਮੋਬ: 529895573

ਰਿਸ਼ਤੇ ਮਨੁੱਖ ਦੀ ਜ਼ਿੰਦਗੀ ਵਿੱਚ ਸਦੀਆਂ ਤੋਂ ਹੀ ਆਪਣੀ ਅਹਿਮ ਭੂਮਿਕਾ ਨਿਭਾਉਂਦੇ ਆ ਰਹੇ ਹਨ ਕਿਉਂਕਿ ਇਹਨਾਂ ਰਿਸ਼ਤਿਆਂ ਦੇ ਸਦਕਾ ਹੀ ਮਨੁੱਖ ਨੇ ਹੁਣ ਤੱਕ ਇੱਕ ਚੰਗਾ ਸਮਾਜ ਸਿਰਜ ਕੇ ਭਾਈਚਾਰੇ ਦੀ ਸਾਂਝ ਨੂੰ ਕਾਇਮ ਕਰ ਕੇ ਰੱਖਿਆ ਹੋਇਆ ਹੈ। ਰਿਸ਼ਤੇ ਮਨੁੱਖ ਲਈ ਓਨੇ ਹੀ ਜ਼ਰੂਰੀ ਹਨ ਜਿੰਨੇ ਕਿ ਪਾਣੀ 'ਚ ਤੈਰਨ ਵਾਲੀ ਇੱਕ ਕਿਸ਼ਤੀ ਲਈ ਦੋ ਚੱਪੂ ਜ਼ਰੂਰੀ ਹੁੰਦੇ ਹਨ ਕਿਉਂਕਿ ਬਿਨਾਂ ਚੱਪੂਆਂ ਦੇ ਕਿਸ਼ਤੀ ਪਾਣੀ ਵਿੱਚ ਕੁਝ ਸਮੇਂ ਲਈ ਤੈਰ ਤਾਂ ਸਕਦੀ ਹੈ ਪਰ ਉਸ ਨੂੰ ਕਿਨਾਰਾ ਨਹੀਂ ਮਿਲਦਾ ਅਤੇ ਆਖੀਰ ਨੂੰ ਕਿਸ਼ਤੀ ਪਾਣੀ ਵਿੱਚ ਹੀ ਡੁੱਬ ਜਾਂਦੀ ਹੈ, ਇਸੇ ਤਰ੍ਹਾਂ ਹੀ ਮਨੁੱਖ ਨੂੰ ਇਸ ਸਮਾਜ ਦੇ ਵਿੱਚ ਜ਼ਿੰਦਗੀ ਜਿਉਣ ਲਈ ਅਤੇ ਇਕ ਚੰਗੇ ਸਮਾਜ ਨੂੰ ਸਿਰਜਨ ਲਈ ਸਮਾਜ ਦੇ ਵਿੱਚ ਮਨੁੱਖਤਾ ਦੇ ਵਜੂਦ ਨੂੰ ਜਿਉਂਦਾ ਰੱਖਣ ਦੇ ਲਈ ਰਿਸ਼ਤਿਆਂ ਦੀ ਲੋੜ ਪੈਂਦੀ ਹੀ ਹੈ।

ਸਾਡੇ ਸਮਾਜ ਵੱਲੋਂ ਰਿਸ਼ਤਿਆਂ ਨੂੰ ਹਮੇਸ਼ਾ ਦੋ ਰੂਪ ਖ਼ੂਨੀ ਰਿਸ਼ਤੇ ਅਤੇ ਇਨਸਾਨੀਅਤ ਦੇ ਰਿਸ਼ਤੇ ਵਿੱਚ ਹੀ ਵੇਖਿਆ ਅਤੇ ਵੰਡਿਆ ਗਿਆ ਹੈ ਪਰ ਸਮਾਜ ਦੇ ਵਿੱਚ ਖ਼ੂਨੀ ਰਿਸ਼ਤਿਆਂ ਨੂੰ ਇਨਸਾਨੀਅਤ ਦੇ ਰਿਸ਼ਤਿਆਂ ਨਾਲੋਂ ਵੱਡਾ ਮੰਨਿਆ ਗਿਆ ਹੈ ਕਿਉਂਕਿ ਮਨੁੱਖ ਜਦ ਇਸ ਦੁਨੀਆ ਦੇ ਵਿੱਚ ਆਉਣ ਲਈ ਜਨਮ ਲੈਂਦਾ ਹੈ ਤਾਂ ਇਹ ਖ਼ੂਨੀ ਰਿਸ਼ਤੇ ਵੀ ਉਸ ਦੇ ਨਾਲ ਹੀ ਜਨਮ ਲੈਂਦੇ ਹਨ ਜੋ ਮਨੁੱਖ ਨੂੰ ਉਸ ਦੀ ਜ਼ਿੰਦਗੀ ਦੇ ਤਿੰਨ ਪੜਾਅ ਬਚਪਨ, ਜਵਾਨੀ ਅਤੇ ਬੁਢਾਪੇ ਦਾ ਸਫ਼ਰ ਤੈਹ ਕਰਵਾਉਂਦੇ ਹੋਏ ਆਖੀਰ ਤੱਕ ਆਪਣਾ ਸਾਥ ਨਿਭਾਉਂਦੇ ਹਨ ਅਤੇ ਇਨ੍ਹਾਂ ਖ਼ੂਨੀ ਰਿਸ਼ਤਿਆਂ ਦਾ ਸਾਥ ਨਾਲ ਹੋਣ ਕਰਕੇ ਮਨੁੱਖ ਆਪਣੀ ਮੁਸ਼ਕਿਲਾਂ ਨਾਲ ਭਰੀਆਂ ਰਾਹਾਂ ਨੂੰ ਬੜੀ ਆਸਾਨੀ ਨਾਲ ਪਾਰ ਕਰ ਲੈਂਦਾ ਹੈ ਕਿਉਂਕਿ ਇਹ ਖ਼ੂਨੀ ਰਿਸ਼ਤੇ ਹਮੇਸ਼ਾ ਮਨੁੱਖ ਨੂੰ ਸਮੇਂ ਸਮੇਂ ਸਿਰ ਹੌਸਲਾ ਅਫ਼ਜ਼ਾਈ ਕਰਦਿਆਂ ਉਸ ਨੂੰ ਆਪਣੇ ਮਕਸਦ ਤੱਕ ਪਹੁੰਚਣ ਲਈ ਪ੍ਰੇਰਿਤ ਕਰਦੇ ਰਹਿੰਦੇ ਹਨ। ਸੋ ਇਹੀ ਕਾਰਨ ਹੈ ਕਿ ਹੁਣ ਤੱਕ ਖ਼ੂਨੀ ਰਿਸ਼ਤਿਆਂ ਨੂੰ ਇਨਸਾਨੀਅਤ ਦੇ ਰਿਸ਼ਤਿਆਂ ਨਾਲੋਂ ਵੱਧ ਅਹਿਮੀਅਤ ਦਿੱਤੀ ਗਈ ਹੈ। ਪਰ ਅੱਜਕੱਲ੍ਹ ਦੇ ਵਰਤਮਾਨ ਸਮੇਂ ਨੇ ਜਿਸ ਤਰ੍ਹਾਂ ਇਕ ਦਮ ਆਪਣੀ ਕਰਵੱਟ ਬਦਲੀ ਹੈ ਇਸ ਦੇ ਨਾਲ ਹੀ ਖ਼ੂਨੀ ਰਿਸ਼ਤਿਆਂ ਨੇ ਵੀ ਆਪਣੀ ਕਰਵੱਟ ਬੜੀ ਤੇਜ਼ੀ ਨਾਲ ਬਦਲਦਿਆਂ ਆਪਣੇ ਖ਼ੂਨੀ ਰਿਸ਼ਤਿਆਂ ਦੀ ਪਰਿਭਾਸ਼ਾ ਨੂੰ ਬਿਲਕੁਲ ਹੀ ਬਦਲ ਕੇ ਰੱਖ ਦਿੱਤਾ ਹੈ, ਜੋ ਖ਼ੂਨੀ ਰਿਸ਼ਤੇ ਕਿਸੇ ਸਮੇਂ ਮਨੁੱਖ ਦੇ ਨਾਲ ਪਰਛਾਵਾਂ ਬਣ ਕੇ ਹਮੇਸ਼ਾ ਨਾਲ ਖੜੇ ਰਹਿੰਦੇ ਸੀ ਅਤੇ ਅੱਜ ਓਹੀ ਖ਼ੂਨੀ ਰਿਸ਼ਤੇ ਮਨੁੱਖ ਨਾਲ ਸਿਰਫ਼ ਆਪਣੇ ਮਤਲਬ ਲਈ ਹੀ ਖੜੇ ਹੁੰਦੇ ਹਨ, ਜਿਨ੍ਹਾਂ ਖ਼ੂਨੀ ਰਿਸ਼ਤਿਆਂ ਦੇ ਸਦਕਾ ਮਨੁੱਖ ਆਪਣੀ ਜ਼ਿੰਦਗੀ ਦੇ ਔਕੜਾਂ ਨਾਲ ਭਰੇ ਸਫ਼ਰ ਨੂੰ ਤੈਹ ਕਰਦਾ ਸੀ ਅੱਜ ਉਹੀ ਖ਼ੂਨੀ ਰਿਸ਼ਤੇ ਮਨੁੱਖ ਦੀ ਕਾਮਯਾਬੀ ਨਾਲ ਭਰੀ ਰਾਹਾਂ ਵਿਚ ਔਕੜਾਂ ਬਣ ਖੜੇ ਹੁੰਦੇ ਹਨ। ਖ਼ੂਨੀ ਰਿਸ਼ਤਿਆਂ ਦੇ ਇਸ ਮਤਲਬੀ ਭਰੇ ਸਾਥ ਨੂੰ ਅੱਜ ਅਸੀਂ ਆਪਣੇ ਸਮਾਜ ਵਿਚ ਬੜੀ ਆਸਾਨੀ ਨਾਲ ਵੇਖ ਸਕਦੇ ਹਾਂ ਕਿਉਂਕਿ ਅੱਜ ਦੇ ਸਮੇਂ ਵਿੱਚ ਆਪਣੇ ਮਤਲਬ ਲਈ ਹੀ ਸਕੇ ਭਰਾ ਆਪਸ ਵਿਚ ਲੜ ਮਰ ਰਹੇ ਹਨ ਅਤੇ ਇਕ ਦੂਜੇ ਦੇ ਪ੍ਰਤੀ ਦਿਲਾਂ ਵਿਚ ਨਫ਼ਰਤ ਦੇ ਬੀਜਾਂ ਨੂੰ ਬੀਜਦੇ ਹੋਏ ਨਫ਼ਰਤ ਨਾਲ ਭਰੇ ਬੂਟਿਆਂ ਦੀਆਂ ਜੜ੍ਹਾਂ ਨੂੰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਵਿੱਚ ਪਸਾਰ ਰਹੇ ਹਨ ਅਤੇ ਇਨ੍ਹਾਂ ਕਾਰਨਾਂ ਕਰਕੇ ਹੀ ਅੱਜ ਖ਼ੂਨੀ ਰਿਸ਼ਤਿਆਂ ਵਿੱਚ ਦਰਾਰਾਂ ਦਿਨੋਂ ਦਿਨ ਵੱਧਦੀਆਂ ਹੀ ਜਾ ਰਹੀਆਂ ਹਨ ਅਤੇ ਇਨ੍ਹਾਂ ਵੱਧ ਰਹੀਆਂ ਦਰਾਰਾਂ ਨੂੰ ਵੇਖਦਿਆਂ ਅੱਜ ਇਨਸਾਨੀਅਤ ਦੇ ਰਿਸ਼ਤਿਆਂ ਨੇ ਆਪਣੇ ਆਪ ਨੂੰ ਖ਼ੂਨੀ ਰਿਸ਼ਤਿਆਂ ਨਾਲੋਂ ਵੱਧ ਯਕੀਨੀ ਬਣਾਉਂਦਿਆਂ ਸਮਾਜ ਦੀਆਂ ਨਜ਼ਰਾਂ ਵਿੱਚ ਆਪਣੀ ਚੰਗੀਆਂ ਮਿਸਾਲਾਂ ਪੇਸ਼ ਕੀਤੀਆਂ ਹਨ ਜਿਸ ਦੇ ਸਦਕਾ ਅੱਜ ਸਾਡੇ ਸਮਾਜ ਨੇ ਇਨਸਾਨੀਅਤ ਦੇ ਰਿਸ਼ਤਿਆਂ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ ਹੈ ਜਿਸ ਸਬੰਧੀ ਅੱਜ ਥਾਂ-ਥਾਂ 'ਤੇ ਬਣ ਰਹੇ (ਬਾਕੀ ਸਫ਼ਾ 31 'ਤੇ)

ਹੱਡ ਬੀਤੀ

# ਦੁਨਿਆਂ ਵਿੱਚ ਫਸਿਆ ਸਾਡਾ ਸਮਾਜ



ਨਰਿੰਦਰ ਕੌਰ ਸੋਹਲ



ਬੇਸ਼ੱਕ ਅਸੀਂ 21ਵੀਂ ਸਦੀ ਵਿੱਚ ਵਿਚਰ ਰਹੇ ਹਾਂ, ਜਿੱਥੇ ਤਕਨੀਕੀ ਵਿਕਾਸ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ ਪਰ ਬਹੁਤ ਕੁਝ ਅਜਿਹਾ ਵੀ ਹੈ ਜੋ ਸਦੀਆਂ ਤੋਂ ਹੀ ਮਨੁੱਖ ਦੇ ਨਾਲ ਨਾਲ ਚੱਲ ਰਿਹਾ। ਇਸਦਾ ਸ਼ਿਕਾਰ ਹੋਣ ਵਾਲੀ ਬਹੁਗਿਣਤੀ ਗਰੀਬੀ ਨਾਲ ਸਬੰਧਤ ਹੈ। ਅਜਿਹੇ ਹੀ ਇੱਕ ਪਰਿਵਾਰ ਦੀ ਸੱਚੀ ਘਟਨਾ ਦੱਸਣ ਲੱਗੀ ਹਾਂ। ਮੋਗੇ ਜਿੱਥੇ ਸਾਡਾ ਘਰ ਹੈ, ਇੱਥੇ ਆਲ਼ੇ ਦੁਆਲੇ ਪਲਾਟ ਖ਼ਾਲੀ ਪਏ ਹਨ। ਗਲੀ ਵਿੱਚ ਸਾਡਾ ਘਰ ਇਕੱਲਾ ਇਕਹਿਰਾ ਹੀ ਹੈ, ਜਦਕਿ ਪਿਛਲੀ ਗਲੀ ਵਿੱਚ ਕੁਝ ਘਰ ਹਨ, ਜਿਨ੍ਹਾਂ ਨਾਲ ਗੁਆਂਢੀਆਂ ਵਾਲੀ ਸਾਂਝ ਬਣੀ ਹੋਈ ਹੈ। ਸਾਡੇ ਘਰ ਦੇ ਸਾਹਮਣੇ ਖ਼ਾਲੀ ਪਲਾਟਾਂ ਤੋਂ ਅੱਗੇ ਇੱਕ ਬਸਤੀ ਹੈ, ਜਿੱਥੇ ਅਣਗਿਣਤ ਮਜ਼ਦੂਰ ਪਰਿਵਾਰ ਵੱਸਦੇ ਹਨ। ਮੇਰੀ ਆਦਤ ਹੈ ਕਿ ਜਦੋਂ ਵਿਹਲਾ ਸਮਾਂ ਹੋਵੇ ਤਾਂ ਛੱਤ 'ਤੇ ਚਲੀ ਜਾਂਦੀ ਹਾਂ। ਗਰਮੀਆਂ ਵਿੱਚ ਸ਼ਾਮ ਨੂੰ ਤੇ ਸਿਆਲ ਵਿੱਚ ਕਈ ਵਾਰ ਸਾਰਾ ਦਿਨ ਹੀ ਛੱਤ 'ਤੇ ਨਿਕਲ ਜਾਂਦਾ ਹੈ। ਅਖ਼ਬਾਰ ਜਾਂ ਕਿਤਾਬ ਪੜ੍ਹਦਿਆਂ ਆਲ਼ੇ ਦੁਆਲੇ ਵੀ ਨਜ਼ਰ ਮਾਰ ਲੈਂਦੀ ਹਾਂ। ਬਸਤੀ ਵੱਲ ਵੇਖਦਿਆਂ ਅਕਸਰ ਸੋਚਦੀ ਹਾਂ ਕਿ ਛੋਟੇ ਛੋਟੇ ਘਰਾਂ ਵਿੱਚ ਵੱਸਦੇ ਇਹ ਲੋਕ ਦਿਲਾਂ ਵਿੱਚ ਪਤਾ ਨਹੀਂ ਕਿੰਨੀਆਂ ਸੱਧਰਾਂ ਲਈ ਬੈਠੇ ਹਨ।

ਸਾਡੇ ਵੇਖਦਿਆਂ ਵੇਖਦਿਆਂ ਮਿਹਨਤ ਮਜ਼ਦੂਰੀ ਕਰਕੇ ਕਈਆਂ ਨੇ ਪੱਕੇ ਬਾਥਰੂਮ ਬਣਾ ਲਏ ਤੇ ਕਿਸੇ ਨੇ ਕਮਰਾ ਪਾ ਲਿਆ ਹੈ। ਕਿਸੇ ਨੇ ਦੋ ਮੰਜ਼ਲਾਂ ਮਕਾਨ ਬਣਾ ਲਿਆ ਹੈ। ਪਰ ਇਹਨਾਂ ਘਰਾਂ ਵਿੱਚ ਇੱਕ ਘਰ ਅਜਿਹਾ ਵੀ ਹੈ ਜੋ ਮੇਰਾ ਧਿਆਨ ਵਧੇਰੇ ਖਿੱਚਦਾ ਹੈ। ਜਦੋਂ ਕੰਮ ਕਾਰਨ ਕੁਝ ਦਿਨ ਘਰੋਂ ਬਾਹਰ ਰਹਿ ਕੇ ਵਾਪਸ ਆਉਂਦੀ ਹਾਂ ਤਾਂ ਉਸ ਘਰ ਵੱਲ ਧਿਆਨ ਜ਼ਰੂਰ ਮਾਰਦੀ। ਅਸਲ ਵਿੱਚ ਇਹ ਨਾਮ ਦਾ ਹੀ ਘਰ ਹੈ, ਵਿਹੜਾ ਖੁੱਲ੍ਹਾ ਹੈ ਪਰ ਵਸੋਂ ਇੱਕ ਨੁੱਕਰ ਵਿੱਚ ਸਿਰਫ਼ ਇੱਕ ਕਮਰਾ ਹੈ, ਜੋ ਆਲ਼ੇ ਦੁਆਲੇ ਵਾਲੇ ਘਰਾਂ ਨਾਲੋਂ ਬਹੁਤ ਨੀਵਾਂ ਹੈ। ਬਰਸਾਤਾਂ ਵਿੱਚ ਛੱਤ ਚੋਂਦੀ ਹੈ। ਇਹ ਅੰਦਾਜ਼ਾ ਇਸ ਗੱਲ ਤੋਂ ਲੱਗਦਾ ਹੈ ਕਿ ਘਰ ਦੀ ਮਾਲਕਣ ਨੂੰ ਆਪਣੇ ਬੇਟੇ ਨਾਲ ਕਈ ਵਾਰ ਛੱਤ ਉੱਤੇ ਤਰਪਾਲ ਪਾਉਂਦਿਆਂ ਵੇਖਿਆ ਹੈ।

ਇੱਕ ਰਾਤ ਅਚਾਨਕ ਸਾਡੇ ਘਰ ਸਾਹਮਣੇ ਕੋਈ ਰੇਤ ਦਾ ਢੇਰ ਲਗਾ ਗਿਆ। ਸਵੇਰੇ ਵੇਖਿਆ ਤਾਂ ਗ਼ੁੱਸਾ ਆਇਆ ਕਿ ਰੇਤ ਉੱਡ ਕੇ ਸਾਡੇ ਹੀ ਘਰ ਆਉਣੀ ਹੈ। ਇਸ ਨੂੰ ਚੁਕਵਾਉਣ ਲਈ ਜਦੋਂ ਰੇਤ ਦੇ ਮਾਲਕ ਦਾ ਪਤਾ ਲਗਾਇਆ ਤਾਂ ਉਹ ਨੀਵੇਂ ਕਮਰੇ ਵਾਲਾ ਪਰਿਵਾਰ ਹੀ ਸੀ। ਇਹ ਜਾਣ ਕੇ ਰੇਤ ਚੁਕਵਾਉਣ ਨੂੰ ਦਿਲ ਨਾ ਮੰਨਿਆ। ਉਹਨਾਂ ਆਪ ਰੇਤ ਨੂੰ ਪੱਲੀਆਂ ਨਾਲ ਢੱਕ ਦਿੱਤਾ ਤੇ ਮੈਨੂੰ ਕਿਹਾ ਕਿ ਅਸੀਂ ਘਰ ਪਾਉਣ ਲੱਗੇ ਹਾਂ। ਉਹਨਾਂ ਨਾਲੋਂ ਵੱਧ ਤਾਂ ਨਹੀਂ ਪਰ ਬਹੁਤ ਖ਼ੁਸ਼ੀ ਹੋਈ ਕਿ ਚੱਲੋ ਇਹਨਾਂ ਦੇ ਸਿਰ 'ਤੇ ਵੀ ਵਧੀਆ ਛੱਤ ਆ ਜਾਵੇਗੀ।

ਫਿਰ ਇੱਕ ਦਿਨ ਇੱਟਾਂ ਆ ਗਈਆਂ ਤਾਂ ਉਹਨਾਂ ਦੇ ਚਿਹਰਿਆਂ 'ਤੇ ਰੌਣਕ ਦਿਸਣ ਲੱਗੀ। ਮੈਂ ਛੱਤ ਉੱਤੇ ਬੈਠੀ ਉਤਸੁਕਤਾ ਨਾਲ ਵੇਖਦੀ ਕਦੋਂ ਮਿਸਤਰੀ ਲੱਗੂ, ਕਦੋਂ ਇਹਨਾਂ ਦੇ ਸੁਪਨਿਆਂ ਦਾ ਮਹਿਲ ਬਣੂ ? ਫਿਰ ਇੱਕ ਦਿਨ ਵੇਖਿਆ, ਬਾਹਰੀ ਕੰਧ ਢਾਹ ਕੇ ਦੋ ਕਮਰਿਆਂ ਦੀ ਨੀਂਹ ਭਰ ਕੇ ਉਸਾਰੀ ਸ਼ੁਰੂ ਕਰ ਦਿੱਤੀ ਹੈ। ਉਹਨਾਂ ਤਾਂ ਖ਼ੁਸ਼ ਹੋਣਾ ਹੀ ਸੀ ਪਰ ਮੈਨੂੰ ਪਤਾ ਨਹੀਂ ਕਿਉਂ ਇਕ ਵੱਖਰੀ ਹੀ ਖ਼ੁਸ਼ੀ ਹੋ ਰਹੀ ਸੀ। ਥੋੜ੍ਹੀ ਉਸਾਰੀ ਤੋਂ ਬਾਅਦ ਭਰਤੀ ਪਾਉਣ ਲਈ ਮਿੱਟੀ ਆ ਗਈ ਕਿਉਂਕਿ ਥਾਂ ਨੀਵੀਂ ਬਹੁਤ ਸੀ। ਛੱਤ 'ਤੇ ਬੈਠੀ ਮੈਂ ਵੇਖ ਰਹੀ ਸੀ, ਪੂਰਾ ਪਰਿਵਾਰ ਮਿੱਟੀ ਪਾਉਣ ਦੇ ਕੰਮ ਲੱਗਾ, ਬਹੁਤ ਖ਼ੁਸ਼ ਦਿਸ ਰਿਹਾ ਸੀ ਤਾਂ ਮੈਨੂੰ ਆਪਣਾ ਘਰ ਬਣਾਉਣ ਦਾ ਸਮਾਂ ਯਾਦ ਆ ਗਿਆ। ਸਾਡੇ ਲਈ ਵੀ ਆਪਣੇ ਘਰ ਦਾ ਸੁਪਨਾ ਪੂਰਾ ਹੋ ਸਕਣਾ ਸੰਭਵ ਨਹੀਂ ਸੀ ਲੱਗਦਾ। ਪਰ ਭੈਣਾਂ ਭਰਾਵਾਂ ਦੀ ਮਦਦ ਨਾਲ ਜਦੋਂ ਘਰ ਬਣਾਉਣਾ ਸ਼ੁਰੂ ਕੀਤਾ ਤਾਂ ਪੈਰ ਜ਼ਮੀਨ 'ਤੇ ਹੀ ਨਹੀਂ ਲੱਗਦੇ ਸੀ। ਇਸ ਕਰਕੇ ਇਹਨਾਂ ਦੀ ਖ਼ੁਸ਼ੀ ਨੂੰ ਨੇੜਿਓਂ ਮਹਿਸੂਸ ਕੀਤਾ ਜਾ ਸਕਦਾ ਸੀ।

ਉਸਾਰੀ ਲੈਂਟਰ ਕੋਲ ਪਹੁੰਚਣ ਵਾਲੀ ਸੀ ਜਦੋਂ ਮੈਂ ਇੱਕ ਕਾਨਫ਼ਰੰਸ ਲਈ ਵਿਜੇਵਾੜਾ ਚੱਲੇ ਗਈ ਸੀ। ਵਾਪਸ ਆਈ ਤਾਂ ਵੇਖਿਆ ਉਸਾਰੀ ਕੋਲ ਕੋਈ ਹਿਲਜੁਲ ਨਹੀਂ ਹੋ ਰਹੀ ਸੀ। ਲੈਂਟਰ ਤੋਂ ਬਗੈਰ ਕੰਧਾਂ ਖੜ੍ਹੀਆਂ ਹੋਈਆਂ ਸਨ। ਕੁਝ ਦਿਨ ਇਸੇ ਤਰ੍ਹਾਂ ਵੇਖਣ ਬਾਅਦ ਮੈਂ ਘਰ ਦੇ ਮੁੰਡੇ ਨੂੰ ਅਵਾਜ਼ ਮਾਰੀ ਤੇ ਮਿਸਤਰੀ ਬਾਰੇ ਪੁੱਛਿਆ। ਉਸ ਨੇ ਜਵਾਬ ਦਿੱਤਾ ਕਿ ਮਿਸਤਰੀ ਨੇ ਕੁਝ ਦਿਨਾਂ ਦੀ ਛੁੱਟੀ ਲਈ ਹੋਈ ਹੈ। ਮੈਂ ਸੋਚਿਆ, (ਬਾਕੀ ਸਫ਼ਾ 31 'ਤੇ)







# ਕਦੋਂ ਤੱਕ ਸ਼ੋਸ਼ਣ ਦਾ ਸ਼ਿਕਾਰ ਹੋਣਗੀਆਂ ਮਹਿਲਾਵਾਂ ?



ਇਸ ਸਮੇਂ ਭਾਰਤ ਦੀ ਮਹਿਲਾ ਪਹਿਲਵਾਨਾਂ ਦੇ ਸ਼ੋਸ਼ਣ ਦਾ ਮਾਮਲਾ ਸੁਰਖੀਆ ਹੋਇਆ ਹੈ। ਜਿਸ ਕਾਰਨ ਮਹਿਲਾਵਾਂ ਨਾਲ ਵੱਖ ਵੱਖ ਖੇਤਰਾਂ 'ਚ ਹੁੰਦੇ ਵਿਤਕਰੇ ਤੇ ਸ਼ੋਸ਼ਣ ਦੀਆਂ ਘਟਨਾਂਵਾਂ ਵੀ ਚਰਚਾ ਆ ਗਈਆਂ ਹਨ।

ਇਹ ਠੀਕ ਹੈ ਕਿ ਅੰਤਰਰਾਸ਼ਟਰੀ ਪੱਧਰ 'ਤੇ ਅਨੇਕਾਂ ਮਹਿਲਾਵਾਂ ਨੇ ਜ਼ਿਕਰਯੋਗ ਪ੍ਰਾਪਤੀਆਂ ਕੀਤੀਆਂ ਹਨ। ਕਈ ਦੇਸ਼ਾਂ ਦੀਆਂ ਮੁਖੀ ਵੀ ਮਹਿਲਾਵਾਂ ਹਨ ਅਤੇ ਅਨੇਕਾਂ ਦੇਸ਼ਾਂ ਵਿੱਚ ਮਹਿਲਾਵਾਂ ਉੱਚ ਸਿਆਸੀ, ਸੰਵਿਧਾਨਿਕ, ਬੈਂਕਿੰਗ, ਕਾਰਪੋਰੇਟ,ਸੈਨਾ ਅਤੇ ਹੋਰਨਾਂ ਖੇਤਰਾਂ ਵਿੱਚ ਉੱਚ ਅਹੁਦਿਆਂ 'ਤੇ ਹਨ। ਦੂਜੇ ਪਾਸੇ ਇਹ ਵੀ ਅਸਲੀਅਤ ਹੈ ਕਿ ਅਨੇਕਾਂ ਔਰਤਾਂ ਨੂੰ ਅਜੇ ਵੀ ਕਈ ਤਰਾਂ ਦੇ ਸ਼ੋਸ਼ਣ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸੇ ਕੜੀ ਵਿੱਚ ਭਾਰਤ ਦੀਆਂ ਮਹਿਲਾ ਪਹਿਲਵਾਨਾਂ ਵੱਲੋਂ ਲਗਾਏ ਗਏ ਜਿਨਸੀ ਸ਼ੋਸ਼ਣ ਮਾਮਲੇ ਨੂੰ ਵੇਖਿਆ ਜਾ ਸਕਦਾ ਹੈ।

ਇਹ ਵੀ ਕਿਹਾ ਜਾ ਸਕਦਾ ਹੈ ਕਿ ਅੱਜ ਦੀ ਔਰਤ ਭਾਵੇਂ ਕਾਫੀ ਤਰੱਕੀ ਕਰ ਰਹੀ ਹੈ, ਪਰ ਅਸਲ ਵਿੱਚ ਔਰਤ ਹੀ ਔਰਤ ਦੀ ਦੁਸ਼ਮਣ ਵੀ ਹੈ। ਜਿਸ ਦੀ ਮਿਸਾਲ ਮਹਿਲਾ ਪਹਿਲਵਾਨਾਂ ਦੇ ਮਾਮਲੇ ਵਿੱਚ ਮਹਿਲਾ ਦੌੜਾਕ ਪੀ. ਟੀ. ਊਸ਼ਾ ਵੱਲੋਂ ਕੀਤੀ ਗਈ ਟਿੱਪਣੀ ਤੋਂ ਦਿਤੀ ਜਾ ਸਕਦੀ ਹੈ। ਮਹਿਲਾ ਪਹਿਲਵਾਨਾਂ ਨੂੰ ਆਸ ਸੀ ਕਿ ਖੇਡ ਸੰਸਥਾ 'ਚ ਉੱਚ ਅਹੁਦੇ 'ਤੇ ਬੈਠੀ ਪੀ ਟੀ ਊਸ਼ਾ ਉਹਨਾਂ ਦਾ ਸਾਥ ਦੇਵੇਗੀ ਪਰ ਪੀ. ਟੀ. ਊਸ਼ਾ ਦੀ ਟਿੱਪਣੀ ਨੇ ਮਹਿਲਾ ਪਹਿਲਵਾਨਾਂ ਨੂੰ ਨਿਰਾਸ਼ ਕੀਤਾ ਹੈ।

ਸਿਰਫ ਖੇਡਾਂ ਹੀ ਨਹੀਂ ਸਗੋਂ ਸਮਾਜ ਦੇ ਹੋਰਨਾਂ ਖੇਤਰਾਂ 'ਚ ਵੀ ਮਹਿਲਾਵਾਂ ਨੂੰ ਕਈ ਤਰਾਂ ਦੇ ਸ਼ੋਸ਼ਣ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਕਸਰ ਪ੍ਰਾਈਵੇਟ ਕੰਪਨੀਆਂ ਵਿੱਚ ਮਹਿਲਾ ਕਰਮਚਾਰੀਆਂ ਨੂੰ ਮਰਦ ਕਰਮਚਾਰੀਆਂ ਦੇ ਮੁਕਾਬਲੇ ਘੱਟ ਤਨਖਾਹ ਦਿਤੀ ਜਾਂਦੀ ਹੈ। ਕਈ ਪ੍ਰਾਈਵੇਟ ਕੰਪਨੀਆਂ ਵਿੱਚ ਮਹਿਲਾਵਾਂ ਨੂੰ ਦੇਰ ਰਾਤ ਤਕ ਰੋਕ ਕੇ ਰਖਿਆ ਜਾਂਦਾ ਹੈ ਅਤੇ ਕਈ ਤਰਾਂ ਦੇ ਬਹਾਨਿਆਂ ਨਾਲ ਬੌਸ ਵੱਲੋਂ ਆਪਣੇ ਕੈਬਿਨ ਵਿੱਚ ਬੁਲਾਇਆ ਜਾਂਦਾ ਹੈ। ਇਸ ਤੋਂ ਇਲਾਵਾ ਕਈ ਪ੍ਰਾਈਵੇਟ ਅਦਾਰਿਆਂ ਵਿੱਚ ਮਹਿਲਾਵਾਂ ਨਾਲ ਹੋਰ ਵੀ ਕਈ ਤਰਾਂ ਦਾ ਵਿਤਕਰਾ ਅਤੇ ਸ਼ੋਸ਼ਣ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਤਨਖਾਹ ਵਧਾਉਣ ਵੇਲੇ ਅਤੇ ਇੰਕਰੀਮੈਂਟ ਲਗਾਉਣ ਸਮੇਂ ਵੀ ਮਹਿਲਾਵਾਂ ਨੂੰ ਕਈ ਤਰਾਂ ਦੀਆਂ ਸਮੱਸਿਆਵਾਂ ਅਤੇ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ।



ਸਿਰਫ ਬਾਹਰ ਹੀ ਨਹੀਂ ਸਗੋਂ ਮਹਿਲਾਵਾਂ ਨੂੰ ਆਪਣੇ ਘਰਾਂ ਵਿੱਚ ਵੀ ਕਈ ਵਾਰ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ। ਨੌਕਰੀਪੇਸ਼ਾ ਮਹਿਲਾਵਾਂ ਨੂੰ ਦਫਤਰ ਦਾ ਕੰਮ ਵੀ ਕਰਨਾ ਪੈਂਦਾ ਹੈ ਅਤੇ ਫਿਰ ਘਰ ਆ ਕੇ ਘਰ ਦਾ ਕੰਮ ਵੀ ਕਰਨਾ ਪੈਂਦਾ ਹੈ। ਇਸ ਤਰਾਂ ਨੌਕਰੀਪੇਸ਼ਾ ਮਹਿਲਾਵਾਂ ਨੂੰ ਦੋਹਰੀ ਭੂਮਿਕਾ ਨਿਭਾਉਣੀ ਪੈਂਦੀ ਹੈ। ਇਸ ਤੋਂ ਇਲਾਵਾ ਕਈ ਮਹਿਲਾਵਾਂ ਘਰੇਲੂ ਹਿੰਸਾ ਦਾ ਸ਼ਿਕਾਰ ਵੀ ਹੋ ਜਾਂਦੀਆਂ ਹਨ ਪਰ ਉਹ ਆਪਣੇ ਬੱਚਿਆਂ ਕਰਕੇ ਚੁੱਪ ਚਾਪ ਸਭ ਕੁਝ ਸਹਿਣ ਕਰਦੀਆਂ ਹਨ ਤਾਂ ਕਿ ਉਹਨਾਂ ਦੇ ਬੱਚਿਆਂ ਦੀ ਜਿੰਦਗੀ ਖਰਾਬ ਨਾ ਹੋ ਸਕੇ। ਇਸ ਤੋਂ ਇਲਾਵਾ ਕਈ ਵਾਰ ਘਰਾਂ ਵਿੱਚ ਨੂੰਹ ਅਤੇ ਸੱਸਾਂ ਵਿਚਾਲੇ ਵੀ ਤਾਲਮੇਲ ਸਹੀ ਨਹੀਂ ਹੁੰਦਾ, ਜਿਸ ਕਰਕੇ ਵੀ ਔਰਤ ਹੀ ਔਰਤ ਦੀ ਦੁਸ਼ਮਣ ਬਣ ਜਾਂਦੀ ਹੈ।

ਕਈ ਵਾਰ ਸਰਕਾਰੀ ਦਫਤਰਾਂ ਵਿੱਚ ਵੀ ਮਹਿਲਾਵਾਂ ਨੂੰ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈ ਜਾਂਦਾ ਹੈ।

ਭਾਵੇਂ ਕਿ ਮਹਿਲਾਵਾਂ ਦੀ ਸੁੱਰਖਿਆ ਲਈ ਅਤੇ ਮਹਿਲਾਵਾਂ ਨੂੰ ਸ਼ੋਸ਼ਣ ਤੋਂ ਬਚਾਉਣ ਲਈ ਕਈ ਤਰਾਂ ਦੇ ਕਾਨੂੰਨ ਬਣੇ ਹੋਏ ਹਨ ਪਰ ਕੁਝ ਮਹਿਲਾਵਾਂ ਵੱਲੋਂ ਇਹਨਾਂ ਕਾਨੂੰਨਾਂ ਦੀ ਗਲਤ ਵਰਤੋਂ ਕਰਨ ਨਾਲ ਜਾਂ ਝੂਠੇ ਇਲਜਾਮ ਲਗਾਉਣ ਨਾਲ ਅਜਿਹੇ ਕਾਨੂੰਨਾਂ ਦੀ ਅਹਿਮੀਅਤ ਘੱਟ ਰਹੀ ਹੈ। ਇਸਦੇ ਇਲਾਵਾ ਮਹਿਲਾਵਾਂ ਪੱਖੀ ਕਾਨੂੰਨਾਂ ਨੂੰ ਲਾਗੂ ਕਰਨ ਵਿੱਚ ਵੀ ਅਕਸਰ ਅਣਗਹਿਲੀ ਵਰਤੀ ਜਾਂਦੀ ਹੈ। ਅੱਜ ਦੇ ਹਾਈਫਾਈ ਜਮਾਨੇ ਵਿੱਚ ਮਹਿਲਾਵਾਂ ਦਾ ਸ਼ੋਸ਼ਣ ਦਾ ਸ਼ਿਕਾਰ ਹੋਣਾ ਚਿੰਤਾ ਦਾ ਵਿਸ਼ਾ ਹੈ।





# ਆਉਣ ਪੇਕਿਆਂ ਤੋਂ ਸਦਾ ਠੰਡੀਆਂ ਹਵਾਵਾਂ

-ਹਰ ਔਰਤ ਦੇ ਚੇਤਿਆਂ ਵਿੱਚ ਉਸਦਾ ਪੇਕਾ ਘਰ ਹਮੇਸ਼ਾ ਹੀ ਵਸਿਆ ਰਹਿੰਦਾ ਹੈ। ਹਰ ਔਰਤ ਦੀ ਇੱਛਾ ਹੁੰਦੀ ਹੈ ਕਿ ਉਸਦੇ ਪੇਕਿਆਂ ਤੋਂ ਹਮੇਸ਼ਾ ਠੰਡੀਆਂ ਹਵਾਵਾਂ ਆਉਂਦੀਆਂ ਰਹਿਣ। ਹਰ ਔਰਤ ਜਿਥੇ ਆਪਣੇ ਪਰਿਵਾਰ ਦੀ ਹਰ ਦਿਨ ਪਰਮਾਤਮਾ ਤੋਂ ਸੁੱਖ ਮੰਗਦੀ ਹੈ, ਉਥੇ ਉਹ ਆਪਣੇ ਪੇਕਿਆਂ ਦੀ ਸੁੱਖ ਲਈ ਵੀ ਪਰਮਾਤਮਾ ਅੱਗੇ ਬੇਨਤੀ ਕਰਨੀ ਨਹੀਂ ਭੁਲਦੀ। ਮਾਂ ਬਾਪ ਦੇ ਹੁੰਦਿਆਂ ਹਰ ਵਿਆਹੁਤਾ ਔਰਤ ਪੂਰੇ ਮਾਣ ਅਤੇ ਹੱਕ ਨਾਲ ਪੇਕੇ ਜਾਂਦੀ ਹੈ। ਮਾਪਿਆਂ ਦੇ ਤੁਰ ਜਾਣ ਤੋਂ ਬਾਅਦ ਅਕਸਰ ਅਨੇਕਾਂ ਔਰਤਾਂ ਦਾ ਪੇਕਿਆਂ ਦੇ ਘਰ ਆਉਣਾ ਜਾਣਾ ਘੱਟ ਹੋ ਜਾਂਦਾ ਹੈ, ਕਿਉਂਕਿ ਅਕਸਰ ਨਣਾਨ ਭਰਜਾਈ ਦੀ ਸੋਚ ਵਿੱਚ ਵਖਰੇਵਾਂ ਹੁੰਦਾ ਹੈ। ਇਸਦੇ ਬਾਵਜੂਦ ਵੱਡੀ ਗਿਣਤੀ ਔਰਤਾਂ ਆਪਣੇ ਸਕੇ ਭਰਾਵਾਂ ਨੂੰ ਆਪਣੇ ਸਾਰੀ ਉਮਰ ਦੇ ਮਾਪੇ ਸਮਝਦੀਆਂ ਹਨ। ਭਰਾ ਵੀ ਆਪਣੀ ਪੂਰੀ ਜਿੰਮੇਵਾਰੀ ਨਿਭਾਉਂਦੇ ਹਨ ਅਤੇ ਨਾਨਕ ਛੱਕਾਂ ਪੂਰਦੇ ਹਨ, ਜਿਸ ਕਰਕੇ ਅਕਸਰ ਭੈਣਾਂ ਕਹਿੰਦੀਆਂ ਹਨ ਕਿ ਛੱਕਾਂ ਪੂਰਦੇ ਅੰਮਾ ਦੇ ਜਾਏ, ਚਾਚੇ ਤਾਏ ਮਤਲਬ ਦੇ।

ਅਕਸਰ ਔਰਤਾਂ ਆਪਣੇ ਸਹੁਰੇ ਘਰ ਵਿੱਚ ਰਹਿੰਦਿਆਂ ਵੀ ਪੇਕਿਆਂ ਦੀ ਸੁੱਖ ਸਾਂਦ ਮੰਗਦੀਆਂ ਰਹਿੰਦੀਆਂ ਹਨ। ਔਰਤਾਂ ਹਮੇਸ਼ਾ ਚਾਹੁੰਦੀਆਂ ਹਨ ਕਿ ਉਹਨਾਂ ਦਾ ਪੇਕਿਆਂ ਦਾ ਘਰ ਵਸਦਾ ਰਹੇ। ਜਿਹੜੇ ਘਰ ਵਿੱਚ ਔਰਤ ਦਾ ਜਨਮ ਹੋਇਆ ਹੁੰਦਾ ਹੈ ਅਤੇ ਬਚਪਣ ਬੀਤਿਆ ਹੁੰਦਾ ਹੈ ਤੇ ਜਵਾਨੀ ਚੜ੍ਹੀ ਹੁੰਦੀ ਹੈ। ਉਸੇ ਘਰ ਨੂੰ ਵਿਆਹ ਤੋਂ ਬਾਅਦ ਹਰ ਔਰਤ ਨੂੰ ਛੱਡਣਾ ਪੈਂਦਾ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਘਰ ਨੂੰਹ ਨੇ ਸਾਂਭ ਲਿਆ, ਧੀ ਤੁਰ ਗਈ ਝਾੜ ਕੇ ਪੱਲੇ। ਪੇਕਿਆਂ ਦੀ ਯਾਦ ਹਰ ਔਰਤ ਨੂੰ ਸਾਰੀ ਉਮਰ ਆਉਂਦੀ ਰਹਿੰਦੀ ਹੈ। ਹਰ ਔਰਤ ਆਨੀ ਬਹਾਨੀ ਆਪਣੇ ਪੇਕਿਆਂ ਨੂੰ ਫੋਨ ਕਰਕੇ ਉਹਨਾਂ ਦੀ ਸੁਖ ਸਾਂਦ ਪੁੱਛਦੀ ਰਹਿੰਦੀ ਹੈ। ਹਰ ਔਰਤ ਆਪਣੇ ਬੱਚਿਆਂ ਤੋਂ ਵੱਧ ਆਪਣੇ ਭਤੀਜੇ ਭਤੀਜੀਆਂ ਨੂੰ ਪਿਆਰ ਕਰਦੀ ਹੈ।

ਅਕਸਰ ਔਰਤਾਂ ਆਪਣੇ ਪੇਕਿਆਂ ਦੇ ਪਿੰਡ/ਸ਼ਹਿਰ 'ਚ ਲੱਗੇ ਦਰਖ਼ਤਾਂ ਨੂੰ ਵੀ ਯਾਦ ਕਰਦੀਆਂ ਰਹਿੰਦੀਆਂ ਹਨ। ਅਕਸਰ ਔਰਤਾਂ ਸਹੁਰੇ ਘਰ ਬੈਠੀਆਂ ਕਹਿੰਦੀਆਂ ਹਨ-

ਪੇਕੇ ਪਿੰਡ ਦਿਆ ਪਿੱਪਲਾ,<br>
ਪੌਣਾਂ ਹੱਥ ਸੁਨੇਹਾ ਦੇ ਦੇਈਂ ਵੇ।

ਹਰ ਨਵਵਿਆਹੁਤਾ ਮੁਟਿਆਰ ਨੂੰ ਤੀਆਂ ਮੌਕੇ ਪੇਕੇ ਜਾਣ ਦਾ ਬਹੁਤ ਚਾਅ ਹੁੰਦਾ ਹੈ। ਜੇ ਕਿਸੇ ਮੁਟਿਆਰ ਦਾ ਭਰਾ ਤੀਆਂ ਮੌਕੇ ਉਸ ਨੂੰ ਲੈਣ ਨਾ ਆਏ ਤਾਂ ਅਕਸਰ ਸੱਸ ਨਿਹੋਰੇ ਮਾਰਦੀ ਹੈ

ਤੈਨੂੰ ਤੀਆਂ 'ਤੇ ਲੈਣ ਨਾ ਆਏ,<br>
ਨੀ ਬਹੁਤੇ ਭਰਾਵਾਂ ਵਾਲੀਏ

ਜਦੋਂ ਵੀਰ ਆਪਣੀ ਭੈਣ ਦੇ ਘਰ ਪਹੁੰਚਦਾ ਹੈ ਤਾਂ ਭੈਣ ਚਾਹੁੰਦੀ ਹੈ ਕਿ ਉਸਦੀ ਪੂਰੀ ਆਓ ਭਗਤ ਕੀਤੀ ਜਾਵੇ। ਅਕਸਰ ਉਹ ਆਪਣੀ ਸੱਸ ਨੂੰ ਕਹਿੰਦੀ ਹੈ ਕਿ ਸੱਸੇ ਤੇਰੀ ਮਹਿੰ ਮਰ ਜਾਵੇ, ਮੇਰੇ ਵੀਰ ਨੂੰ ਸੁੱਕੀ ਖੰਡ ਪਾਈ।

ਹਰ ਔਰਤ ਆਪਣੇ ਜਨਮ ਤੋਂ ਲੈ ਕੇ ਮੌਤ ਤਕ ਆਪਣੇ ਪੇਕਿਆਂ ਦੀ ਸੁੱਖ ਮੰਗਦੀ ਹੈ ਅਤੇ ਪੇਕਾ ਘਰ ਉਸਦੇ ਦਿਲ ਵਿੱਚ ਹਮੇਸ਼ਾ ਵਸਦਾ ਰਹਿੰਦਾ ਹੈ।



ਪੂਰੇ ਪੈਂਤੀ ਸਾਲ ਹੋ ਗਏ ਸਨ ਬਦਨ ਸਿੰਘ ਨੂੰ ਆਸਟਰੀਆ ਆਏ ਹੋਏ। ਪ੍ਰਵਾਸ ਭੋਗਦਿਆਂ ਬੜੀਆਂ ਠੰਢੀਆਂ-ਤੱਤੀਆਂ ਹਵਾਵਾਂ ਪਿੰਡੇ 'ਤੇ ਵਗੀਆਂ। ਪਰ ਉਹ ਚੜ੍ਹਦੀ ਕਲਾ ਵਿੱਚ ਹੀ ਰਿਹਾ। ਕਿਸੇ ਪੱਖੋਂ ਗ਼ਿਲਾ ਨਾ ਕੀਤਾ। ਚੰਗੇ-ਮੰਦੇ, ਭਾਰੇ ਕੰਮ ਵੀ ਕੀਤੇ। ਗੋਰਿਆਂ ਦੇ ਛੋਕਰਿਆਂ ਦੀਆਂ ਢੁੱਚਰਾਂ ਸਹੀਆਂ। ਪਰ ਬਦਨ ਸਿੰਘ ਪਰਬਤ ਵਾਂਗ ਅਡੋਲ ਰਿਹਾ ਅਤੇ ਫ਼ੌਲਾਦ ਵਾਂਗ ਅਟੁੱਟ! ਸਿਰੜੀ ਸਾਧੂ ਵਾਂਗ ਪੈਂਤੀ ਸਾਲ ਤਪੱਸਿਆ ਹੀ ਕੀਤੀ ਸੀ। ਹਲਾਲ-ਹੱਕ ਦੀ ਕਮਾਈ ਦੀ ਤਪੱਸਿਆ! ਮਾੜੇ ਜਾਂ ਮਜ਼ਬੂਰ ਬੰਦੇ ਦੇ ਕੰਮ ਆਉਣਾ ਬਦਨ ਸਿੰਘ ਦੀ ਇੱਕ ਤਰ੍ਹਾਂ ਦੀ ਫ਼ਿਤਰਤ ਸੀ। ਕਿਸੇ ਦਾ ਦੁੱਖ ਉਹ ਝੱਲ ਨਹੀਂ ਸਕਦਾ ਸੀ। ਜਿੰਨੀ ਜੋਕਰਾ ਹੁੰਦਾ, ਵੱਧ ਚੜ੍ਹ ਕੇ ਮੱਦਦ ਕਰਦਾ। ਨੇਕ ਨੀਅਤ ਨੂੰ ਵੀ ਕਾਹਦੇ ਘਾਟੇ? ਪਰਮਾਤਮਾ ਨੇ ਵੀ ਉਸ ਨੂੰ ਸਾਰਾ ਕੁਝ ਬਖ਼ਸ਼ ਦਿੱਤਾ ਸੀ। ਆਸਟਰੀਆ ਵਿੱਚ ਖੁੱਲ੍ਹਾ-ਡੁੱਲ੍ਹਾ ਘਰ, ਧਨ-ਦੌਲਤ ਅਤੇ ਚਾਰ ਪੁੱਤਰ! ਬਦਨ ਸਿੰਘ ਦਰਵੇਸ਼ ਬੰਦਾ ਸੀ। ਰੱਬ ਦੀ ਰਜ਼ਾ ਵਿੱਚ ਰਾਜ਼ੀ ਰਹਿਣ ਵਾਲਾ ਦਿਆਲੂ ਪੁਰਸ਼। ਹੁਣ ਪਿਛਲੇ ਸਾਲ ਪੈਨਸ਼ਨ 'ਤੇ ਹੋਇਆ ਸੀ।

ਜਿਸ ਦਿਨ ਹਰਪ੍ਰੀਤ ਦੀ ਮੌਤ ਹੋਈ ਤਾਂ ਬਦਨ ਸਿੰਘ ਨਦੀ ਕਿਨਾਰੇ ਖੜ੍ਹੇ ਰੁੱਖ ਵਾਂਗ ਜੜ੍ਹੋਂ ਹੀ ਪੱਟਿਆ ਗਿਆ। ਉਹ ਹਰਪ੍ਰੀਤ ਨੂੰ ਆਪਣੇ ਸਕੇ ਪੁੱਤਰਾਂ ਤੋਂ ਵੱਧ ਪਿਆਰ ਕਰਦਾ ਸੀ। ਹਰਪ੍ਰੀਤ, ਬਦਨ ਸਿੰਘ ਦੇ ਛੋਟੇ ਭਰਾ ਅਤੇ ਸਾਲੀ ਦਾ ਪੁੱਤ ਸੀ। ਸਕੀ ਸਾਲੀ ਦਿਲਜੀਤ ਦਾ ਰਿਸ਼ਤਾ ਉਹ ਆਪ ਆਪਣੇ ਸਕੇ ਭਰਾ ਦਿਲਬਾਗ ਲਈ ਲੈ ਕੇ ਆਇਆ ਸੀ। ਬਦਨ ਸਿੰਘ ਦੀ ਮਾਂ ਅੜਬ ਸੀ। ਨਿੱਕੀ-ਨਿੱਕੀ ਗੱਲ 'ਤੇ ਨਿਘੋਚਾਂ ਕੱਢਣ ਵਾਲੀ ਅੜੀਖੋਰ ਔਰਤ! ਮਾੜੀ-ਮਾੜੀ ਗੱਲ 'ਤੇ ਘੜਮੱਸ ਪਾਉਣ ਵਾਲੀ ਸੱਸ!

ਪੂਰਾ ਇੱਕ ਸਾਲ ਦਿਲਜੀਤ ਨੂੰ ਕੋਈ ਬੱਚਾ-ਬੱਚੀ ਨਾ ਹੋਇਆ। ਸੱਸ ਨੇ ਫਿਰ ਪੜਛੱਤੀ ਸਿਰ 'ਤੇ ਚੁੱਕ ਲਈ।

-"ਇਹ ਤਾਂ ਫੰਡਰ ਮੱਝ ਐ!"

ਦਿਲਜੀਤ ਨੇ ਤਰ੍ਹਾਂ-ਤਰ੍ਹਾਂ ਦੇ ਡਾਕਟਰਾਂ ਕੋਲ ਗੇੜੇ ਕੱਢੇ। ਸਬਜ਼ਬਾਗ ਦਿਖਾਉਣ ਵਾਲੇ 'ਬਾਬਿਆਂ' ਦੇ ਚਰਨ ਪਰਸੇ, ਘਰ ਲੁਟਾਇਆ, ਪਰ ਗੱਲ ਨਾ ਬਣੀ। ਇੱਕ ਈਮਾਨਦਾਰ ਲੇਡੀ-ਡਾਕਟਰ ਨੇ ਚੈੱਕ-ਅੱਪ ਤੋਂ ਬਾਅਦ ਦਿਲਜੀਤ ਨੂੰ ਹਨ੍ਹੇਰੇ ਵਿੱਚ ਰੱਖਣਾ ਪਾਪ ਸਮਝਿਆ। ਉਸ ਨੇ ਦਿਲਜੀਤ ਨੂੰ ਸਿੱਧੀ ਗੱਲ ਹੀ ਦੱਸ ਦਿੱਤੀ।

-"ਤੁਹਾਡੇ ਵਿਚ ਕੋਈ ਨੁਕਸ ਨਹੀਂ-ਤੁਹਾਡੇ ਹਸਬੈਂਡ ਬੱਚਾ ਪੈਦਾ ਕਰਨ ਦੇ ਕਾਬਿਲ ਨਹੀਂ ਹਨ!" ਸੱਸ ਦੀ ਸਤਾਈ ਦਿਲਜੀਤ ਬੇਹੋਸ਼ ਹੋ ਗਈ। ਲੇਡੀ-ਡਾਕਟਰ ਨੇ ਕੋਸ਼ਿਸ਼ਾਂ ਕਰ ਕੇ ਉਸ ਨੂੰ ਹੋਸ਼ ਵਿੱਚ ਲਿਆਂਦਾ ਅਤੇ ਸਲਾਹ ਦਿੱਤੀ।

-"ਤੁਸੀਂ ਰਿਲੈਕਸ ਹੋਣ ਲਈ ਮਹੀਨਾ ਖੰਡ ਇੰਡੀਆ ਚਲੇ ਜਾਓ।" ਤੇ ਲੇਡੀ-ਡਾਕਟਰ ਦੀ ਸਲਾਹ 'ਤੇ ਦਿਲਜੀਤ ਮਹੀਨੇ ਲਈ ਇੰਡੀਆ ਆ ਗਈ। ਪਰ ਸਾਧਾਂ-ਸੰਤਾਂ ਦਾ ਖਹਿੜਾ ਉਸ ਨੇ ਫਿਰ ਵੀ ਨਾ ਛੱਡਿਆ। ਦੁੱਧ ਦਾ ਡੋਲੂ ਲੈ ਕੇ ਉਹ ਦੈੜਾਂ ਵਾਲੇ ਸਾਧ ਕੋਲ ਚਲੀ ਗਈ। ਦੈੜਾਂ ਵਾਲਾ ਸਾਧ ਸਿੱਧਾ ਅਤੇ ਸਪੱਸ਼ਟ ਬੰਦਾ ਸੀ।

-"ਕੀ ਅਚਾ ਐ, ਬੀਬੀ?" ਸਾਧ ਨੇ ਇਕਾਂਤ ਵਿੱਚ ਦਿਲਜੀਤ ਨੂੰ ਪੁੱਛਿਆ।

-"ਬਾਬਾ ਜੀ-ਇੱਕ ਸਾਲ ਤੋਂ ਉੱਪਰ ਹੋ ਗਿਆ ਵਿਆਹ ਹੋਏ ਨੂੰ-ਕੋਈ ਬੱਚਾ ਨਹੀਂ ਹੋਇਆ।" ਉਸ ਨੇ ਦੁੱਧ ਦਾ ਡੋਲੂ ਸਾਧ ਅੱਗੇ ਧੱਕਦਿਆਂ ਕਿਹਾ।

-"ਇਹ ਦੁੱਧ ਬੀਬੀ ਮੇਰੇ ਕਿਸੇ ਕੰਮ ਨਹੀਂ-ਇਹ ਆਬਦੇ ਪਤੀ ਪ੍ਰਮੇਸ਼ਰ ਨੂੰ ਪਿਆ-ਜੇ ਪਤੀ ਪ੍ਰਮੇਸ਼ਰ 'ਚ ਕਣ ਕੰਡਾ ਨਹੀਂ-ਕਿਸੇ ਦਿਉਰ ਜੇਠ ਨੂੰ ਪਿਆ-ਤੇ ਜੇ ਦਿਉਰ ਜੇਠ ਵੀ ਡੱਕੇ ਭੰਨੀਂ ਬੈਠੇ ਐ ਤਾਂ ਕਿਸੇ ਗੁਆਂਢੀ ਨੂੰ ਪਿਆ-ਸਾਧਾਂ ਦੇ ਡੇਰਿਆਂ ਤੋਂ ਤੈਨੂੰ ਪੁੱਤ ਨਹੀਂ ਮਿਲਣੇ-ਸਾਧ ਤਾਂ ਆਪ ਖਾਖੀ ਨੰਗ ਹੁੰਦੇ ਐ! ਗੱਲਾਂ ਨਾਲ ਪੂੜੇ ਨਹੀਂ ਪੱਕਦੇ, ਬੀਬੀ! ਜੇ ਕਿਸੇ ਪਾਸੇ ਨੂੰ ਤੁਰੇਂਗੀ ਤਾਂ ਈ ਕਿਸੇ ਪਾਸੇ ਲੱਗੇਂਗੀ-ਡੇਰਿਆਂ ਦਾ ਛੱਡ ਖਹਿੜਾ ਤੇ ਕੋਈ ਹੱਥ-ਪੱਲਾ ਹਿਲਾ-ਮੇਜ਼ 'ਤੇ ਪਿਆ ਸਾਜ਼ ਆਪਣੇ ਆਪ ਨਹੀਂ ਵੱਜਦਾ-ਸੰਗੀਤ ਦਾ ਰਸ ਲੈਣਾ ਹੋਵੇ ਤਾਂ ਹਰਮੋਨੀਅਮ ਦੀਆਂ ਸੁੱਚਾਂ ਦੱਬਣੀਆਂ ਪੈਂਦੀਐਂ! ਮੁੜ ਕੇ ਕਿਸੇ ਦੇ ਡੇਰੇ ਨਾ ਜਾਈਂ-ਔਲਾਦ ਦਾ ਹੱਲ ਤੈਨੂੰ ਆਪ ਲੱਭਣਾ ਪੈਣੈਂ! ਦਿਰੜ੍ਹ ਇਰਾਦੇ ਨਾਲ ਕੋਈ ਤੂੰਬਾ ਸੁਰ ਕਰ ਤੇ ਦੇਖ ਫੇਰ ਅਗਲੀ ਲੋਹੜੀ ਕਿਵੇਂ ਰੰਗੀਨ ਹੁੰਦੀ ਐ-ਜੇ ਥੁੱਕੀਂ ਵੜੇ ਪਕਾਉਣੇ ਐਂ-ਤੇਰੀ ਮਰਜ਼ੀ ਐ!"

# ਕਹਾਣੀ

ਕਿਸ਼ਤ-1

# ਬੁੱਢੇ ਦਰਿਆ ਦੀ ਜੂਹ

ਸ਼ਿਵਚਰਨ ਜੱਗੀ ਕੁੱਸਾ





ਦਿਲਜੀਤ ਨੇ ਦੁੱਧ ਦਾ ਡੋਲੂ ਨੇੜੇ ਕਰ ਲਿਆ।

-"ਇੱਕ ਗੱਲ ਯਾਦ ਰੱਖੀਂ, ਬੀਬੀ! ਖੇਤ ਵਿੱਚ ਰੇਹ ਨਾ ਪਾਈਏ ਤਾਂ ਉਪਜਾਊ ਜ਼ਮੀਨ ਵੀ ਬੰਜਰ ਹੋ ਜਾਂਦੀ ਐ-ਛੱਲੀਆਂ ਚੱਬਣੀਆਂ ਹੋਣ ਤਾਂ ਮੱਕੀ ਦਾ ਛਿੱਟਾ ਦੇਣਾ ਪੈਂਦੈ-ਕੁੱਖ ਹਰੀ ਕਰਨੀ ਐਂ ਤਾਂ ਕੋਈ ਠੋਰਾ ਲੱਭ-ਤੇ ਨਹੀਂ ਘਰੇ ਬੈਠ ਕੇ ਰਾਮ ਰਾਮ ਕਰ-ਬਾਕੀ ਤੂੰ ਆਪ ਸਿਆਣੀ ਐਂ!" ਸਾਧ ਨੇ ਸਿੱਧੀਆਂ ਅਤੇ ਅਸਿੱਧੀਆਂ ਸਪੱਸ਼ਟ ਸੁਣਾ ਦਿੱਤੀਆਂ ਅਤੇ ਦਿਲਜੀਤ ਦੁੱਧ ਦਾ ਡੋਲੂ ਲੈ ਕੇ ਪਰਤ ਆਈ।

ਪੂਰੇ ਇੱਕ ਸਾਲ ਬਾਅਦ ਦਿਲਜੀਤ ਦੇ ਘਰ ਹਰਪ੍ਰੀਤ ਹੋਇਆ। ਗਲੋਟੇ ਵਰਗਾ ਮੁੰਡਾ! ਘਰ ਵਿੱਚ ਖੁਸ਼ੀ ਖਿੜ ਪਈ। ਸੁੱਕਦੀਆਂ ਕਰੂੰਬਲਾਂ ਹਰੀਆਂ ਹੋ ਗਈਆਂ। ਖੁੱਲ੍ਹੀ ਪਾਰਟੀ ਕੀਤੀ ਗਈ।

ਕੁਦਰਤ ਰੱਬ ਦੀ, ਛੇ ਕੁ ਮਹੀਨਿਆਂ ਪਿੱਛੋਂ ਹੀ ਦਿਲਜੀਤ ਦੇ ਘਰ ਵਾਲਾ ਦਿਲਬਾਗ ਅਧਰੰਗ ਦੇ ਅਟੈਕ ਨਾਲ ਕੁਝ ਦਿਨਾਂ ਵਿਚ ਹੀ 'ਚੜ੍ਹਾਈ' ਕਰ ਗਿਆ। ਅਧਰੰਗ ਦਾ ਅਟੈਕ ਖੱਬੇ ਪਾਸੇ ਹੋਇਆ ਸੀ। ਜਿਸ ਕਰਕੇ ਕੋਈ ਬਹੁਤੀ ਚਾਰਾਜੋਈ ਨਾ ਹੋ ਸਕੀ। ਸੱਸ ਨੇ ਦਿਲਜੀਤ ਨੂੰ ਕਾਲੇ ਮੂੰਹ ਵਾਲੀ ਗਰਦਾਨਣਾ ਸ਼ੁਰੂ ਕਰ ਦਿੱਤਾ। ਹਰਪ੍ਰੀਤ ਹੋਣ ਤੋਂ ਬਾਅਦ ਦਿਲਜੀਤ ਵੀ ਸੱਸ ਅੱਗੇ ਮੂੰਹ ਖੋਲ੍ਹਣ ਲੱਗ ਪਈ ਸੀ।

ਇੱਕ ਦਿਨ ਐਸਾ ਯੁੱਧ ਸੱਸ-ਨੂੰਹ ਵਿੱਚ ਛਿੜਿਆ ਕਿ ਸੱਸ ਬਸੰਤ ਕੌਰ ਆਪਣਾ ਕੱਪੜਾ-ਲੱਤਾ ਚੁੱਕ ਕੇ ਇੰਡੀਆ ਤੁਰ ਗਈ ਅਤੇ ਮਰਨ ਤੱਕ ਵਾਪਿਸ ਨਾ ਆਈ। ਦਿਲਜੀਤ ਅਤੇ ਹਰਪ੍ਰੀਤ ਦੀ ਜ਼ਿੰਮੇਵਾਰੀ ਬਦਨ ਸਿੰਘ 'ਤੇ ਆ ਗਈ। ਉਸ ਨੇ ਸਾਲੀ ਨੂੰ ਆਪਣੇ ਸਾਹਮਣੇ ਹੀ ਇੱਕ ਗੁਜ਼ਾਰੇ ਜੋਕਰਾ ਮਕਾਨ ਲੈ ਕੇ ਦੇ ਦਿੱਤਾ।

ਜਦ ਹਰਪ੍ਰੀਤ ਹੋਇਆ ਸੀ ਤਾਂ ਬਦਨ ਸਿੰਘ ਤੋਂ ਚਾਅ ਨਹੀਂ ਚੁੱਕਿਆ ਜਾਂਦਾ ਸੀ।

-"ਛੋਟੇ ਭਾਈ ਦੀ ਜੜ੍ਹ ਵਧੀ ਐ।" ਪ੍ਰੀਤ ਦਾ ਕਮਰਾ ਉਸ ਨੇ ਖਿਡੌਣਿਆਂ ਨਾਲ ਭਰ ਦਿੱਤਾ ਸੀ। ਉਹ ਹਰਪ੍ਰੀਤ ਨੂੰ 'ਪ੍ਰੀਤ' ਹੀ ਆਖਦਾ। ਜਦ ਪ੍ਰੀਤ ਦੀ ਡਾਕਟਰੀ ਹੋਣੀ ਹੁੰਦੀ ਤਾਂ ਬਦਨ ਸਿੰਘ ਆਪਣੀ ਕਾਰ ਲੈ ਕੇ ਹਰ ਮਹੀਨੇ ਉਸ ਦੀ ਚੈੱਕ-ਅੱਪ ਕਰਵਾ ਕੇ ਲਿਆਉਂਦਾ। ਨਵੇਂ-ਨਵੇਂ ਕੱਪੜੇ ਖਰੀਦ ਕੇ ਦਿੰਦਾ। ਉਸ ਦੀ ਦੁਆਈ-ਬੂਟੀ, ਖਾਣੇ ਅਤੇ ਸਿਹਤ ਦਾ ਖਿਆਲ ਰੱਖਦਾ। ਉਸ ਦੇ ਘਰ ਵਾਲੀ ਮਲਕੀਤ ਕੌਰ ਅਤੇ ਜੁਆਕ ਉਸ ਨੂੰ ਨੱਕ-ਬੁੱਲ੍ਹ ਕੱਢਦੇ ਰਹਿੰਦੇ। ਉਹ ਕਿਸੇ ਦੀ ਕੋਈ ਪ੍ਰਵਾਹ ਨਾ ਕਰਦਾ।

-"ਇਹਦੇ ਨਾਲ ਤਾਂ ਮੇਰਾ ਧੁਰ ਦਰਗਾਹੋਂ ਪ੍ਰੇਮ ਐਂ।" ਉਹ ਆਖਦਾ, "ਇਹਨੂੰ ਪਿਉ ਨਹੀਂ ਯਾਦ ਆਉਣ ਦੇਣਾ।"

ਮਲਕੀਤ ਕੌਰ ਅਤੇ ਦਿਲਜੀਤ ਦੀ ਪੇਕਿਆਂ ਤੋਂ ਹੀ ਘੱਟ ਬਣਦੀ ਸੀ। ਚਾਹੇ ਉਹ ਸਕੀਆਂ ਭੈਣਾਂ ਸਨ। ਇੱਕੋ ਮਾਂ ਦੀਆਂ ਜਾਈਆਂ ਹੋਈਆਂ। ਪਰ ਮਲਕੀਤ ਕੌਰ ਦੇ ਅੜਬ ਸੁਭਾਅ ਨੇ ਨਰਮ-ਦਿਲ ਦਿਲਜੀਤ ਨੂੰ ਕਦੇ ਸਿੱਧੇ ਮੂੰਹ ਨਾਲ ਨਹੀਂ ਬੁਲਾਇਆ ਸੀ। ਦਿਲਜੀਤ ਦਾ ਰਿਸ਼ਤਾ ਵੀ ਬਦਨ ਸਿੰਘ ਆਪਣੇ ਬਿਰਧ ਸਹੁਰੇ ਦੇ ਕਹਿਣ 'ਤੇ ਲੈ ਆਇਆ ਸੀ। ਮਲਕੀਤ ਕੌਰ ਨੇ ਕੋਈ ਦਿਲਚਸਪੀ ਨਹੀਂ ਦਿਖਾਈ ਸੀ। ਵਿਆਹ ਵਿੱਚ ਉਹ ਲੱਕੜ ਦੀ ਲੱਕੜ ਬਣੀ ਰਹੀ ਸੀ। ਇੱਕ ਸੌਂਕਣ ਵਾਂਗ!

ਜਦ ਪ੍ਰੀਤ ਕੁਝ ਵੱਡਾ ਹੋਇਆ ਤਾਂ ਬਦਨ ਸਿੰਘ ਉਸ ਨੂੰ ਵਕਤ 'ਚੋਂ ਵਕਤ ਕੱਢ ਕੇ ਪਾਰਕ ਵਿੱਚ ਫ਼ੇਰਾ ਮਾਰਨ ਲੈ ਜਾਂਦਾ। ਆਈਸ-ਕਰੀਮ ਅਤੇ ਫ਼ਰੂਟੀ ਖਰੀਦ ਕੇ ਦਿੰਦਾ। ਘਰੇ ਆ ਕੇ ਕਾਰਪੈੱਟ 'ਤੇ ਘੋੜਾ ਬਣ ਕੇ ਝੂਟੇ ਦਿੰਦਾ ਅਤੇ ਫਿਰ ਮਰਸਡੀਜ਼ ਕਾਰ ਵਿੱਚ ਬਿਠਾ ਕੇ ਸਾਰੇ ਸ਼ਹਿਰ ਵਿੱਚ ਗੇੜਾ ਦਿਵਾਉਂਦਾ। ਭਲਵਾਨੀ ਗੇੜਾ!

-"ਮੈਨੂੰ ਇੱਕ ਯੂਰੋ ਦਿਓ!" ਪ੍ਰੀਤ ਆਖਦਾ।

-"ਪਹਿਲਾਂ ਡੈਡੀ ਆਖ!"

"ਡੈਡੀ" ਕਹਿਣ 'ਤੇ ਬਦਨ ਸਿੰਘ ਕੋਲੋਂ ਪ੍ਰੀਤ ਨੂੰ ਇੱਕ ਯੂਰੋ ਮਿਲ ਜਾਂਦਾ। ਦੋਨੋਂ ਖੁਸ਼ ਰਹਿੰਦੇ। ਹੱਸਦੇ-ਖੇਡਦੇ।

-"ਆਬਦਿਆਂ ਬਾਰੇ ਵੀ ਕੁਛ ਸੋਚ ਲਿਆ ਕਰ-ਉਹਦੀਆਂ ਕੋਕੋ ਜੀ ਦੀਆਂ ਲਾਲ੍ਹਾਂ ਚੱਟੀ ਜਾਂਦਾ ਰਹਿੰਨੈਂ-ਤੇਰੇ ਆਬਦੇ ਜੁਆਕ ਖਿਝਦੇ ਐ!" ਮਲਕੀਤ ਕੌਰ ਠ੍ਹੋਕਰਦੀ। ਪਰ ਬਦਨ ਸਿੰਘ ਮਸਤ ਰਹਿੰਦਾ। ਪਤਾ ਨਹੀਂ ਕਿਹੜੀ ਚੀਜ਼ ਦਾ ਉਸ ਨੂੰ ਚਾਅ, ਨਸ਼ਾ ਚੜ੍ਹਿਆ ਰਹਿੰਦਾ? ਉਹ ਮਲਕੀਤ ਕੌਰ ਦੀਆਂ ਗਾਲ੍ਹਾਂ ਸੁਣ ਕੇ ਵੀ ਹੱਸ ਛੱਡਦਾ। ਆਪਣੇ ਘਰ ਜਾਂ ਦਿਲਜੀਤ ਵੱਲ, ਪਰ ਰੋਟੀ ਉਹ ਪ੍ਰੀਤ ਨਾਲ ਹੀ ਖਾਂਦਾ।

-"ਪਤਾ ਨਹੀਂ ਤੇਰੇ ਨਾਲ ਮੇਰਾ ਐਨਾ ਮੋਹ ਕਿਉਂ ਐਂ?" ਕਦੇ-ਕਦੇ ਉਹ ਪ੍ਰੀਤ ਨੂੰ ਮੋਢਿਆਂ 'ਤੇ ਬਿਠਾਉਂਦਾ ਕਹਿੰਦਾ।

-"ਦਿਲਾਂ ਦਾ ਅੰਤ ਕਿਸੇ ਨੇ ਨਹੀਂ ਪਾਇਆ।" ਦਿਲਜੀਤ ਮੋੜਾ ਦਿੰਦੀ।

-"ਰੱਬ ਦੇ ਰੰਗ ਨਿਆਰੇ ਐ-ਪਿਉ ਖੋਹ ਲਿਆ-ਤਾਇਆ ਅੱਗੇ ਕਰਤਾ।"

-"ਤਾਇਆ ਕਹਿਲਾ-ਚਾਹੇ ਮਾਸੜ ਆਖ ਲੈ।"

-"ਕਿਉਂ ਉਏ ਲੁੱਚਿਆ...! ਤੂੰ ਮੈਨੂੰ ਤਾਇਆ ਕਹੇਂਗਾ ਕਿ ਮਾਸੜ ਆਖੇਂਗਾ...?" ਬਦਨ ਸਿੰਘ ਨੇ ਪ੍ਰੀਤ ਦੇ ਮੋਹ ਦੀ ਚਪੇੜ ਜਿਹੀ ਮਾਰੀ।

-"ਮੈਂ ਤਾਂ ਡੈਡੀ ਕਹੂੰਗਾ...!" ਪ੍ਰੀਤ ਨੇ ਮਾਸੂਮੀਅਤ ਨਾਲ ਬੜੇ ਮਜਾਜ਼ ਨਾਲ ਉੱਤਰ ਦਿੱਤਾ।

-"ਉਏ ਬੱਲੇ ਉਏ ਸ਼ੇਰ ਬੱਗਿਆ...! ਕਿਲੋ ਖ਼ੂਨ ਵਧਾ ਦਿੱਤਾ ਗੱਲ ਕਰਕੇ-ਤੇਰੀ ਮਾਂ ਤਾਂ ਘੋਗੜ ਈ ਐ-ਪਰ ਤੂੰ ਐਂ ਮੇਰਾ ਉੱਡਣਾ ਕਬੂਤਰ!"

-"ਡੈਡੀ! ਘੋਗੜ ਕੀ ਹੁੰਦੈ...?"

-"ਤੇਰੀ ਤਾਈ ਮਲਕੀਤ ਕੁਰ ਅਰਗਾ ਹੁੰਦੈ।"

ਸਾਰੇ ਹੱਸ ਪਏ।

ਪ੍ਰੀਤ ਨੂੰ ਨਰਸਰੀ ਵਿੱਚ ਦਾਖਲਾ ਮਿਲਿਆ ਤਾਂ ਬਦਨ ਸਿੰਘ ਨੇ ਪਟੜੀਫੇਰ ਮਿੱਤਰਾਂ ਨੂੰ ਪਾਰਟੀ ਦਿੱਤੀ। ਦੁਪਿਹਰੇ ਸਪੈਸ਼ਲ ਤੌਰ 'ਤੇ ਉਸ ਨੂੰ ਲੈ ਕੇ ਆਉਂਦਾ। ਉਸ ਦਾ ਮੂੰਹ ਧੋਂਦਾ, ਬੂਟ ਪਾਲਿਸ਼ ਕਰਦਾ। ਮਲਕੀਤ ਕੌਰ ਉਸ ਨੂੰ 'ਕਮਲਾ' ਆਖਦੀ।

ਸਮਾਂ ਪਾ ਕੇ ਪ੍ਰੀਤ ਸਕੂਲ ਜਾਣ ਲੱਗਾ ਤਾਂ ਬਦਨ ਸਿੰਘ ਨੇ ਉਸ ਨੂੰ ਕੰਪਿਊਟਰ ਲੈ ਦਿੱਤਾ। ਜਿਸ ਦੀ ਅਜੇ ਉਸ ਨੂੰ ਕੋਈ ਲੋੜ ਹੀ ਨਹੀਂ ਸੀ। ਵੱਖੋ-ਵੱਖਰੀਆਂ ਕੰਪਿਊਟਰ-ਗੇਮਜ਼ ਲਿਆ ਰੱਖੀਆਂ। ਪ੍ਰੀਤ ਵੀ ਉਸ ਨੂੰ ਹੱਦੋਂ ਵੱਧ ਮੋਹ ਕਰਦਾ ਸੀ। ਉਹ ਬਦਨ ਸਿੰਘ ਨੂੰ 'ਡੈਡੀ' ਹੀ ਆਖਦਾ। ਜਦ ਬਦਨ ਸਿੰਘ ਉਸ ਦੇ ਮੁੱਖੋਂ 'ਡੈਡੀ' ਸੁਣਦਾ ਤਾਂ ਉਸ ਦੇ ਅੰਦਰ ਜਿਵੇਂ ਸ਼ਹਿਦ ਦੀਆਂ ਘੁੱਟਾਂ ਘੁਲ ਜਾਂਦੀਆਂ। ਉਸ ਦੇ ਧਰਤੀ 'ਤੇ ਪੈਰ ਨਾ ਲੱਗਦੇ। ਆਪਣੇ ਚਾਰਾਂ ਮੁੰਡਿਆਂ ਵੱਲੋਂ ਤਾਂ ਬਦਨ ਸਿੰਘ ਇੱਕ ਤਰ੍ਹਾਂ ਨਾਲ ਅਵੇਸਲਾ ਹੀ ਸੀ। ਉਸ ਦੇ 'ਚੜ੍ਹਦੇ ਚੰਦ' ਮੁੰਡੇ ਸਕੂਲ ਵਿੱਚ ਕਿਸੇ ਨਾ ਕਿਸੇ ਨਾਲ ਸਿੰਗੜੀ ਛੇੜੀ ਹੀ ਰੱਖਦੇ। ਸਕੂਲ ਵੱਲੋਂ ਸ਼ਿਕਾਇਤਾਂ ਆਉਂਦੀਆਂ। ਪਰ ਬਦਨ ਸਿੰਘ ਕਦੇ ਸਕੂਲ ਨਾ ਜਾਦਾ। ਉਸ ਦੇ ਬੱਚਿਆਂ ਦੀ ਸਾਰੀ ਜ਼ਿੰਮੇਵਾਰੀ ਮਲਕੀਤ ਕੌਰ ਦੇ ਉੱਪਰ ਹੀ ਸੀ। ਉਹ 'ਹਮਕੋ-ਤੁਮਕੋ' ਕਰ ਮਾਸਟਰਾਂ ਨੂੰ ਭੰਬਲਭੂਸੇ ਵਿੱਚ ਪਾ ਆਉਂਦੀ। ਮਾਸਟਰ ਉਸ ਦੀ ਭਾਸ਼ਾ ਕੁਝ ਸਮਝਦੇ ਅਤੇ ਕੁਝ ਨਾ ਸਮਝਦੇ। ਧੂੜ 'ਚ ਟੱਟੂ ਰਲਿਆ ਰਹਿੰਦਾ।

ਪ੍ਰੀਤ ਪੜ੍ਹਨ ਵਿੱਚ ਪੂਰਾ ਹੁਸ਼ਿਆਰ ਸੀ। ਬਦਨ ਸਿੰਘ ਦੇ ਆਪਣੇ ਮੁੰਡਿਆਂ ਵਾਂਗ 'ਲੋਲ੍ਹਾ' ਨਹੀਂ ਸੀ। ਮੁਢਲੀ ਪੜ੍ਹਾਈ ਪੂਰੀ ਕਰਕੇ ਉਸ ਨੇ ਮੈਡੀਕਲ ਵਿੱਚ ਦਾਖਲਾ ਲੈ ਲਿਆ। ਪੜ੍ਹਾਈ ਦੇ ਨਾਲ-ਨਾਲ ਹੀ ਸ਼ਾਮ ਮੌਕੇ ਉਹ ਡਰਾਈਵਿੰਗ-ਸਕੂਲ ਜਾਂਦਾ। ਕਾਰ ਚਲਾਉਣੀ ਸਿੱਖਦਾ। ਬਦਨ ਸਿੰਘ ਵੱਧ ਚੜ੍ਹ ਕੇ ਮੱਦਦ ਕਰਦਾ। ਘਰ ਵਾਲੀ ਫਿਰ ਖਿਝਦੀ। ਜੁਆਕ ਵੱਢ-ਵੱਢ ਕੇ ਪੈਂਦੇ। ਉਸ ਦੇ ਆਪਣੇ ਮੁੰਡੇ ਰਵਾਇਤੀ ਪੜ੍ਹਾਈ ਕਰਕੇ ਕਿੱਤਿਆਂ 'ਤੇ ਲੱਗ ਗਏ ਸਨ। ਕੋਈ ਟਰੱਕ ਚਲਾਉਣ ਜਾ ਲੱਗਿਆ ਸੀ। ਕੋਈ ਫ਼ੈਕਟਰੀ ਵਿੱਚ ਵੜ ਗਿਆ ਸੀ। ਸਾਰਿਆਂ ਤੋਂ ਵੱਡਾ ਇੱਕ 'ਬੈਂਗਣੀ ਰੰਗੀ' ਅਫ਼ਰੀਕਣ ਨਾਲ ਸ਼ਾਦੀ ਕਰਕੇ ਅਮਰੀਕਾ ਜਾ ਵਸਿਆ ਸੀ। ਇੱਕ ਨੇ ਪਲੰਬਰ ਦਾ ਕੰਮ ਖੋਲ੍ਹ ਲਿਆ ਸੀ। ਬੱਚਿਆਂ ਵਾਲਾ ਰੇੜਕਾ ਬਦਨ ਸਿੰਘ ਵੱਲੋਂ ਹੁਣ ਮੁੱਕ ਗਿਆ ਸੀ। ਉਹ ਪ੍ਰੀਤ ਦੇ ਪ੍ਰੇਮ ਵਿੱਚ ਹੀ ਮਸ਼ਰੂਫ਼ ਸੀ। ਮਲਕੀਤ ਕੌਰ ਨੂੰ ਖਰਚਾ-ਬਰਚਾ ਦੇ ਛੱਡਦਾ। ਇੰਡੀਆ ਜਾਣਾ ਚਾਹੁੰਦੀ ਤਾਂ ਟਿਕਟ ਲੈ ਕੇ ਚੜ੍ਹਾ ਦਿੰਦਾ। ਵਾਪਿਸ ਆਉਣ ਦੀ ਕੋਈ ਤਾਕੀਦ ਨਾ ਕਰਦਾ। ਜਦ ਮਲਕੀਤ ਕੌਰ ਦਾ ਦਿਲ ਭਰ ਜਾਂਦਾ, ਆ ਜਾਂਦੀ।

ਬਦਨ ਸਿੰਘ ਦੀ ਇੱਕ ਤਰ੍ਹਾਂ ਨਾਲ ਪ੍ਰੀਤ ਨਾਲ ਯਾਰੀ ਸੀ। ਉਹ ਖੁੱਲ੍ਹ ਕੇ ਗੱਲਾਂ ਕਰਦੇ। ਕਿਸੇ ਕੋਲੇ ਨਾ ਆਉਂਦੇ, ਨਾ ਜਾਂਦੇ। ਡਰਾਈਵਿੰਗ ਲਾਈਸੈਂਸ ਨਾ ਹੋਣ ਦੇ ਬਾਵਜੂਦ ਵੀ ਬਦਨ ਸਿੰਘ ਪ੍ਰੀਤ ਨੂੰ ਆਪਣੀ ਕਾਰ ਚਲਾਉਣ ਲਈ ਦੇ ਦਿੰਦਾ। ਚਾਹੇ ਉਸ ਨੂੰ ਪਤਾ ਸੀ ਕਿ ਯੂਰਪ ਵਿੱਚ ਬਗੈਰ ਲਾਈਸੈਂਸ ਤੋਂ ਕਾਰ ਚਲਾਉਣੀ ਜ਼ੁਰਮ ਸੀ। ਪਰ ਉਹ ਫਿਰ ਵੀ ਕੋਈ ਪ੍ਰਵਾਹ ਨਹੀਂ ਕਰਦਾ ਸੀ।

-"ਬੱਸ ਐਕਸੀਡੈਂਟ ਨਾ ਕਰੀਂ-ਫੜਿਆ ਗਿਆ ਤਾਂ ਜੁਰਮਾਨਾ ਤਾਰ ਦਿਆਂਗੇ।" ਉਹ ਪ੍ਰੀਤ ਨੂੰ ਮੱਤ ਦਿੰਦਾ।

ਜਦ ਪ੍ਰੀਤ ਨੂੰ ਡਰਾਈਵਿੰਗ ਲਾਈਸੈਂਸ ਮਿਲ ਗਿਆ ਤਾਂ ਬਦਨ ਸਿੰਘ ਨੇ ਉਸ ਨੂੰ ਆਪਣੇ ਨਾਂ 'ਤੇ ਬਿਲਕੁਲ ਨਵੀਂ ਕਾਰ ਲੈ ਦਿੱਤੀ। ਨੰਬਰ ਪਲੇਟ ਲੈ ਕੇ ਦੋਹਾਂ ਨੇ ਸਾਰੇ ਸ਼ਹਿਰ ਦਾ ਭਲਵਾਨੀ ਗੇੜਾ ਕੱਢਿਆ। ਕਾਰ ਪ੍ਰੀਤ ਚਲਾ ਰਿਹਾ ਸੀ। ਬਦਨ ਸਿੰਘ ਨਾਲ ਆਫ਼ਰਿਆ ਬੈਠਾ ਸੀ। ਕਿਸੇ ਗ਼ੈਬੀ-ਅਦੁਤੀ ਖ਼ੁਸ਼ੀ ਵਿੱਚ ਗੜੂੰਚ!

-"ਬੱਸ ਹੌਲੀ, ਧਹੰਮਲ ਨਾਲ ਈ ਚਲਾਉਣੀ ਐਂ-ਜੀਅ ਐ ਤਾਂ ਜਹਾਨ ਐਂ ਸ਼ੇਰਾ-ਇਹਨੇ ਕਰਮਾਂ ਆਲੀ ਨੇ ਤੈਨੂੰ ਇਉਂ ਨਹੀਂ ਕਹਿਣਾ ਬਈ ਮੈਨੂੰ ਹੌਲੀ ਚਲਾ-ਇਹ ਤਾਂ ਰੇਸ ਦੇਵੇਂਗਾ ਤਾਂ ਅੜਬ ਘੋੜੀ ਮਾਂਗੂੰ ਪੂਛ ਚੱਕੂ!"

ਦੋਨੋਂ ਹੱਸ ਪਏ।

-"ਡੈਡੀ ਮੇਰਾ ਕੋਰਸ ਪੂਰਾ ਹੋਣ ਤੋਂ ਬਾਅਦ ਮੈਨੂੰ ਇੱਕ ਸਾਲ ਕਿਸੇ ਬਾਹਰਲੇ ਕੰਟਰੀ ਵਿੱਚ ਪ੍ਰੈਕਟਿਸ ਕਰਨ ਜਾਣਾ ਪੈਣੈਂ।" ਅਚਾਨਕ ਪ੍ਰੀਤ ਨੇ ਕਿਹਾ।

-"ਪਰਾਟੀਸ ਕਰਨ ਆਸਤੇ? ਕਿਉਂ ਕੋਈ ਜਰੂਰੀ ਐ?" ਬਦਨ ਸਿੰਘ ਦਾ ਕਾਲਜਾ ਲੂਹਿਆ ਗਿਆ। ਉਹ ਪ੍ਰੀਤ ਦਾ ਇੱਕ ਪਲ ਦਾ ਵਿਛੋੜਾ ਨਹੀਂ ਜਰ ਸਕਦਾ ਸੀ।

-"ਹਾਂ ਜ਼ਰੂਰੀ ਐ-ਨਹੀਂ ਐਥੇ ਆਸਟਰੀਆ ਵਿੱਚ ਮੈਨੂੰ ਨੌਕਰੀ ਨਹੀਂ ਮਿਲਣੀ-ਇਹ ਕਾਨੂੰਨ ਐਂ!"

-"ਬੜਾ ਕੁੱਤਾ ਕਾਨੂੰਨ ਐਂ ਬਈ!" ਬਦਨ ਸਿੰਘ ਦਾ ਸੁਆਦ ਮਾਰਿਆ ਗਿਆ।

ਉਹਨਾਂ ਗੱਡੀ ਘਰੇ ਆ ਲਾਈ।

ਇੱਕ ਸਾਲ ਲਈ ਪ੍ਰੀਤ ਤਾਮਿਲਨਾਡੂ ਚਲਿਆ ਗਿਆ।

ਬਦਨ ਸਿੰਘ ਅੱਗੇ ਹਨ੍ਹੇਰ ਛਾ ਗਿਆ। ਪ੍ਰੀਤ ਬਦਨ ਸਿੰਘ ਨੂੰ ਹਰ ਰੋਜ਼ ਫ਼ੋਨ ਕਰਦਾ। ਬਦਨ ਸਿੰਘ ਉਸ ਨੂੰ ਫ਼ੋਨ ਕਰਦਾ। ਘੰਟਾ-ਘੰਟਾ ਫ਼ੋਨ 'ਤੇ ਗੱਲਾਂ ਹੁੰਦੀਆਂ ਰਹਿੰਦੀਆਂ।

ਪ੍ਰੀਤ ਬਿਨਾ ਇੱਕ ਤਰ੍ਹਾਂ ਨਾਲ, ਸਾਲ ਭਰ ਬਦਨ ਸਿੰਘ ਦਿਨ ਤੋੜਦਾ ਰਿਹਾ। ਵਿਛੋੜੇ ਵਿੱਚ ਕਲਪਦਾ ਰਿਹਾ। ਸਮਾਂ ਬਿਤਾਉਣ ਲਈ ਉਹ ਗੁਰਦੁਆਰੇ ਚਲਾ ਜਾਦਾ। ਗੁਰਬਾਣੀ ਸਰਵਣ ਕਰਦਾ। ਸੰਗਰਾਂਦ ਵਾਲੇ ਦਿਨ ਪ੍ਰੀਤ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਵਾਉਂਦਾ। ਗੁਰਦੁਆਰੇ ਦੀ ਲਾਇਬਰੇਰੀ ਵਿੱਚ ਬੈਠਾ ਪੰਜਾਬੀ ਦੇ ਅਖਬਾਰ ਫ਼ਰੋਲਦਾ, ਵਕਤ ਨੂੰ ਧੱਕਾ ਦਿੰਦਾ ਰਹਿੰਦਾ। ਰੂਹ ਨਾਲ ਰੋਟੀ ਨਾ ਖਾਂਦਾ। ਜਿਵੇਂ ਉਸ ਨੂੰ ਭੁੱਖ ਹੀ ਲੱਗਣੋਂ ਹਟ ਗਈ ਸੀ। ਉਹ ਅੰਨ੍ਹਿਆਂ ਵਾਂਗ ਔਂਟਲਿਆ ਫਿਰਦਾ।

ਫਿਰ ਜਿਸ ਦਿਨ ਪ੍ਰੀਤ ਨੇ ਤਾਮਿਲਨਾਡੂ ਤੋਂ ਪਰਤਣਾ ਸੀ ਤਾਂ ਬਦਨ ਸਿੰਘ ਸਵੇਰੇ ਸੱਤ ਵਜੇ ਹੀ ਫੁੱਲਾਂ ਦਾ ਵੱਡਾ ਸਾਰਾ ਗੁਲਦਸਤਾ ਲੈ ਕੇ ਸਾਲਜ਼ਬਰਗ ਏਅਰਪੋਰਟ 'ਤੇ ਜਾ ਬੈਠਾ। ਪ੍ਰੀਤ ਨੇ ਅਜੇ ਦੁਪਿਹਰੇ ਗਿਆਰ੍ਹਾਂ ਵੱਜ ਕੇ ਵੀਹ ਮਿੰਟ 'ਤੇ ਉਤਰਨਾ ਸੀ। ਉਹ ਏਅਰਪੋਰਟ ਦੇ ਕੈਬਿਨ ਵਿੱਚ ਖੜ੍ਹਾ ਹਰ ਉਤਰਦੇ ਯਾਤਰੀ ਨੂੰ ਦੇਖਦਾ ਰਿਹਾ ਸੀ।

ਜਦੋਂ ਪ੍ਰੀਤ ਕਸਟਮ ਤੋਂ ਵਿਹਲਾ ਹੋ ਕੇ ਬਾਰ੍ਹਾਂ ਕੁ ਵਜੇ ਬਾਹਰ ਆਇਆ ਤਾਂ ਬਦਨ ਸਿੰਘ ਨੇ ਉਸ ਨੂੰ ਬੱਚਿਆਂ ਵਾਂਗ ਚੁੰਮਣਾ ਸ਼ੁਰੂ ਕਰ ਦਿੱਤਾ। ਲਾਡ ਕੀਤਾ। ਪਰ ਪ੍ਰੀਤ ਕੁਝ ਸ਼ਰਮ ਮਹਿਸੂਸ ਕਰ ਰਿਹਾ ਸੀ।

-"ਮੈਨੂੰ ਈ ਪਤੈ ਕਿਵੇਂ ਦਿਨ ਕੱਟੇ ਐ ਤੇਰੇ ਬਿਨਾ-'ਕੱਠਾ ਜਿਆ ਕਾਹਨੂੰ ਹੋਈ ਜਾਨੈਂ? ਮੱਚੀ ਪਈ ਐ ਮੇਰੀ ਹਿੱਕ-ਠੰਢੀ ਕਰ ਨਾਲ ਲੱਗਕੇ ਇਹਨੂੰ-ਆ ਲੱਗ ਮੇਰੀ ਹਿੱਕ ਨਾਲ!" ਬਦਨ ਸਿੰਘ ਬਾਵਰਿਆਂ ਵਾਂਗ ਫ਼ਿਸ ਪਿਆ। ਪ੍ਰੀਤ ਉਸ ਨੂੰ ਸਾਂਭ ਕੇ ਜਿਹੇ ਬਾਹਰ ਪਾਰਕਿੰਗ ਵਿੱਚ ਲੈ ਗਿਆ।

-"ਤੇਰੇ ਬਿਨਾ ਦਿਲ ਨਹੀਂ ਲੱਗਿਆ ਮੇਰਾ ਅੱਗ ਲੱਗੜਾ-ਜਾਣੀਂਦੀ ਮੈਂ ਤਾਂ ਮਰਨ ਆਲਾ ਹੋ ਗਿਆ।" ਬਦਨ ਸਿੰਘ ਨੇ ਪ੍ਰੀਤ ਨੂੰ ਬੁੱਕਲ ਵਿਚ ਲੈ ਲਿਆ।

-"ਡੈਡੀ ਜੀ-ਜੀਅ ਤਾਂ ਮੇਰਾ ਵੀ ਥੋਡੇ ਬਿਨਾ ਨਹੀਂ ਲੱਗਿਆ।" ਪ੍ਰੀਤ ਨੇ ਕਿਹਾ। ਉਹ ਸੱਚ ਹੀ ਤਾਂ ਆਖ ਰਿਹਾ ਸੀ।

-"ਜੇ ਭਲਾ ਮੈਂ ਮਰ ਗਿਆ-ਫੇਰ ਤੇਰਾ ਜੀਅ ਕਿਵੇਂ ਲੱਗੂ?" ਬਦਨ ਸਿੰਘ ਨੇ ਗੱਲ ਹਾਸੇ ਵਿੱਚ ਪਾ ਕੇ, ਮਾਹੌਲ ਨੂੰ ਕੁਝ ਹਲਕਾ ਬਣਾਉਣਾ ਚਾਹਿਆ।

(ਚਲਦਾ)

# ਮੇਰੀ ਕਲਮ



## ਓਹ ਚੌਥਾ ਥੰਮ੍ਹ



ਵਿਰਕ ਪੁਸ਼ਪਿੰਦਰ

ਸਰਦਾਰ ਚਤੁਰ ਸਿੰਘ ਦੀ ਮੌਤ ਨੂੰ
ਕੈਮਰੇ ਤੇ ਵੀਡੀਓ ਚਲਾ
ਲਾਈਵ ਵਿਖਾਉਂਦਾ
ਪਰਿਵਾਰ ਦੇ ਕੋਲ ਖੜਾ ਵਕੀਲ
ਸਰਦਾਰ ਚਤੁਰ ਸਿੰਘ ਦੀ
ਵਸੀਅਤ ਪੜ੍ਹਦਾ
ਜਿਸ ਨੂੰ ਸੁਣ
ਸਾਰੇ ਪਰਿਵਾਰ ਦੀਆਂ
ਅੱਖਾਂ ਵਿੱਚ ਚਮਕ ਆ ਜਾਂਦੀ
ਘਰ ਵਿੱਚ ਬੰਨ੍ਹੇ ਕੁੱਤੇ ਘੋੜੇ ਤੇ ਮੱਝਾਂ ਵੀ
ਆਪਣੇ ਨਾਮ ਪੰਜ ਤਾਰਾ ਹੋਟਲਾਂ ਦੇ ਨਾਂ ਸੁਣ
ਖੁਰਲੀ ਵਿੱਚ ਤੇਜ਼-ਤੇਜ਼ ਮੂੰਹ ਮਾਰਨ ਲਗਦੇ
ਵਕੀਲ ਸਰਦਾਰ ਚਤੁਰ ਸਿੰਘ ਦੀ
ਅੰਤਿਮ ਇੱਛਾ ਦੱਸਦਾ
ਓਹ ਸੋਨੇ ਦੇ ਰੱਥ ਵਾਲੀ
ਕੋਲ ਖੜੀ ਨੂੰਹ ਦੀ ਭੁੱਬ ਨਿਕਲ ਜਾਂਦੀ
ਵੈਣ ਪਾਉਂਦੀ
ਬਾਪੂ ਜੀ ਤੁਸੀਂ ਪਹਿਲਾਂ ਕਿਉਂ ਨਹੀਂ ਦੱਸਿਆ
ਅਸੀਂ ਆਈਲੈਟਸ ਸੈਂਟਰਾਂ ਉੱਤੇ ਧਾਵਾ ਬੋਲ ਦਿੰਦੇ
ਹਾਏ ਓ ਮੇਰੇ ਡਾਢਿਆ ਰੱਬਾ
ਸਾਰੇ ਟੱਬਰ ਨੂੰ
ਸਰਦਾਰ ਚਤੁਰ ਸਿੰਘ ਦੀ
ਲੋਥ 'ਤੇ ਲਿਪਟਿਆਂ
ਲਾਈਵ ਦੇਖ
ਲੋਕਾਂ ਦੀ ਵੀ ਭੁੱਬ ਨਿਕਲ ਜਾਂਦੀ
ਉਹ ਚੌਥਾ ਥੰਮ੍ਹ
ਆਪਣੇ ਮਕਸਦ ਵਿੱਚ ਕਾਮਯਾਬ ਹੁੰਦਾ
ਉਧਰ ਬਿਨ੍ਹਾਂ ਲਾਈਵ
ਇਕ ਮਾਂ ਦੇ ਦੋ ਨੌਜਵਾਨ ਪੁੱਤਰ
ਚਿੱਟੇ ਨਾਲ਼ ਮਰ ਗਏ
ਵਿਧਵਾ ਮਾਂ ਭੁੱਬਾਂ ਮਾਰ ਰੋ ਰਹੀ
ਆਪਣੀ ਛਾਤੀ ਪਿੱਟ ਰਹੀ
ਏਨੇ ਨੂੰ ਗੁਰਦਵਾਰੇ ਦੇ ਲਾਊਡ ਸਪੀਕਰ 'ਚੋਂ
ਆਵਾਜ਼ ਆਉਂਦੀ
ਭੋਲਾ ਸਿਓਂ ਦਾ ਜਵਾਨ ਪੁੱਤਰ
ਜੋ ਫੌਜ਼ ਵਿੱਚ ਭਰਤੀ ਸੀ
ਜੰਮੂ ਬਾਰਡਰ ਉੱਤੇ ਸ਼ਹੀਦ ਹੋ ਗਿਆ
ਇੱਕ ਵਜੇ ਸਸਕਾਰ ਕਰਨਾ
ਸੰਗਤ ਇਸ ਦੁੱਖ ਦੀ ਘੜੀ ਵਿੱਚ
ਪਰਿਵਾਰ ਦਾ ਸਾਥ ਦੇਵੇ
ਲੋਕ ਇਸ ਆਵਾਜ਼ ਨੂੰ
ਅਣ-ਸੁਣਿਆ ਕਰ ਕਾਹਲੀ-ਕਾਹਲੀ
ਸਰਦਾਰ ਚਤੁਰ ਸਿੰਘ ਦੀ ਅੰਤਿਮ
ਵਿਦਾਇਗੀ ਅਤੇ ਅੰਤਿਮ ਦਰਸ਼ਨਾਂ
ਲਈ ਜਾ ਰਹੇ ਨੇ
ਪਿੰਡ ਵਿੱਚ ਅੱਜ
ਤਿੰਨ ਲੋਥਾਂ ਪਾਈਆਂ
ਪੰਜ ਤੱਤਾਂ ਵਿੱਚ ਵਿਲੀਨ ਹੋਣ ਲਈ
ਉਡੀਕ ਰਹੀਆਂ ਨੇ ਸੰਵੇਦਨਸ਼ੀਲਤਾ ਨੂੰ
ਪਰ ਉਹ ਸੰਵੇਦਨਸ਼ੀਲਤਾ
ਕਾਰਾਂ ਦੀ ਖਿੜਕੀ ਖੋਲ੍ਹ
ਤੇ ਟਰਾਲੀਆਂ ਵਿੱਚ ਬੈਠ
ਸਰਦਾਰ ਚਤੁਰ ਸਿੰਘ ਨੂੰ
ਸੱਚੀ ਸ਼ਰਧਾਂਜਲੀ ਦੇਣ ਜਾ ਰਹੀ
ਅੱਜ ਮੇਰੀ ਵੀ ਭੁੱਬ ਨਿਕਲ ਗਈ
ਮੇਰੇ ਸਾਹਮਣੇ ਮੇਜ਼ ਉੱਤੇ ਪਈ
ਇਨਕਲਾਬੀ ਸਿਦਕ ਦੇ ਮੁਜੱਸਮਾ
ਬਾਬਾ ਬੂਝਾ ਸਿੰਘ ਦੀ ਤਸਵੀਰ ਵੇਖ
ਅੱਜ ਮੈਨੂੰ ਪਹਿਲੀ ਵਾਰ
ਬਾਬਾ ਬੂਝਾ ਸਿੰਘ
ਉਦਾਸ ਦਿਖਾਈ ਦਿੱਤਾ।

## ਹੀਰ ਦੇ ਕਰਤਾ ਨੂੰ

ਵਿਧਾਤਾ ਸਿੰਘ ਤੀਰ

ਮਿੱਠੀ ਬੋਲੀ ਦੇ ਵਾਰਸਾ ! ਸੱਚ ਮੰਨੀਂ,
ਮੰਨਾਂ ਮੈਂ ਪੰਜਾਬੀ ਦਾ ਪੀਰ ਤੈਨੂੰ ।
ਪੰਜਾਂ ਪਾਣੀਆਂ ਵਿੱਚ ਤੂੰ ਲਏਂ ਲਹਿਰਾਂ,
ਆਸ਼ਕ ਸਮਝਦੇ ਅੱਖ ਦਾ ਨੀਰ ਤੈਨੂੰ ।
ਕਲਮ ਨਹੀਂ, ਇਹ ਛਾਤੀਆਂ ਵਿੰਨ੍ਹਣੇ ਨੂੰ,
ਵਾਹ ਵਾਹ ਦਿੱਤਾ ਵਿਧਾਤਾ ਨੇ 'ਤੀਰ' ਤੈਨੂੰ ।
ਦਿੱਤੀ ਜਿੰਦ ਤੂੰ 'ਹੀਰ ਸਲੇਟੜੀ' ਨੂੰ,
ਦੇ ਗਈ ਸਦਾ ਦੀ ਜ਼ਿੰਦਗੀ ਹੀਰ ਤੈਨੂੰ ।
ਤੇਰੀ ਸੋਚ ਦੀ ਚੜ੍ਹੀ ਝਨਾਂ ਅੰਦਰ,
ਜੱਟੀ ਹੀਰ ਦੀਆਂ ਬੇੜੀਆਂ ਤਰਦੀਆਂ ਨੇ ।
ਤੇਰੇ ਨੈਣਾਂ ਦੀ ਸਾਂਦਲੀਬਾਰ ਅੰਦਰ,
ਮੰਹੀਆਂ ਰਾਂਝੜੇ ਮੀਏਂ ਦੀਆਂ ਚਰਦੀਆਂ ਨੇ ।
ਤੇਰੇ ਬੋਲ ਵਿੱਚ ਵੰਝਲੀ ਰਾਂਝਣੇ ਦੀ,
ਹੋ ਹੋ ਰਾਗ ਦੀ ਰੂਹ ਪਈ ਵੱਜਦੀ ਏ ।
ਤੇਰੇ ਦਿਲ ਦੇ ਰਾਂਗਲੇ ਪਲੰਘ ਉਤੇ;
'ਹੀਰ' ਬਿਨਾਂ ਸ਼ਿੰਗਾਰ ਪਈ ਸੱਜਦੀ ਏ ।

ਤੇਰੇ ਮਿੱਠਿਆਂ ਗੀਤਾਂ ਦਾ ਰਸ ਲੈਂਦੀ,
'ਭਾਗ-ਭਰੀ' ਜ਼ਬਾਨ ਨਾ ਰੱਜਦੀ ਏ ।
ਤੇਰੀ ਸ਼ਾਇਰੀ ਸ਼ਾਲਾ ਕਮਾਲ ਦੀ ਏ,
ਪਈ ਨੰਗ ਪੰਜਾਬੀ ਦਾ ਕਜਦੀ ਏ ।
ਜਦੋਂ ਬੋਲਿਓਂ ਸਹਿਤੀ ਦੀ ਜੀਭ ਉੱਤੇ,
ਗੁੰਗੀ ਜੱਗ ਦੀ ਹੋ ਜ਼ਬਾਨ ਰਹਿ ਗਈ ।
ਰੰਗ ਵੇਖ ਕੇ ਤੇਰਿਆਂ ਨੁਸਖ਼ਿਆਂ ਦੇ,
ਮੁਠ ਵਿੱਚ ਧਨੰਤਰ ਦੀ ਜਾਨ ਰਹਿ ਗਈ ।

## ਸੱਤ ਵਰ੍ਹੇ



ਅੰਮ੍ਰਿਤਾ ਪ੍ਰੀਤਮ

ਦੋਵੇਂ ਨੈਣ ਵੈਰਾਗੇ ਮੇਰੇ ਭਰ ਭਰ ਕੇ ਅੱਜ ਰੁੰਨੇ ।
ਸੱਤ ਸਮੁੰਦਰ ਪੈਰਾਂ ਅੱਗੇ ਕਾਬਾ ਪਰਲੇ ਬੰਨੇ ।

ਅਖੀਆਂ ਦੇ ਵਿੱਚ ਦੀਵੇ ਭਰ ਕੇ ਲੰਮੀ ਨੀਝ ਉਮਰ ਨੇ ਲਾਈ
ਡੀਕਾਂ ਨਾਲ ਹਨੇਰੇ ਪੀਤੇ ਛਾਣੇ ਅੰਬਰ ਜਿੰਨੇ ।

ਵਰ੍ਹਿਆਂ ਬੱਧੀ ਸੂਰਜ ਬਾਲੇ ਵਰ੍ਹਿਆਂ ਬੱਧੀ ਚੰਨ ਜਗਾਏ
ਅੰਬਰਾਂ ਕੋਲੋਂ ਮੰਗੇ ਜਾ ਕੇ ਤਾਰੇ ਚਾਂਦੀ ਵੰਨੇ ।

ਕਿਸੇ ਨਾ ਆ ਕੇ ਸ਼ਮ੍ਹਾ ਜਗਾਈ ਘੋਰ ਕਾਲਖ਼ਾਂ ਜਿੰਦ ਵਲ੍ਹੇਟੀ
ਵਰ੍ਹਿਆਂ ਦੀ ਇਸ ਬੱਤੀ ਨਾਲੋਂ ਚਾਨਣ ਰਹੇ ਵਿਛੁੰਨੇ ।

ਸੌ ਸੌ ਵਾਰ ਮਨਾਈਆਂ ਜਾ ਕੇ ਪਰ ਤਕਦੀਰਾਂ ਮੁੜ ਨਾ ਮੰਨੀਆਂ
ਪੌਣਾਂ ਦੀ ਇਸ ਕੰਨੀ ਅੰਦਰ ਕਈ ਕਈ ਧਾਗੇ ਬੰਨ੍ਹੇ ।

ਹਾਰੇ ਹੋਏ ਮੇਰੇ ਹੱਥਾਂ ਵਿਚੋਂ ਸ਼ਮ੍ਹਾਦਾਨ ਜਦ ਡਿੱਗਣ ਲੱਗਾ
ਸੱਤੇ ਸਾਗਰ ਤਰ ਕੇ ਕੋਈ ਆਇਆ ਮੇਰੀ ਵੰਨੇ ।

ਹੋਠਾਂ ਵਿੱਚ ਜਗਾ ਕੇ ਜਾਦੂ ਹੱਥ ਮੇਰੇ ਉਸ ਛੋਹੇ
ਕਹੁ ਕਲਮ ਨੂੰ ਏਸ ਪੀੜ ਦਾ ਦਾਰੂ ਬਣ ਕੇ ਪੁੰਨੇ !

ਤੇਰੀਆਂ ਪੀੜਾਂ ਮੇਰੀਆਂ ਪੀੜਾਂ ਹੋਰ ਅਜੇਹੀਆਂ ਲੱਖਾਂ ਪੀੜਾਂ
ਤੇਰੇ ਅੱਥਰੂ ਮੇਰੇ ਅੱਥਰੂ ਹੋਰ ਅੱਥਰੂ ਕਿੰਨੇ ।

ਸੱਤਾਂ ਵਰ੍ਹਿਆਂ ਦਾ ਇਹ ਪੈਂਡਾ ਨਿਰੇ ਅਸੀਂ ਨਾ ਪਾਂਧੀ ਇਸ ਦੇ
ਲੱਖਾਂ ਪੁੰਨੂੰ ਲੱਖਾਂ ਸੱਸੀਆਂ ਪੈਰ ਥਲਾਂ ਵਿੱਚ ਭੁੰਨੇ ।

ਦੋਵੇਂ ਹੋਠ ਉੜਾ ਕੇ ਉਸ ਨੇ ਕਲਮ ਮੇਰੀ ਫਿਰ ਛੋਹੀ
ਦੋਵੇਂ ਨੈਣ ਵੈਰਾਗੇ ਉਸ ਦੇ ਭਰ ਭਰ ਕੇ ਫਿਰ ਰੁੰਨੇ ।

ਹਾਸ ਰਸ

## ਵਹੁਟੀ, ਰੋਟੀ ਤੇ ਸੋਟੀ



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
ਟੈਲੀਫੋਨ : 07748772308

ਏਅਰਪੋਰਟ 'ਤੇ ਜਹਾਜ਼ ਚੜ੍ਹਨ ਲਈ, ਇੱਕ ਜੋੜਾ ਜੋ ਆਇਆ,
ਅਜੀਬ ਕਿਸਮ ਦੀ ਇੱਕ ਕਹਾਣੀ ਦਾ, ਰੱਬ ਸਬੱਬ ਬਣਾਇਆ।
ਚੈੱਕ ਇਨ 'ਤੇ ਸਕਿਉਰਿਟੀ ਤੋਂ ਅੱਗੇ, ਉਹ ਵੱਲ੍ਹ ਉਸ ਗੇਟ ਦੇ ਚੱਲੇ,
ਜਿੱਥੋਂ ਜਹਾਜ਼ ਚੱਲਣਾ ਸੀ ਉਨ੍ਹਾਂ ਦਾ, ਉਨ੍ਹਾਂ ਦੀ ਮੰਜ਼ਿਲ ਵੱਲੇ।
ਬਜ਼ੁਰਗ ਪਤੀ ਦੀ ਰੰਗਲੀ ਸੋਟੀ, ਟੱਕ ਟੱਕ ਕਰਦੀ ਜਾਵੇ,
ਜਿਸ ਦੇ ਬਰਾਬਰ ਪਤਨੀ ਸੈਂਡਲ, ਫਿਟਕ ਫਿਟਕ ਖੜਕਾਵੇ।
ਪਤੀ ਜੀ ਹੌਲੀ ਹੌਲੀ ਚੱਲਦੇ, ਕਦਮ ਚੁੱਕਣ ਕੁੱਝ ਸਹਿਜੇ,
ਪਰ ਨੌਜਵਾਨ ਪਤਨੀ ਦੇ, ਕੁੱਝ ਛੋਹਲ਼ੇ ਲੱਗਣ ਲਹਿਜੇ।
ਏਨੇ ਨੂੰ ਏਅਰਪੋਰਟ ਦੀ ਬੱਘੀ, ਆ ਰੁਕੀ ਉਨ੍ਹਾਂ ਲਾਗੇ,
ਡਰਾਈਵਰ ਨੇ ਲਿਫਟ ਦੇਣ ਦੀ, ਪੇਸ਼ਕਸ਼ ਕੀਤੀ ਆਕੇ।
ਪਤੀ ਨੇ ਝੱਟ ਹਾਂ ਕਰ ਦਿੱਤੀ, ਤੇ ਸ਼ੁਕਰ ਰੱਬ ਦਾ ਕੀਤਾ,
ਪਰ ਪਤਨੀ ਨੇ ਹਤਕ ਸਮਝ ਕੇ, ਚੜ੍ਹਨਾ ਮਨਜ਼ੂਰ ਨਾ ਕੀਤਾ।
ਬੱਘੀ ਦੀ ਰਫ਼ਤਾਰ ਸੀ ਤਿੱਖੀ, ਜਾਵੇ ਅੱਗੇ ਤੋਂ ਅੱਗੇ,
ਪਤਨੀ ਨੱਠ ਨੱਠ ਹੋਈ ਫਾਵੀਂ, ਸਾਹ ਨਾਲ ਸਾਹ ਨਾ ਲੱਗੇ।
ਪਤੀ ਨੂੰ ਗੇਟ ਦੇ ਉੱਤੇ ਜਾਕੇ, ਬੱਘੀ ਨੇ ਝੱਟ ਲਾਹਿਆ,
ਪਤਨੀ ਰਹਿ ਗਈ ਅੱਧਵਾਟੇ, ਸਫ਼ਰ ਨਾ ਗਿਆ ਮੁਕਾਇਆ।
ਉੱਤਰ ਬੱਘੀਉਂ ਪਤੀ ਨੇ ਤੱਕਿਆ, ਸੋਟੀ ਉਸ ਦੀ ਗੁੰਮ ਸੀ,
ਫਿਕਰ ਵਿੱਚ ਘਬਰਾਇਆ ਬੰਦਾ, ਹੋ ਗਿਆ ਗੁੰਮ ਸੁੰਮ ਸੀ।
ਘਬਰਾਹਟ ਵਿੱਚ ਉਹ ਮੁੜਿਆ ਪਿੱਛੇ, ਜਿਧਰੋਂ ਬੱਘੀ ਸੀ ਆਈ,
ਸੋਚਿਆ ਕਿਤੇ ਉਹ ਡਿਗ ਪਈ ਹੋਵੇ, ਜਾਂ ਹੋਵੇ ਕਿਸੇ ਹਥਿਆਈ।
ਏਨੇ ਨੂੰ ਪਤਨੀ ਵੀ ਮਿਲ ਪਈ, ਸਾਹੋ ਸਾਹੀ ਹੋਈ,
ਕਹਿੰਦੀ ਤੈਥੋਂ ਟਿਕ ਨਹੀਂ ਹੁੰਦਾ, ਕਰਦੈਂ ਡੰਗਾ ਡੋਈ ?
ਪਤੀ ਕਹੇ ਮੇਰੀ ਸੋਟੀ ਗੁੰਮ ਗਈ, ਲੱਭਣ ਤੁਰਿਆ ਹਾਂ ਮੈਂ,
ਤੈਨੂੰ ਤਾਂ ਨਹੀਂ ਕਿਸੇ ਫੜਾਈ , ਜਾਂ ਕਿਤੇ ਦੇਖੀ ਹੋਵੇ ਤੈਂ ?
ਸੁਣ ਕੇ ਵਹੁਟੀ ਨੂੰ ਚੜ੍ਹਿਆ ਗੁੱਸਾ, ਲੱਗੀ ਉੱਚਾ ਬੋਲਣ,
ਚੰਦਰੇ ਵਕਤੀਂ ਤੇਰੇ ਲੜ ਮੈਂ, ਲੱਗ ਪਈ ਜ਼ਿੰਦਗੀ ਰੋਲਣ।
ਸਵੇਰ ਦੀ ਭੁੱਖਣ ਭਾਣੀ ਤੇਰੇ, ਕਰਦੀ ਅੱਗੇ ਤੱਗੇ,
ਖੜ੍ਹੀ ਲੱਤੇ ਮੈਂ ਘੁੰਮਦੀ ਰਹੀ ਹਾਂ, ਤੇਰੇ ਖੱਬੇ ਸੱਜੇ।
ਨਾ ਕੋਈ ਸਰਿਆ ਚਾਹ ਨਾ ਪਾਣੀ, ਨਾ ਕੋਈ ਇੱਕ ਅੱਧ ਰੋਟੀ,
ਉੱਪਰੋਂ ਤੂੰ ਗਵਾ ਬੈਠਾ ਹੈਂ, ਆਪਣੀ ਰੰਗਲੀ ਸੋਟੀ।
ਗੁੱਸੇ ਵਿੱਚ ਫਿਰ ਮਰਦ ਵੀ ਆਇਆ, ਸੁਣ ਉਹ ਮੇਰੀ ਵਹੁਟੀ!
ਤੈਨੂੰ ਖਾਣ ਨੂੰ ਕੁੱਛ ਨਹੀਂ ਮਿਲਣਾ, ਜੇ ਲੱਭੀ ਨਾ ਮੇਰੀ ਸੋਟੀ!
ਆ ਰਲ ਪਹਿਲਾਂ ਸੋਟੀ ਲੱਭੀਏ, ਫੇਰ ਸੋਚਾਂਗੇ ਰੋਟੀ,
ਨਹੀਂ ਤਾਂ ਉਸ ਦੇ ਬਾਝੋਂ ਹੋਸੀ, ਮੇਰੀ ਵਾਟ ਸਭ ਖੋਟੀ।
ਏਨੇ ਨੂੰ ਇੱਕ ਹੋਰ ਯਾਤਰੀ, ਪਿੱਛੋਂ ਤੁਰਦਾ ਆਇਆ,
ਜੋੜੇ ਦੇ ਝਗੜੇ ਨੂੰ ਸੁਣ ਕੇ, ਸਮਝ ਕੁੱਛ ਉਸਨੂੰ ਆਇਆ।
ਹੱਥ ਵਿੱਚ ਫੜੀ ਇੱਕ ਰੰਗਲੀ ਸੋਟੀ, ਉਸ ਬੰਦੇ ਅੱਗੇ ਕੀਤੀ,
ਕਿਹਾ ਇਹ ਮੈਨੂੰ ਰਸਤਿਉਂ ਲੱਭੀ, ਮੈਂ ਸੀ ਇਹ ਚੁੱਕ ਲੀਤੀ।
ਤੁਹਾਡੀ ਹੈ ਤਾਂ ਤੁਸੀਂ ਰੱਖ ਲਓ, ਝਗੜਾ ਆਪਣਾ ਮੁਕਾਓ,
ਹੱਸਦੇ ਵਸਦੇ ਫੜੋ ਫਲਾਈਟ, ਟਿਕਾਣੇ ਆਪਣੇ ਜਾਓ।
ਰੰਗਲੀ ਆਪਣੀ ਸੋਟੀ ਦੇਖ ਕੇ, ਸਰਦਾਰ ਜੀ ਮੁਸਕਰਾਏ,
ਦੋਨਾਂ ਜੀਆਂ ਦੇ ਤਾਂ ਫਿਰ ਜਾਕੇ, ਸਾਹਾਂ ਵਿੱਚ ਸਾਹ ਆਏ।
ਧੰਨਵਾਦ ਕਰ ਉਸ ਯਾਤਰੀ ਦਾ, ਉਹ ਤੁਰੇ ਗੇਟ ਦੇ ਵੱਲੇ,
ਬੈਠ ਬੈਂਚ 'ਤੇ ਜਾਕੇ ਉੱਥੇ, ਅੰਤ ਹੋ ਗਏ ਨਿਚੱਲੇ।
ਹੌਲ਼ੀ ਹੌਲ਼ੀ ਫਿਰ ਪਤਨੀ ਨੇ, ਬੈਗ ਜਦ ਆਪਣਾ ਖੋਲ੍ਹਿਆ,
ਘਰ ਤੋਂ ਲਿਆਂਦੇ ਪਰੌਂਠਿਆ ਵਾਲਾ, ਬੰਡਲ ਉਸ ਫਰੋਲਿਆ।
ਦੇਸੀ ਘਿਓ ਵਿੱਚ ਤਲ਼ੇ ਪਰੌਂਠੇ, ਮਹਿਕਾਂ ਛੱਡਣ ਹਰ ਪਾਸੇ,
ਦੋਨੋਂ ਚਿਹਰੇ ਖਿੜੇ ਕੁੱਛ ਏਦਾਂ, ਰੋਕਿਆਂ ਰੁਕਣ ਨਾ ਹਾਸੇ।
ਆਚਾਰ ਨਾਲ ਫਿਰ ਮੂਲੀ ਵਾਲੇ, ਉਨ੍ਹਾਂ ਰੱਜ ਪਰੌਂਠੇ ਖਾਧੇ,
ਮੁਸਕੜੀਆਂ ਵਿੱਚ ਇੱਕ ਦੂਜੇ ਵੱਲ, ਤੀਰ ਪਿਆਰ ਦੇ ਸਾਧੇ।
ਰੋਟੀ ਖਾ ਵਹੁਟੀ ਹੁਣ ਖੁਸ਼ ਸੀ, ਨਾਲੇ ਮਿਲ ਗਈ ਸੀ ਸੋਟੀ,
ਅਰਦਾਸ ਪਤੀ ਨੇ ਮਨ ਵਿੱਚ ਕੀਤੀ, ਰੱਬਾ! ਵਾਟ ਨਾ ਹੋਵੇ ਖੋਟੀ।
ਹੁਣ ਵਾਟ ਨਾ ਹੋਵੇ ਖੋਟੀ।

## ਰੁੱਖ



ਸ਼ਿਵ ਕੁਮਾਰ ਬਟਾਲਵੀ

ਕੁਝ ਰੁੱਖ ਮੈਨੂੰ ਪੁੱਤ ਲਗਦੇ ਨੇ
ਕੁਝ ਰੁੱਖ ਲਗਦੇ ਮਾਵਾਂ
ਕੁਝ ਰੁੱਖ ਨੂੰਹਾਂ ਧੀਆਂ ਲੱਗਦੇ
ਕੁਝ ਰੁੱਖ ਵਾਂਗ ਭਰਾਵਾਂ
ਕੁਝ ਰੁੱਖ ਮੇਰੇ ਬਾਬੇ ਵਾਕਣ
ਪੱਤਰ ਟਾਵਾਂ ਟਾਵਾਂ
ਕੁਝ ਰੁੱਖ ਮੇਰੀ ਦਾਦੀ ਵਰਗੇ
ਚੂਰੀ ਪਾਵਣ ਕਾਵਾਂ
ਕੁਝ ਰੁੱਖ ਯਾਰਾਂ ਵਰਗੇ ਲਗਦੇ
ਚੁੰਮਾਂ ਤੇ ਗਲ ਲਾਵਾਂ
ਇਕ ਮੇਰੀ ਮਹਿਬੂਬਾ ਵਾਕਣ
ਮਿੱਠਾ ਅਤੇ ਦੁਖਾਵਾਂ
ਕੁਝ ਰੁੱਖ ਮੇਰਾ ਦਿਲ ਕਰਦਾ ਏ
ਮੋਢੇ ਚੁੱਕ ਖਿਡਾਵਾਂ
ਕੁਝ ਰੁੱਖ ਮੇਰਾ ਦਿਲ ਕਰਦਾ ਏ
ਚੁੰਮਾਂ ਤੇ ਮਰ ਜਾਵਾਂ
ਕੁਝ ਰੁੱਖ ਜਦ ਵੀ ਰਲ ਕੇ ਝੂਮਣ
ਤੇਜ਼ ਵਗਣ ਜਦ ਵਾਵਾਂ
ਸਾਵੀ ਬੋਲੀ ਸਭ ਰੁੱਖਾਂ ਦੀ
ਦਿਲ ਕਰਦਾ ਲਿਖ ਜਾਵਾਂ
ਮੇਰਾ ਵੀ ਇਹ ਦਿਲ ਕਰਦਾ ਏ
ਰੁੱਖ ਦੀ ਜੂਨੇ ਆਵਾਂ
ਜੇ ਤੁਸਾਂ ਮੇਰਾ ਗੀਤ ਹੈ ਸੁਣਨਾ
ਮੈਂ ਰੁੱਖਾਂ ਵਿੱਚ ਗਾਵਾਂ
ਰੁੱਖ ਤਾਂ ਮੇਰੀ ਮਾਂ ਵਰਗੇ ਨੇ
ਜਿਉਂ ਰੁੱਖਾਂ ਦੀਆਂ ਛਾਵਾਂ ।

# ਕਿਵੇਂ ਬਣੀ ਭਾਰਤ ਦੀ ਪਹਿਲੀ ਫ਼ਿਲਮ



ਭਾਰਤੀ ਫਿਲਮ ਉਦਯੋਗ ਫਿਲਮ ਨਿਰਮਾਣ ਦੇ ਆਧਾਰ 'ਤੇ ਦੁਨੀਆ ਦੇ ਸਭ ਤੋਂ ਵੱਡੇ ਫਿਲਮ ਉਦਯੋਗਾਂ ਵਿੱਚੋਂ ਇੱਕ ਹੈ ਕਿਉਂਕਿ ਭਾਰਤ ਬਹੁਤ ਸਾਰੀਆਂ ਭਾਸ਼ਾਵਾਂ ਦਾ ਦੇਸ਼ ਹੈ, ਇਸ ਲਈ ਇੱਥੇ ਤਾਮਿਲ, ਮਲਿਆਲਮ, ਤੇਲਗੂ, ਪੰਜਾਬੀ ਆਦਿ ਸਮੇਤ ਸਾਰੀਆਂ ਖੇਤਰੀ ਭਾਸ਼ਾਵਾਂ ਦੇ ਆਪਣੇ ਉਦਯੋਗ ਹਨ।

**ਬਾਲੀਵੁੱਡ ਫਿਲਮਾਂ ਦਾ ਗੜ੍ਹ ਮੁੰਬਈ**

ਜਿੱਥੋਂ ਤੱਕ ਅਸੀਂ ਦੇਸ਼ ਦੀ ਰਾਸ਼ਟਰੀ ਭਾਸ਼ਾ ਹਿੰਦੀ ਦੀ ਗੱਲ ਕਰਦੇ ਹਾਂ, ਇਸ ਦੇ ਅਧੀਨ ਬਣੀਆਂ ਫਿਲਮਾਂ ਨੂੰ ਬਾਲੀਵੁੱਡ ਇੰਡਸਟਰੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਮੁੰਬਈ ਨੂੰ ਦੇਸ਼ ਦੀ ਵਿੱਤੀ ਰਾਜਧਾਨੀ, ਬਾਲੀਵੁੱਡ ਫਿਲਮਾਂ ਦਾ ਗੜ੍ਹ ਮੰਨਿਆ ਜਾਂਦਾ ਹੈ। ਬਾਲੀਵੁੱਡ ਫਿਲਮਾਂ ਦੇ ਜ਼ਿਆਦਾਤਰ ਪ੍ਰੋਡਕਸ਼ਨ ਹਾਊਸ ਮੁੰਬਈ 'ਚ ਹੀ ਮੌਜੂਦ ਹਨ। ਮੁੰਬਈ ਨੂੰ ਸੁਪਨਿਆਂ ਦਾ ਸ਼ਹਿਰ ਵੀ ਕਿਹਾ ਜਾਂਦਾ ਹੈ ਕਿਉਂਕਿ ਇੱਥੇ ਜ਼ਿਆਦਾਤਰ ਲੋਕ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਜਾਂਦੇ ਹਨ।

**ਭਾਰਤ ਦੀ ਪਹਿਲੀ ਫਿਲਮ**

ਭਾਰਤ ਦੀ ਪਹਿਲੀ ਫਿਲਮ ਰਾਜਾ ਹਰੀਸ਼ਚੰਦਰ ਸੀ, ਜੋ ਸਾਲ 1913 ਵਿੱਚ ਬਣੀ ਸੀ।ਇਸ ਫਿਲਮ ਨੂੰ ਬਣਾਉਣ ਦਾ ਸਿਹਰਾ ਦਾਦਾ ਸਾਹਿਬ ਫਾਲਕੇ ਨੂੰ ਦਿੱਤਾ ਜਾਂਦਾ ਹੈ। ਦਾਦਾ ਸਾਹਿਬ ਫਾਲਕੇ ਦਾ ਜਨਮ 30 ਅਪ੍ਰੈਲ 1870 ਨੂੰ ਹੋਇਆ ਸੀ ਅਤੇ 16 ਫਰਵਰੀ 1944 ਨੂੰ ਮੌਤ ਹੋ ਗਈ ਸੀ।

ਫਾਲਕੇ ਨੇ ਆਪਣੇ ਜੀਵਨ ਕਾਲ ਦੌਰਾਨ 95 ਫੀਚਰ ਫਿਲਮਾਂ ਅਤੇ 27 ਲਘੂ ਫਿਲਮਾਂ ਬਣਾਈਆਂ, ਫਾਲਕੇ ਇੱਕ ਫਿਲਮ ਨਿਰਮਾਤਾ ਦੇ ਨਾਲ-ਨਾਲ ਇੱਕ ਨਿਰਦੇਸ਼ਕ ਅਤੇ ਪਟਕਥਾ ਲੇਖਕ ਵੀ ਸਨ। ਉਨ੍ਹਾਂ ਨੂੰ ਭਾਰਤੀ ਸਿਨੇਮਾ ਵਿੱਚ ਉਨ੍ਹਾਂ ਦੇ ਅਥਾਹ ਯੋਗਦਾਨ ਲਈ ਭਾਰਤੀ ਸਿਨੇਮਾ ਦੇ ਪਿਤਾਮਾ ਵਜੋਂ ਜਾਣਿਆ ਜਾਂਦਾ ਹੈ।



ਭਾਰਤੀ ਫਿਲਮ ਇੰਡਸਟਰੀ ਦਾ ਇਤਿਹਾਸ ਸੌ ਸਾਲ ਤੋਂ ਵੀ ਵੱਧ ਪੁਰਾਣਾ ਹੈ, ਅਜਿਹੇ 'ਚ ਭਾਰਤੀ ਫਿਲਮਾਂ 'ਚ ਕਈ ਉਤਰਾਅ-ਚੜ੍ਹਾਅ ਦੇਖਣ ਨੂੰ ਮਿਲੇ ਹਨ, ਭਾਵੇਂ ਅੱਜ ਸਾਨੂੰ ਰੰਗੀਨ ਫਿਲਮਾਂ ਦੇਖਣ ਨੂੰ ਮਿਲਦੀਆਂ ਹਨ, ਪਰ ਪਹਿਲਾਂ ਫਿਲਮ ਨਿਰਮਾਣ ਦੀ ਤਕਨੀਕ ਇੰਨੀ ਵਿਕਸਿਤ ਨਹੀਂ ਸੀ । ਹਾਲਾਤ ਅਜਿਹੇ ਸਨ ਕਿ ਪਹਿਲੀ ਫਿਲਮ ਸਾਈਲੈਂਟ ਬਣਾਈ ਗਈ ਸੀ, ਭਾਵ ਇਹ ਫਿਲਮ ਬਿਨਾਂ ਆਵਾਜ਼ ਦੇ ਬਲੈਕ ਐਂਡ ਵ੍ਹਾਈਟ ਸਕ੍ਰੀਨ 'ਤੇ ਬਣੀ ਸੀ।

**ਭਾਰਤ ਦੀ ਪਹਿਲੀ ਫਿਲਮ ਕਿਵੇਂ ਬਣੀ ?**

ਫਾਲਕੇ ਨੂੰ ਫ਼ਿਲਮ ਬਣਾਉਣ ਦੀ ਪ੍ਰੇਰਨਾ ਉਦੋਂ ਮਿਲੀ ਜਦੋਂ ਉਹ ਮੁੰਬਈ ਦੇ ਇੱਕ ਸਿਨੇਮਾ ਹਾਲ ਵਿੱਚ ਇੱਕ ਅੰਗਰੇਜ਼ੀ ਫ਼ਿਲਮ ਦ ਲਾਈਫ਼ ਆਫ਼ ਕਰਾਈਸਟ (1906) ਦੇਖ ਰਹੇ ਸਨ। ਇਸ ਫਿਲਮ ਤੋਂ ਬਾਅਦ ਉਨ੍ਹਾਂ ਨੇ ਫਿਲਮ ਬਣਾਉਣ ਬਾਰੇ ਸੋਚਿਆ ਅਤੇ ਇਸ ਦੀ ਤਿਆਰੀ ਸ਼ੁਰੂ ਕਰ ਦਿੱਤੀ।ਫਾਲਕੇ ਫਿਲਮ ਬਣਾਉਣ ਦੀ ਤਕਨੀਕ ਸਿੱਖਣ ਲਈ ਲੰਡਨ ਗਏ। ਇਸ ਤੋਂ ਬਾਅਦ ਉਹ ਭਾਰਤ ਆ ਗਿਆ ਅਤੇ ਫਿਲਮਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ, ਕਿਉਂਕਿ ਉਸ ਸਮੇਂ ਭਾਰਤ ਵਿੱਚ ਫਿਲਮ ਬਣਾਉਣ ਦਾ ਸਮਾਨ ਨਹੀਂ ਸੀ, ਇਸ ਲਈ ਉਸਨੇ ਫਰਾਂਸ, ਇੰਗਲੈਂਡ, ਅਮਰੀਕਾ ਅਤੇ ਜਰਮਨੀ ਵਰਗੇ ਦੇਸ਼ਾਂ ਤੋਂ ਫਿਲਮ ਬਣਾਉਣ ਦਾ ਸਮਾਨ ਮੰਗਵਾਇਆ ਸੀ।

ਕੁਝ ਚੁਣੌਤੀਆਂ ਨੂੰ ਪਾਰ ਕਰਨ ਤੋਂ ਬਾਅਦ, ਫਾਲਕੇ ਨੇ ਭਾਰਤ ਦੀ ਪਹਿਲੀ ਫਿਲਮ, ਰਾਜਾ ਹਰੀਸ਼ਚੰਦਰ ਦਾ ਨਿਰਮਾਣ ਕੀਤਾ। ਇਹ 3 ਮਈ 1913 ਨੂੰ ਰਿਲੀਜ਼ ਹੋਈ ਸੀ। ਇਸ ਫਿਲਮ ਨੂੰ ਬਣਾਉਣ ਵਿੱਚ ਲਗਭਗ 7 ਮਹੀਨੇ ਲੱਗੇ ਸਨ। ਇਸ ਫਿਲਮ ਦੀ ਮਿਆਦ ਲਗਭਗ 40 ਮਿੰਟ ਸੀ, ਕਿਉਂਕਿ ਇਹ ਇੱਕ ਮੂਕ ਫਿਲਮ ਸੀ, ਇਸ ਦੇ ਸ਼ਬਦਾਂ ਨੂੰ ਸ਼ਬਦਾਂ ਦੁਆਰਾ ਦਰਸਾਇਆ ਗਿਆ ਸੀ, ਇਸਦੇ ਨਾਲ ਹੀ ਇਸਦੇ ਸਿਰਲੇਖ ਲਈ ਤਿੰਨ ਭਾਸ਼ਾਵਾਂ ਹਿੰਦੀ, ਅੰਗਰੇਜ਼ੀ ਅਤੇ ਮਰਾਠੀ ਦੀ ਵਰਤੋਂ ਕੀਤੀ ਗਈ ਸੀ।

ਫਿਲਮ ਵਿੱਚ ਡੀ.ਡੀ. ਡਬਕੇ (ਰਾਜਾ ਹਰੀਸ਼ਚੰਦਰ), ਪੀ.ਜੀ. ਸਾਨੇ (ਤਾਰਾਮਤੀ), ਭਲਚੰਦਰ ਡੀ.ਫਾਲਕੇ (ਰੋਹਿਤਾਸ) ਜੀ.ਵੀ. ਸਾਨੇ (ਵਿਸ਼ਵਾਮਿੱਤਰ) ਆਦਿ ਕਲਾਕਾਰਾਂ ਨੇ ਕੰਮ ਕੀਤਾ। ਇਸ ਫਿਲਮ ਦੀ ਕਹਾਣੀ ਰਾਜਾ ਹਰੀਸ਼ਚੰਦਰ ਦੇ ਜੀਵਨ 'ਤੇ ਆਧਾਰਿਤ ਸੀ, ਰਾਜਾ ਹਰੀਸ਼ਚੰਦਰ ਇੱਕ ਮਹਾਨ ਰਾਜਾ ਸੀ ਜਿਸਦਾ ਜ਼ਿਕਰ ਰਾਮਾਇਣ, ਮਹਾਭਾਰਤ ਅਤੇ ਭਾਗਵਤ ਵਰਗੀਆਂ ਪੌਰਾਣਿਕ ਕਹਾਣੀਆਂ ਵਿੱਚ ਮਿਲਦਾ ਹੈ।

# ਪੰਜਾਬੀ ਸਿਨੇਮਾ ਦੇ ਹਾਸਰਸ ਕਲਾਕਾਰ ਜਸਵਿੰਦਰ ਭੱਲਾ ਉਰਫ਼ ਚਾਚਾ ਚਤਰਾ



'ਚੱਕ ਦੇ ਫੱਟੇ', 'ਕੈਰੀ ਆਨ ਜੱਟਾ', 'ਡੈਡੀ ਕੂਲ ਮੁੰਡੇ ਫੂਲ' ਵਰਗੀਆਂ ਫ਼ਿਲਮਾਂ ਨਾਲ ਫ਼ਿਲਮ ਜਗਤ ਵਿੱਚ ਮਕਬੂਲ ਹੋਏ ਜਸਵਿੰਦਰ ਭੱਲਾ ਦਾ ਜਨਮ 4 ਮਈ 1960 ਨੂੰ ਦੋਰਾਹਾ, ਪੰਜਾਬ ਵਿੱਚ ਹੋਇਆ। ਜਸਵਿੰਦਰ ਭੱਲਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਖੇ ਖੇਤੀਬਾੜੀ ਪਸਾਰ ਸਿੱਖਿਆ, ਵਿਭਾਗ ਦੇ ਮੁਖੀ ਵੀ ਸਨ। ਉਨ੍ਹਾਂ ਨੇ ਆਪਣੀ ਬੀ. ਐੱਸ. ਸੀ. ਅਤੇ ਐਮ. ਐੱਸ. ਸੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਅਤੇ ਪੀ. ਐਚ. ਡੀ. ਚੌਧਰੀ ਚਰਨ ਸਿੰਘ ਯੂਨੀਵਰਸਿਟੀ ਮੇਰਠ ਤੋਂ ਕੀਤੀ। ਉਨ੍ਹਾਂ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਪੀ. ਏ. ਯੂ. ਵਿੱਚ ਸਹਾਇਕ ਪ੍ਰੋਫੈਸਰ ਵਜੋਂ ਕੀਤੀ। ਇੱਕ ਪ੍ਰੋਫੈਸਰ ਅਤੇ ਮੁਖੀ, ਪਸਾਰ ਸਿੱਖਿਆ ਵਿਭਾਗ ਵਜੋਂ ਸੇਵਾਵਾਂ ਨਿਭਾ ਰਹੇ ਸਨ। ਉਹ 31 ਮਈ 2020 ਨੂੰ ਸਰਗਰਮ ਸੇਵਾ ਤੋਂ ਸੇਵਾ ਮੁਕਤ ਹੋਏ ਹਨ।ਜਸਵਿੰਦਰ ਭੱਲਾ ਦਾ ਵਿਆਹ ਪਰਮਦੀਪ ਭੱਲਾ ਨਾਲ ਹੋਇਆ ਹੈ, ਜੋ ਇਕ ਫਾਈਨ ਆਰਟਸ ਅਧਿਆਪਕ ਹੈ। ਉਨ੍ਹਾਂ ਦੇ ਬੇਟੇ ਦਾ ਨਾਮ ਪੁਖਰਾਜ ਭੱਲਾ ਹੈ। ਪੁਖਰਾਜ 2002 ਤੋਂ 'ਛਣਕਾਟਾ' ਦੇ ਕੁਝ ਕੈਸਟਾਂ ਵਿੱਚ ਵੀ ਆਇਆ ਹੈ।

ਦੱਸ ਦਈਏ ਕਿ ਜਸਵਿੰਦਰ ਸਿੰਘ ਭੱਲਾ ਨੂੰ ਪੰਜਾਬੀ ਫ਼ਿਲਮ ਇੰਡਸਟਰੀ 'ਚ ਹਾਸਰਸ ਕਲਾਕਾਰ ਵਜੋਂ ਵੀ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਮੁੱਖ ਤੌਰ 'ਤੇ ਆਪਣੇ ਪ੍ਰੋਗਰਾਮ 'ਛਣਕਾਟਾ' ਅਤੇ ਕਿਰਦਾਰ 'ਚਾਚਾ ਚਤਰਾ' ਕਰਕੇ ਵੀ ਜਾਣਿਆ ਜਾਂਦਾ ਹੈ। ਜਸਵਿੰਦਰ ਭੱਲਾ ਨੇ ਆਪਣੇ ਫ਼ਿਲਮੀ ਕਰੀਅਰ ਦੀ ਸ਼ੁਰੂਆਤ ਫ਼ਿਲਮ 'ਦੁੱਲਾ ਭੱਟੀ' ਤੋਂ ਕੀਤੀ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਕਈ ਪੰਜਾਬੀ ਫ਼ਿਲਮਾਂ ਵਿੱਚ ਵੀ ਕੰਮ ਕੀਤਾ।ਜਸਵਿੰਦਰ ਭੱਲਾ ਨੇ ਆਜ਼ਾਦੀ ਦਿਹਾੜੇ ਅਤੇ ਗਣਤੰਤਰ ਦਿਵਸ ਪ੍ਰਦਰਸ਼ਨਾਂ 'ਤੇ ਪ੍ਰਦਰਸ਼ਨ ਕਰਨਾ ਸ਼ੁਰੂ ਕੀਤਾ। ਜਸਵਿੰਦਰ ਭੱਲਾ ਅਤੇ ਦੋ ਸਹਿਪਾਠੀਆਂ ਨੂੰ 1975 ਵਿੱਚ ਆਲ ਇੰਡੀਆ ਰੇਡੀਓ ਲਈ ਚੁਣਿਆ ਗਿਆ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਇੱਕ ਵਿਦਿਆਰਥੀ ਦੇ ਰੂਪ 'ਚ ਜਸਵਿੰਦਰ ਭੱਲਾ ਨੇ ਯੂਨੀਵਰਸਿਟੀ ਦੇ ਪ੍ਰੋਗਰਾਮਾਂ ਵਿੱਚ ਕਾਮੇਡੀ ਪ੍ਰਦਰਸ਼ਨ ਕੀਤਾ ਸੀ। ਉਨ੍ਹਾਂ ਨੇ ਸਾਲ 1988 'ਚ ਆਪਣੇ ਪੇਸ਼ੇਵਰ ਕਰੀਅਰ ਨੂੰ ਸਹਿਕਾਰਤਾ ਬਾਲ ਮੁਕੰਦ ਸ਼ਰਮਾ ਦੇ ਨਾਲ ਆਡੀਓ ਕੈਸੇਟ 'ਛਣਕਾਟਾ' 1988 ਨਾਲ ਅਰੰਭ ਕੀਤਾ। ਬਾਲ ਮੁਕੰਦ ਸ਼ਰਮਾ ਅਤੇ ਜਸਵਿੰਦਰ ਭੱਲਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਸਹਿਪਾਠੀ ਸਨ।

ਜਸਵਿੰਦਰ ਭੱਲਾ ਨੇ ਪੰਜਾਬੀ ਫ਼ਿਲਮਾਂ ਜਿਵੇਂ 'ਮਹੌਲ ਠੀਕ ਹੈ', 'ਜੀਜਾ ਜੀ', 'ਜਿਹਨੇ ਮੇਰਾ ਦਿਲ ਲੁੱਟਿਆ', 'ਪਾਵਰ ਕੱਟ', 'ਕਬੱਡੀ ਇਕ ਵਾਰ ਫਿਰ', 'ਆਪਾਂ ਫਿਰ ਮਿਲਾਂਗੇ', 'ਮੇਲ ਕਰਾ ਦੇ ਰੱਬਾ', 'ਕੈਰੀ ਆਨ ਜੱਟਾ', 'ਜੱਟ ਐਂਡ ਜੂਲੀਟ', 'ਜੱਟ ਐਂਡ ਜੂਲੀਅਟ 2', 'ਜੱਟ ਏਅਰਵੇਜ਼', 'ਵੇਖ ਬਰਾਤਾਂ ਚੱਲੀਆਂ', 'ਬੈਂਡ ਵਾਜੇ', 'ਗੋਲਕ ਬੂਗਨੀ ਬੈਂਕ ਤੇ ਬਟੂਆ', 'ਮੈਰਿਜ ਪੈਲੇਸ', 'ਕੈਰੀ ਆਨ ਜੱਟਾ-2', 'ਨੌਕਰ ਵਹੁਟੀ ਦਾ' ਆਦਿ ਵਿੱਚ ਕੰਮ ਕੀਤਾ ਹੈ। ਜਸਵਿੰਦਰ ਸਿੰਘ ਭੱਲਾ ਦੀ ਖ਼ਾਸੀਅਤ ਹੈ ਕਿ ਜਿੱਥੇ ਉਨ੍ਹਾਂ ਦੀ ਕਾਮੇਡੀ ਨੂੰ ਦਰਸ਼ਕਾਂ ਨੇ ਭਰਵਾਂ ਹੁੰਗਾਰਾ ਦਿੱਤਾ ਹੈ, ਉੱਥੇ ਹੀ ਉਨ੍ਹਾਂ ਵੱਲੋਂ ਬੋਲੇ ਡਾਇਲਾਗ ਵੀ ਬੇਹੱਦ ਮਸ਼ਹੂਰ ਹੋਏ ਹਨ। ਇਹ ਡਾਇਲਾਗ ਇਸ ਕਦਰ ਮਸ਼ਹੂਰ ਹੋਏ ਹਨ ਕਿ ਉਨ੍ਹਾਂ 'ਤੇ ਕਈ ਟਿਕ ਟਾਕ ਵੀਡੀਓਜ਼ ਵੀ ਬਣ ਚੁੱਕੀਆਂ ਹਨ ਅਤੇ ਕਈ ਡਾਇਲਾਗ ਤਾਂ ਆਮ ਹੀ ਲੋਕ ਬੋਲਦੇ ਸੁਣਾਈ ਦਿੰਦੇ ਹਨ। ਇਨ੍ਹਾਂ ਵਿਚੋਂ ਕੁਝ ਡਾਇਲਾਗ ਦਾ ਜ਼ਿਕਰ ਕਰਨਾ ਜ਼ਰੂਰ ਬਣਦਾ ਹੈ ਜਿਵੇਂ ਕਿ 'ਢਿੱਲੋਂ ਨੇ ਕਾਲਾ ਕੋਟ ਐਵੇਂ ਨੀਂ ਪਾਇਆ', 'ਗੰਦੀ ਔਲਾਦ ਨਾ ਮਜ਼ਾ ਨਾ ਸਵਾਦ' (ਫ਼ਿਲਮ ਕੈਰੀ ਆਨ ਜੱਟਾ), '365 ਚਲਿੱਤਰ ਨਾਰ ਦੇ, ਸਾਰਾ ਸਾਲ ਬੰਦੇ ਨੂੰ ਮਾਰਦੇ' (ਲੱਕੀ ਦੀ ਅਣ ਲੱਕੀ ਸਟੋਰੀ), 'ਆਂਡੇ ਮੋਗੇ ਤੇ ਕੁੜ ਕੁੜ ਮਲੋਟ, ਮੈਂ ਤਾਂ ਭੰਨ ਦਊਂ ਬੁੱਲਾਂ ਨਾਲ ਅਖਰੋਟ' (ਚੱਕ ਦੇ ਫੱਟੇ), 'ਹਵੇਲੀ ਤੇ ਸਹੇਲੀ ਏਨੀ ਛੇਤੀ ਨਹੀਂ ਬਣਦੀ' (ਜੀਨੇ ਮੇਰਾ ਦਿਲ ਲੁੱਟਿਆ), 'ਜੇ ਚੰਡੀਗੜ੍ਹ ਢਹਿ ਜੂ ਤਾਂ ਪਿੰਡਾਂ ਵਰਗਾ ਤਾਂ ਰਹਿ ਜੂ' (ਜੱਟ ਐਂਡ ਜੂਲੀਅਟ), 'ਮਾੜੀ ਸੋਚ ਤੇ ਪੈਰ ਦੀ ਮੋਚ, ਬੰਦੇ ਨੂੰ ਅੱਗੇ ਵਧਣ ਨਹੀਂ ਦਿੰਦੀ' (ਜੱਟ ਬੁਆਏਜ਼ ਪੁੱਤ ਜੱਟਾਂ ਦੇ), 'ਜ਼ਮੀਨ ਬੰਜਰ ਤੇ ਔਲਾਦ ਕੰਜਰ, ਰੱਬ ਕਿਸੇ ਨੂੰ ਨਾ ਦੇਵੇ' (ਜੱਟ ਏਅਰਵੇਜ਼)।

## ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ 'ਦਿ ਕੇਰਲਾ ਸਟੋਰੀ' ਕੀਤੀ ਟੈਕਸ ਫ਼੍ਰੀ




ਭੋਪਾਲ/ਏ.ਟੀ.ਨਿਊਜ਼ : ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਬੀਤੇ ਦਿਨੀਂ ਸੂਬੇ ਵਿੱਚ 'ਦਿ ਕੇਰਲਾ ਸਟੋਰੀ' ਨੂੰ ਟੈਕਸ ਫ੍ਰੀ ਕਰਨ ਦਾ ਐਲਾਨ ਕੀਤਾ ਹੈ। ਇੱਕ ਦਿਨ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਰਨਾਟਕ ਵਿੱਚ ਇੱਕ ਰੈਲੀ ਦੌਰਾਨ ਕਾਂਗਰਸ 'ਤੇ ਹਮਲਾ ਕਰਨ ਲਈ ਫ਼ਿਲਮ ਦੀ ਵਰਤੋਂ ਕੀਤੀ ਸੀ ਤੇ ਫ਼ਿਲਮ ਨੂੰ ਅੱਤਵਾਦੀ ਸਾਜ਼ਿਸ਼ਾਂ ਨੂੰ ਸਾਹਮਣੇ ਲਿਆਉਣ ਦਾ ਸਿਹਰਾ ਦਿੱਤਾ ਸੀ।

ਚੌਹਾਨ ਨੇ ਕਿਹਾ, "ਅਸੀਂ ਮੱਧ ਪ੍ਰਦੇਸ਼ ਵਿੱਚ ਧਰਮ ਪਰਿਵਰਤਨ ਖ਼ਿਲਾਫ਼ ਪਹਿਲਾਂ ਹੀ ਕਾਨੂੰਨ ਬਣਾ ਚੁੱਕੇ ਹਾਂ ਕਿਉਂਕਿ ਇਹ ਫ਼ਿਲਮ ਜਾਗਰੂਕਤਾ ਪੈਦਾ ਕਰਦੀ ਹੈ, ਇਸ ਲਈ ਹਰ ਕਿਸੇ ਨੂੰ ਇਹ ਫ਼ਿਲਮ ਦੇਖਣੀ ਚਾਹੀਦੀ ਹੈ। ਮਾਤਾ-ਪਿਤਾ, ਬੱਚਿਆਂ ਤੇ ਧੀਆਂ ਨੂੰ ਇਸ ਨੂੰ ਦੇਖਣਾ ਚਾਹੀਦਾ ਹੈ। ਇਸੇ ਲਈ ਮੱਧ ਪ੍ਰਦੇਸ਼ ਸਰਕਾਰ ਫ਼ਿਲਮ 'ਦਿ ਕੇਰਲਾ ਸਟੋਰੀ' ਨੂੰ ਟੈਕਸ ਮੁਕਤ ਕਰਨ ਜਾ ਰਹੀ ਹੈ।

ਦੱਸ ਦੇਈਏ ਕਿ 'ਦਿ ਕੇਰਲਾ ਸਟੋਰੀ' ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਸਮਰਥਨ ਕਰ ਚੁੱਕੇ ਹਨ। ਇਸ ਦੇ ਨਾਲ ਹੀ ਅਦਾਕਾਰਾ ਕੰਗਨਾ ਰਣੌਤ ਵੀ 'ਦਿ ਕੇਰਲਾ ਸਟੋਰੀ' ਦੇ ਹੱਕ ਵਿੱਚ ਸੋਸ਼ਲ ਮੀਡੀਆ 'ਤੇ ਆਪਣੀ ਪ੍ਰਤੀਕਿਰਿਆ ਦੇ ਚੁੱਕੀ ਹੈ।

# ਆਈ.ਪੀ.ਐਲ. 2023 ’ਚ ਛਾਏ 3 ਅਫ਼ਗਾਨ ਖਿਡਾਰੀ





ਅਫਗਾਨਿਸਤਾਨ ਦੇ ਖਿਡਾਰੀਆਂ ਨੇ ਆਈ.ਪੀ.ਐਲ. 2023 ’ਚ ਸੱਚਮੁੱਚ ਵੱਡਾ ਪ੍ਰਭਾਵ ਪਾਇਆ ਹੈ। ਕਿਸਨੇ ਸੋਚਿਆ ਹੋਵੇਗਾ ਕਿ ਅਫ਼ਗਾਨਿਸਤਾਨ ਤੋਂ 18 ਸਾਲਾ ਰਿਸਟਪਿੰਨਰ ਨੂਰ ਅਹਿਮਦ ਨੇ ਟੂਰਨਾਮੈਂਟ ਦੇ ਦੂਜੇ ਅੱਧ ’ਚ ਗੁਜਰਾਤ ਟਾਈਟਨਸ ਲਈ ਡੈਬਿਊ ਕੀਤਾ ਅਤੇ ਉਹ ਟੀਮ ਲਈ ਮਹੱਤਵਪੂਰਨ ਖਿਡਾਰੀ ਬਣੇ।ਇਹ ਵੀ ਕਿਸੇ ਨੇ ਨਹੀਂ ਸੋਚਿਆ ਸੀ ਕਿ ਅਫਗਾਨਿਸਤਾਨ ਦਾ ਤੇਜ਼ ਗੇਂਦਬਾਜ਼ 23 ਸਾਲਾ ਨਵੀਨ ਉਲ ਹੱਕ, ਜਿਸ ਨੇ ਮਾਰਕ ਵੁੱਡ ਦੀ ਗ਼ੈਰ-ਮੌਜੂਦਗੀ ਵਿੱਚ ਲਖਨਊ ਸੁਪਰ ਜਾਇੰਟਸ ਤੋਂ ਆਪਣਾ ਡੈਬਿਊ ਕੀਤਾ ਸੀ, ਸਿਰਫ ਚਾਰ ਮੈਚਾਂ ਵਿੱਚ ਟੀਮ ਦਾ ਮੁੱਖ ਗੇਂਦਬਾਜ਼ ਬਣ ਜਾਵੇਗਾ।

ਇੱਕ ਅਫ਼ਗਾਨ ਖਿਡਾਰੀ ਵੱਲੋਂ ਸ਼ਾਨਦਾਰ ਦੌੜਾਂ ਬਣਾਉਣ ਦੀ ਇੱਕ ਹੋਰ ਉਦਾਹਰਣ ਹੈ। 22 ਸਾਲਾ ਰਹਿਮਾਨਉੱਲ੍ਹਾ ਗੁਰਬਾਜ਼ ਨੇ ਕੋਲਕਾਤਾ ਨਾਈਟ ਰਾਈਡਰਜ਼ ਲਈ ਡੈਬਿਊ ਕੀਤਾ ਅਤੇ ਕੇਕੇਆਰ ਲਈ ਪਹਿਲੇ ਛੇ ਓਵਰਾਂ ਵਿੱਚ ਪ੍ਰਭਾਵਸ਼ਾਲੀ ਬੱਲੇਬਾਜ਼ ਸਾਬਤ ਹੋਇਆ।

ਆਈਪੀਐਲ 2023 ਸ਼ੁਰੂ ਹੋਣ ਤੋਂ ਪਹਿਲਾਂ, ਜੀਟੀ ਲਈ ਖੇਡਣ ਵਾਲੇ ਰਾਸ਼ਿਦ ਖਾਨ ਤੋਂ ਇਲਾਵਾ, ਕਿਸੇ ਦੀ ਨਜ਼ਰ ਅਫਗਾਨਿਸਤਾਨ ਦੇ ਖਿਡਾਰੀਆਂ ’ਤੇ ਨਹੀਂ ਸੀ ਅਤੇ ਅਫਗਾਨਿਸਤਾਨ ਦੇ ਇਨ੍ਹਾਂ ਲਗਭਗ ਸਾਰੇ ਖਿਡਾਰੀਆਂ ਨੂੰ ਉਨ੍ਹਾਂ ਦੇ ਆਧਾਰ ਮੁੱਲ ’ਤੇ ਖਰੀਦਿਆ ਗਿਆ ਸੀ। ਗੁਰਬਾਜ਼ ਨੂੰ 50 ਲੱਖ ਰੁਪਏ, ਨਵੀਨ ਉਲ ਹੱਕ ਨੂੰ 50 ਲੱਖ ਰੁਪਏ ਅਤੇ ਨੂਰ ਅਹਿਮਦ ਨੂੰ 30 ਲੱਖ ਰੁਪਏ ਵਿੱਚ ਖਰੀਦਿਆ ਗਿਆ।

ਕੋਲਕਾਤਾ ਨਾਈਟ ਰਾਈਡਰਜ਼ ਨੂੰ ਸਲਾਮੀ ਬੱਲੇਬਾਜ਼ ਦੇ ਤੌਰ ’ਤੇ ਚੰਗੇ ਸਟ੍ਰਾਈਕ ਰੇਟ ਵਾਲੇ ਹਮਲਾਵਰ ਬੱਲੇਬਾਜ਼ ਦੀ ਲੋੜ ਸੀ। 2023 ’ਚ ਟੀਮ ਨਵੀਂ ਸੀ ਅਤੇ ਸ਼੍ਰੇਅਸ ਅਈਅਰ ਦੀ ਗੈਰ-ਮੌਜੂਦਗੀ ’ਚ ਬੱਲੇਬਾਜ਼ੀ ਕ੍ਰਮ ਨੂੰ ਬਦਲਣਾ ਪਿਆ।

ਗੁਰਬਾਜ਼ ਕੇਕੇਆਰ ਲਈ ਪਰਫੈਕਟ ਗੋ-ਟੂ ਮੈਨ ਸਾਬਤ ਹੋਇਆ। ਹਾਲਾਂਕਿ ਉਹ ਕੁਝ ਮੈਚਾਂ ਵਿੱਚ ਖੇਡ ਨੂੰ ਅਨੁਕੂਲ ਬਣਾਉਂਦਾ ਹੋਇਆ ਹਾਰ ਗਿਆ, ਪਰ ਉਸਨੇ ਹੁਣ ਇੱਕ ਸਲਾਮੀ ਬੱਲੇਬਾਜ਼ ਦੇ ਰੂਪ ਵਿੱਚ ਟੀਮ ਵਿੱਚ ਆਪਣਾ ਸਥਾਨ ਸੁਰੱਖਿਅਤ ਕਰ ਲਿਆ ਹੈ। ਈਡਨ ਗਾਰਡਨ ਤੇ ਗੁਜਰਾਤ ਟਾਈਟਨਸ ਦੇ ਖਿਲਾਫ ਆਖਰੀ ਮੈਚ ’ਚ ਗੁਰਬਾਜ਼ ਨੇ 39 ਗੇਂਦਾਂ ’ਤੇ 81 ਦੌੜਾਂ ਬਣਾਈਆਂ, ਜਿਸ ’ਚ 7 ਛੱਕੇ ਅਤੇ 5 ਚੌਕੇ ਸ਼ਾਮਲ ਸਨ। ਗੁਰਬਾਜ਼ ਦੀ ਖੇਡ ਸ਼ੈਲੀ ਮੁੱਖ ਤੌਰ ’ਤੇ ਹਮਲਾਵਰ ਹੈ ਅਤੇ ਉਹ ਕੇਕੇਆਰ ਲਈ ਪਹਿਲੇ ਛੇ ਓਵਰਾਂ ਵਿੱਚ ਮਹੱਤਵਪੂਰਨ ਰਿਹਾ ਹੈ। ਗੁਰਬਾਜ਼ ਨੇ ਖੇਡੇ ਗਏ ਛੇ ਮੈਚਾਂ ਵਿੱਚ 145.24 ਦੀ ਸਟ੍ਰਾਈਕ ਰੇਟ ਨਾਲ ਬੱਲੇਬਾਜ਼ੀ ਕਰਦੇ ਹੋਏ 30.50 ਦੀ ਔਸਤ ਨਾਲ 183 ਦੌੜਾਂ ਬਣਾਈਆਂ ਹਨ।

ਨਵੀਨ ਉਲ ਹੱਕ ਐਲਐਸਜੀ ਲਈ ਮੁੱਖ ਤੇਜ਼ ਗੇਂਦਬਾਜ਼ ਵਜੋਂ ਉਭਰਿਆ। ਆਰਸੀਬੀ ਦੇ ਵਿਰਾਟ ਕੋਹਲੀ ਨਾਲ ਹਾਲ ਹੀ ਵਿੱਚ ਹੋਏ ਝਗੜੇ ਤੋਂ ਬਾਅਦ ਕੋਈ ਉਸਦੀ ਆਲੋਚਨਾ ਕਰ ਸਕਦਾ ਹੈ, ਪਰ ਨਵੀਨ ਉਲ ਹੱਕ ਨੇ ਲਖਨਊ ਸੁਪਰ ਜਾਇੰਟਸ ਲਈ ਹੁਣ ਤੱਕ ਖੇਡੀਆਂ ਚਾਰ ਮੈਚਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ।23 ਸਾਲਾ ਸੱਜੇ ਹੱਥ ਦੇ ਮੱਧਮ ਤੇਜ਼ ਗੇਂਦਬਾਜ਼ ਨੇ ਸਾਰੇ ਚਾਰ ਮੈਚਾਂ ਵਿੱਚ ਆਪਣੇ ਸਪੈੱਲ ਵਿੱਚ 30 ਤੋਂ ਵੱਧ ਦੌੜਾਂ ਨਹੀਂ ਦਿੱਤੀਆਂ ਅਤੇ ਪਿਛਲੇ ਦੋ ਮੈਚਾਂ ਵਿੱਚ ਉਸ ਨੇ 3-3 ਵਿਕਟਾਂ ਲਈਆਂ ਹਨ।ਟੀਮ ਦੇ ਮੁੱਖ ਤੇਜ਼ ਗੇਂਦਬਾਜ਼ ਮਾਰਕ ਵੁੱਡ ਨੂੰ ਸੱਟ ਕਾਰਨ ਆਰਾਮ ਦੇਣਾ ਪਿਆ ਸੀ, ਜਿਸ ਤੋਂ ਬਾਅਦ ਨਵੀਨ ਨੂੰ ਟੀਮ ਵਿੱਚ ਸ਼ਾਮਲ ਕੀਤਾ ਗਿਆ ਸੀ। ਵੁੱਡ ਨੇ ਚਾਰ ਮੈਚਾਂ ’ਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ 11 ਵਿਕਟਾਂ ਹਾਅਵੇਸ਼ ਖਾਨ ਦਾ ਇਸ ਸੀਜ਼ਨ ਦੇ 5 ਮੈਚਾਂ ’ਚ ਸਿਰਫ 6 ਵਿਕਟਾਂ ਲੈ ਕੇ ਔਸਤ ਰਿਹਾ ਹੈ ਅਤੇ ਵੁੱਡ ਦੀ ਗੈਰ-ਮੌਜੂਦਗੀ ’ਚ ਅਫਗਾਨਿਸਤਾਨ ਦਾ ਖਿਡਾਰੀ ਟੀਮ ਦਾ ਪ੍ਰਮੁੱਖ ਗੇਂਦਬਾਜ਼ ਬਣ ਗਿਆ।ਬੀਬੀਐਲ, ਸੀਪੀਐਲ, ਬੀਪੀਐਲ ਅਤੇ ਟੀ 20 ਬਲਾਸਟ ਵਰਗੀਆਂ ਲੀਗਾਂ ਵਿੱਚ ਖੇਡਣ ਤੋਂ ਬਾਅਦ ਟੀ 20 ਕ੍ਰਿਕਟ ਦਾ ਚੰਗਾ ਤਜਰਬਾ ਰੱਖਣ ਵਾਲੇ ਨਵੀਨ ਨੇ 128 ਮੈਚਾਂ ਵਿੱਚ 22.88 ਦੀ ਚੰਗੀ ਔਸਤ ਅਤੇ 8.01 ਦੀ ਆਰਥਿਕਤਾ ਦਰ ਨਾਲ 167 ਵਿਕਟਾਂ ਹਾਸਲ ਕੀਤੀਆਂ ਹਨ।ਅੰਤਰਰਾਸ਼ਟਰੀ ਕ੍ਰਿਕਟ ਚ ਇਸ ਤੇਜ਼ ਗੇਂਦਬਾਜ਼ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ ਅਤੇ 27 ਮੈਚਾਂ ’ਚ 34 ਵਿਕਟਾਂ ਹਾਸਲ ਕੀਤੀਆਂ ਹਨ।

ਗੁਜਰਾਤ ਟਾਈਟਨਸ ਨੂੰ ਨੂਰ ਅਹਿਮਦ ਵਿੱਚ ਇੱਕ ਹੋਰ ਰਹੱਸਮਈ ਸਪਿਨਰ ਮਿਲਿਆ ਹੈ। ਨੂਰ ਅਹਿਮਦ ਗੁਜਰਾਤ ਟਾਈਟਨਸ ਲਈ ਬਹੁਤ ਹੈਰਾਨੀਜਨਕ ਸਾਬਤ ਹੋਇਆ ਹੈ। ਉਹ ਕਿਫ਼ਾਇਤੀ ਰਿਹਾ ਹੈ ਅਤੇ ਬਹੁਤ ਚੁਸਤੀ ਨਾਲ ਅਤੇ ਖੇਡ ਦੀ ਸਥਿਤੀ ਦੇ ਅਨੁਸਾਰ ਗੇਂਦਬਾਜ਼ੀ ਕਰਦਾ ਹੈ।

2 ਮੈਚਾਂ ’ਚ ਉਸ ਨੇ 6 ਵਿਕਟਾਂ ਹਾਸਲ ਕੀਤੀਆਂ, ਜਿਸ ’ਚ ਰਾਜਸਥਾਨ ਦੇ ਸੰਜੂ ਸੈਮਸਨ, ਮੁੰਬਈ ਇੰਡੀਅਨਜ਼ ਦੇ ਕੈਮਰਨ ਗ੍ਰੀਨ ਅਤੇ ਸੂਰਿਆਕੁਮਾਰ ਯਾਦਵ ਦੀਆਂ ਵਿਕਟਾਂ ਸ਼ਾਮਲ ਹਨ।ਪਿਛਲੇ ਮੈਚ ਵਿੱਚ ਭਾਵੇਂ ਉਹ ਬਿਨਾਂ ਵਿਕਟ ਦੇ ਗਿਆ ਸੀ, ਪਰ ਉਸ ਨੇ ਆਪਣੇ ਸਪੈਲ ਵਿੱਚ ਸਿਰਫ਼ 20 ਦੌੜਾਂ ਹੀ ਦਿੱਤੀਆਂ, ਜੋ ਟੀਮ ਦੇ ਮੁੱਖ ਸਪਿਨਰ ਰਾਸ਼ਿਦ ਖ਼ਾਨ ਤੋਂ ਵੀ ਘੱਟ ਸਨ।

ਇਨ੍ਹਾਂ ਤਿੰਨ ਹੈਰਾਨੀਜਨਕ ਪ੍ਰਦਰਸ਼ਨ ਕਰਨ ਵਾਲਿਆਂ ਤੋਂ ਇਲਾਵਾ ਰਾਸ਼ਿਦ ਖਾਨ, ਆਮ ਵਾਂਗ, ਇਸ ਸੀਜ਼ਨ ਵਿੱਚ ਪ੍ਰਭਾਵਸ਼ਾਲੀ ਖਿਡਾਰੀ ਰਹੇ ਹਨ। ਲੈੱਗ ਸਪਿਨਰ ਨੇ 9 ਮੈਚਾਂ ਵਿੱਚ 8.56 ਦੀ ਆਰਥਿਕਤਾ ਨਾਲ 15 ਵਿਕਟਾਂ ਲਈਆਂ ਹਨ।

# ਕੀ ਹਾਕੀ ਭਾਰਤ ਦੀ ਰਾਸ਼ਟਰੀ ਖੇਡ ਹੈ?





ਭਾਰਤ ਦੀਆਂ ਖੇਡਾਂ ਦਾ ਲੰਬਾ ਇਤਿਹਾਸ ਰਿਹਾ ਹੈ। ਇਹ ਉਹ ਧਰਤੀ ਹੈ ਜਿੱਥੋਂ ਬਹੁਤ ਸਾਰੀਆਂ ਪ੍ਰਸਿੱਧ ਅਤੇ ਦੇਸੀ ਖੇਡਾਂ ਪੈਦਾ ਹੋਈਆਂ ਹਨ। ਤਾਂ ਕੀ ਖੇਡਾਂ ਦੇ ਸ਼ੌਕੀਨਾਂ ਨਾਲ ਭਰੇ ਇਸ ਦੇਸ਼ ਦੀ ਕੋਈ ਰਾਸ਼ਟਰੀ ਖੇਡ ਹੈ? ਅਕਸਰ ਹਾਕੀ ਨੂੰ ਭਾਰਤ ਦੀ ਰਾਸ਼ਟਰੀ ਖੇਡ ਕਿਹਾ ਜਾਂਦਾ ਹੈ ਪਰ ਕੀ ਹਾਕੀ ਸੱਚਮੁੱਚ ਭਾਰਤ ਦੀ ਰਾਸ਼ਟਰੀ ਖੇਡ ਹੈ।

**ਭਾਰਤ ਦੀ ਰਾਸ਼ਟਰੀ ਖੇਡ ਕੀ ਹੈ?**

ਦੁਨੀਆ ਭਰ ਦੇ ਦੇਸ਼ਾਂ ਨੇ ਵੱਖ-ਵੱਖ ਖੇਡਾਂ ਨੂੰ ਆਪਣੀਆਂ ਰਾਸ਼ਟਰੀ ਖੇਡਾਂ ਘੋਸ਼ਿਤ ਕੀਤਾ ਹੈ, ਕਿਉਂਕਿ ਇਹ ਵਿਸ਼ੇਸ਼ ਰਾਸ਼ਟਰ ਦੇ ਸੱਭਿਆਚਾਰ ਨੂੰ ਦਰਸਾਉਂਦੀਆਂ ਹਨ। ਜਦੋਂ ਕਿ ਭਾਰਤ ਵਿੱਚ ਬਹੁਤ ਸਾਰੀਆਂ ਪ੍ਰਸਿੱਧ ਖੇਡਾਂ ਹਨ, ਜਿਵੇਂ ਕਿ ਕ੍ਰਿਕਟ, ਕਬੱਡੀ, ਹਾਕੀ, ਬੈਡਮਿੰਟਨ, ਆਦਿ। ਪਰ ਇਸ ਵਿੱਚ ਰਾਸ਼ਟਰੀ ਖੇਡ ਨਹੀਂ ਹੈ। ਹਾਂ, ਆਮ ਧਾਰਨਾ ਦੇ ਉਲਟ ਕਿ ਹਾਕੀ ਭਾਰਤ ਦੀ ਰਾਸ਼ਟਰੀ ਖੇਡ ਹੈ, ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਭਾਰਤ ਦੀ ਅਧਿਕਾਰਤ ਤੌਰ ’ਤੇ ਮਾਨਤਾ ਪ੍ਰਾਪਤ ਰਾਸ਼ਟਰੀ ਖੇਡ ਨਹੀਂ ਹੈ।

ਭਾਰਤ ਵਿੱਚ ਸਰਕਾਰ ਸਾਰੀਆਂ ਖੇਡਾਂ ਦੀ ਮਹੱਤਤਾ ਨੂੰ ਮੰਨਦੀ ਹੈ ਅਤੇ ਤਰਜੀਹਾਂ ਦੀ ਲੜੀ ਸਥਾਪਤ ਕਰਨ ਦੀ ਕੋਸ਼ਿਸ਼ ਨਹੀਂ ਕਰਦੀ। ਇਹ ਸਾਰੀਆਂ ਪ੍ਰਸਿੱਧ ਖੇਡਾਂ ਨੂੰ ਉਤਸ਼ਾਹਿਤ ਅਤੇ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕਰਦਾ ਹੈ।

**ਭਾਰਤੀ ਲੋਕ ਹਾਕੀ ਨੂੰ ਭਾਰਤ ਦੀ ਰਾਸ਼ਟਰੀ ਖੇਡ ਕਿਉਂ ਮੰਨਦੇ ਹਨ?**

ਕਈ ਸਾਲਾਂ ਤੋਂ ਅਸੀਂ ਇਸ ਪ੍ਰਭਾਵ ਵਿੱਚ ਸੀ ਕਿ ਹਾਕੀ ਭਾਰਤ ਦੀ ਰਾਸ਼ਟਰੀ ਖੇਡ ਹੈ। ਇਹ ਸਮਝਣਾ ਮਹੱਤਵਪੂਰਨ ਹੈ ਕਿ ਜ਼ਿਆਦਾਤਰ ਭਾਰਤੀ ਹਾਕੀ ਨੂੰ ਆਪਣੀ ਰਾਸ਼ਟਰੀ ਖੇਡ ਕਿਉਂ ਦੇਖਦੇ ਹਨ। ਹਾਕੀ ਸਭ ਤੋਂ ਪੁਰਾਣੀਆਂ ਖੇਡਾਂ ਵਿੱਚੋਂ ਇੱਕ ਹੈ, ਜਿਸਨੂੰ 1925 ਵਿੱਚ ਕਾਨੂੰਨੀ ਮਾਨਤਾ ਦਿੱਤੀ ਗਈ ਸੀ। ਇਸ ਖੇਡ ਨੂੰ ਭਾਰਤੀ ਹਾਕੀ ਫੈਡਰੇਸ਼ਨ ਨੇ ਮਨਜ਼ੂਰੀ ਦਿੱਤੀ ਸੀ। ਭਾਰਤ ਇਸ ਖੇਡ ਵਿੱਚ ਲਗਾਤਾਰ ਵਿਸ਼ਵ ਦੀਆਂ ਸਰਵਸ਼੍ਰੇਸ਼ਠ ਟੀਮਾਂ ਵਿੱਚੋਂ ਇੱਕ ਰਿਹਾ ਹੈ। ਭਾਰਤੀ ਟੀਮ ਨੇ ਓਲੰਪਿਕ, ਵਿਸ਼ਵ ਕੱਪ ਅਤੇ ਹੋਰ ਟੂਰਨਾਮੈਂਟਾਂ ਸਮੇਤ ਲਗਭਗ ਹਰ ਖੇਤਰੀ ਹਾਕੀ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਭਾਰਤ ਦੀਆਂ ਪੁਰਸ਼ ਅਤੇ ਮਹਿਲਾ ਹਾਕੀ ਟੀਮਾਂ ਨੇ ਦੇਸ਼ ਦੇ ਖੇਡ ਹੁਨਰ ਨੂੰ ਬਾਕੀ ਦੁਨੀਆ ਨੂੰ ਦਿਖਾਇਆ ਹੈ। ਲੋਕ ਮੰਨਦੇ ਸਨ ਕਿ ਹਾਕੀ ‘ਭਾਰਤ ਦੀ ਰਾਸ਼ਟਰੀ ਖੇਡ’ ਹੈ ਕਿਉਂਕਿ ਇਸਦੀ ਸਫਲਤਾ ਅਤੇ ਪ੍ਰਸਿੱਧੀ ਹੈ।

**ਓਲੰਪਿਕ ਦੌਰਾਨ ਭਾਰਤੀ ਹਾਕੀ ਟੀਮ ਦੀਆਂ ਪ੍ਰਾਪਤੀਆਂ**

ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ, ਭਾਰਤ ਦੀ ਹਾਕੀ ਟੀਮ ਨੇ ਇੰਨਾ ਕੁਝ ਹਾਸਲ ਕੀਤਾ ਹੈ ਕਿ ਲੋਕ ਇਸ ਖੇਡ ਨੂੰ ‘ਭਾਰਤ ਦੀ ਰਾਸ਼ਟਰੀ ਖੇਡ’ ਮੰਨਦੇ ਹਨ। ਓਲੰਪਿਕ ਖੇਡਾਂ ਵਿੱਚ ਇਸ ਖੇਡ ਵਿੱਚ ਟੀਮ ਨੇ 12 ਤਗਮੇ ਜਿੱਤੇ ਹਨ ਅਤੇ ਪਿਛਲੇ ਸਾਲਾਂ ਦੌਰਾਨ ਸ਼ਲਾਘਾਯੋਗ ਪ੍ਰਦਰਸ਼ਨ ਕੀਤਾ ਹੈ।

ਹਾਕੀ ਦੀ ਸਥਾਪਨਾ ਤੋਂ ਬਾਅਦ ਹੀ ਕ੍ਰਿਕਟ ਨੇ ਭਾਰਤ ਵਿੱਚ ਪ੍ਰਸਿੱਧੀ ਪ੍ਰਾਪਤ ਕੀਤੀ। 1983 ਵਿੱਚ, ਸਾਡੇ ਦੇਸ਼ ਦੀ ਟੀਮ ਨੇ ਆਪਣਾ ਪਹਿਲਾ ਵਿਸ਼ਵ ਕੱਪ ਜਿੱਤ ਕੇ ਇਸ ਖੇਡ ਨੂੰ ਪ੍ਰਮੁੱਖਤਾ ਦਿੱਤੀ। ਕ੍ਰਿਕਟ ਆਪਣੇ ਮਸ਼ਹੂਰ ਖਿਡਾਰੀਆਂ ਅਤੇ ਮੌਜੂਦਾ ਸਫਲਤਾ ਦਰ ਕਾਰਨ ਘਰੇਲੂ ਨਾਮ ਬਣ ਗਿਆ ਹੈ। ਕਬੱਡੀ ਇੱਕ ਹੋਰ ਖੇਡ ਹੈ ਜਿਸ ਵਿੱਚ ਭਾਰਤ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ।ਕਈ ਉੱਤਰੀ ਰਾਜਾਂ ਵਿੱਚ ਕਬੱਡੀ ਬਹੁਤ ਮਸ਼ਹੂਰ ਹੈ ਅਤੇ ਇਸਦੇ ਖਿਡਾਰੀਆਂ ਨੇ ਕਈ ਖੇਡ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਕ੍ਰਿਕਟ ਅਤੇ ਕਬੱਡੀ ਭਾਰਤ ਵਿੱਚ ਰਾਸ਼ਟਰੀ ਖੇਡਾਂ ਨਹੀਂ ਹਨ ਕਿਉਂਕਿ ਇਹ ਸਾਰੇ ਦੇਸ਼ ਵਿੱਚ ਆਸਾਨੀ ਨਾਲ ਉਪਲਬਧ ਨਹੀਂ ਹਨ।

ਮਹਾਰਾਸ਼ਟਰ ਦੇ ਧੂਲੇ ਜ਼ਿਲ੍ਹੇ ਦੇ ਇੱਕ ਸਕੂਲ ਅਧਿਆਪਕ ਨੇ 2020 ਵਿੱਚ ਸਰਕਾਰ ਕੋਲ ਸੂਚਨਾ ਦਾ ਅਧਿਕਾਰ (ਆਰਟੀਆਈ) ਅਪੀਲ ਦਾਇਰ ਕੀਤੀ, ਇਹ ਪੁੱਛਿਆ ਕਿ ਦੇਸ਼ ਨੇ ਹਾਕੀ ਨੂੰ ਭਾਰਤ ਦੀ ਰਾਸ਼ਟਰੀ ਖੇਡ ਕਦੋਂ ਨਾਮਜ਼ਦ ਕੀਤਾ ਹੈ ਤਾਂ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਨੇ ਜਵਾਬ ਦਿੱਤਾ, “ਸਰਕਾਰ ਨੇ ਕਿਸੇ ਵੀ ਖੇਡ/ਖੇਡ ਨੂੰ ਦੇਸ਼ ਦੀ ਰਾਸ਼ਟਰੀ ਖੇਡ ਘੋਸ਼ਿਤ ਨਹੀਂ ਕੀਤਾ ਹੈ। ਸਰਕਾਰ ਦਾ ਉਦੇਸ਼ ਸਾਰੀਆਂ ਪ੍ਰਸਿੱਧ ਖੇਡਾਂ ਦੇ ਅਨੁਸ਼ਾਸਨਾਂ ਨੂੰ ਉਤਸ਼ਾਹਿਤ ਕਰਨਾ/ਉਤਸਾਹਿਤ ਕਰਨਾ ਹੈ।” ਹਾਲਾਂਕਿ ਟੋਕੀਓ ਓਲੰਪਿਕ 2021 ਵਿੱਚ ਭਾਰਤ ਦੇ ਸ਼ਾਨਦਾਰ ਪ੍ਰਦਰਸ਼ਨ ਤੋਂ ਬਾਅਦ ਹਾਕੀ ਨੂੰ ਰਾਸ਼ਟਰੀ ਖੇਡ ਬਣਾਉਣ ਦੀ ਮੰਗ ਤੇਜ਼ ਹੋ ਗਈ ਹੈ।

## ਮੈਸੀ ਤੇ ਫਰੇਜ਼ਰ ਨੂੰ ‘ਲੌਰੀਅਸ ਖੇਡ ਪੁਰਸਕਾਰ’




ਪੈਰਿਸ/ਏ.ਟੀ.ਨਿਊਜ਼:ਵਿਸ਼ਵ ਕੱਪ 2022 ਵਿੱਚ ਅਰਜਨਟੀਨਾ ਦੀ ਖਿਤਾਬੀ ਜਿੱਤ ਦੇ ਹੀਰੋ ਰਹੇ ਫੁਟਬਾਲਰ ਲਿਓਨਲ ਮੈਸੀ ਨੂੰ ਦੁਨੀਆ ਦੇ ਸਰਬੋਤਮ ਖਿਡਾਰੀ ਵਜੋਂ ‘ਲੌਰੀਅਸ ਪੁਰਸਕਾਰ’ ਦਿੱਤਾ ਗਿਆ, ਜਦਕਿ ਜਮਾਇਕਾ ਦੀ ਦੌੜਾਕ ਸ਼ੈਲੀ ਐਨ ਫਰੇਜ਼ਰ ਪ੍ਰਾਈਸ ਸਰਬੋਤਮ ਮਹਿਲਾ ਖਿਡਾਰਨ ਚੁਣੀ ਗਈ। ਫਰੇਜ਼ਰ ਪ੍ਰਾਈਸ ਨੇ ਪਿਛਲੇ ਸਾਲ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ ਪੰਜਵੀਂ ਵਾਰ 100 ਮੀਟਰ ਵਿੱਚ ਸੋਨ ਤਮਗਾ ਜਿੱਤਿਆ ਸੀ। ਲੌਰੀਅਸ ਸਪੋਰਟਸ ਐਵਾਰਡ ਬੀਤੀ ਰਾਤ ਪੈਰਿਸ ਵਿੱਚ ਦਿੱਤੇ ਗਏ। 2020 ਤੋਂ ਬਾਅਦ ਪਹਿਲੀ ਵਾਰ ਇਹ ਪੁਰਸਕਾਰ ਵਿਅਕਤੀਗਤ ਤੌਰ ’ਤੇ ਦਿੱਤੇ ਗਏ। 2020 ਵਿੱਚ ਮੈਸੀ ਨੂੰ ਫਾਰਮੂਲਾ ਵਨ ਡਰਾਈਵਰ ਲੁਈਸ ਹੈਮਿਲਟਨ ਨਾਲ ਸਾਂਝੇ ਤੌਰ ’ਤੇ ਇਹ ਪੁਰਸਕਾਰ ਦਿੱਤਾ ਗਿਆ ਸੀ। ਤਿੰਨ ਓਲੰਪਿਕ ਅਤੇ 10 ਵਿਸ਼ਵ ਚੈਂਪੀਅਨਸ਼ਿਪ ਵਿੱਚ ਸੋਨ ਤਮਗਾ ਜੇਤੂ ਫਰੇਜ਼ਰ ਪ੍ਰਾਈਸ ਨੇ ਇਸ ਨੂੰ ਆਪਣੇ ਕਰੀਅਰ ਦੇ ਸਭ ਤੋਂ ਵੱਡੇ ਪੁਰਸਕਾਰਾਂ ’ਚੋਂ ਇੱਕ ਦੱਸਦਿਆਂ ਕਿਹਾ, “ਸੁਰਖੀਆਂ ਵਿੱਚ ਰਹਿਣ ਵਾਲੇ ਖਿਡਾਰੀਆਂ ਲਈ ਜ਼ਰੂਰੀ ਹੈ ਕਿ ਉਹ ਅਗਲੀ ਪੀੜ੍ਹੀ ਲਈ ਮਿਸਾਲ ਕਾਇਮ ਕਰਨ।”

ਇਸ ਦੌਰਾਨ ਟੈਨਿਸ ਖਿਡਾਰੀ ਕਾਰਲੋਸ ਅਲਕਾਰਜ਼ ਨੂੰ ਸਾਲ ਦੀ ‘ਸਰਬੋਤਮ (ਬਾਕੀ ਸਫ਼ਾ 30 ’ਤੇ)

## 'ਲਵ ਜੇਹਾਦ' ਅਤੇ ਨੇਤਾਵਾਂ ਦੇ ਮੁਸਲਮਾਨ ਦਾਮਾਦ'

ਦੂਜੇ ਮੁਸਲਮਾਨ ਨਾਲ ਕੀਤਾ ਹੈ। ਇਸ ਲਈ ਉਨ੍ਹਾਂ ਦਾ ਡੀਐਨਏ ਇੱਕੋ ਜਿਹਾ ਹੋਵੇਗਾ।

ਇਸੇ ਤਰਾਂ ਉੱਤਰ ਪ੍ਰਦੇਸ਼ 'ਚ ਸਮਾਜਵਾਦੀ ਪਾਰਟੀ ਦੇ ਬੈਕਵਰਡ ਕਲਾਸ ਸੈੱਲ ਦੇ ਸੂਬਾ ਪ੍ਰਧਾਨ ਅਤੇ ਸਾਬਕਾ ਰਾਜ ਮੰਤਰੀ ਡਾ: ਰਾਜਪਾਲ ਕਸ਼ਯਪ ਅਕਸਰ ਕਹਿੰਦੇ ਹਨ ਕਿ ਭਾਜਪਾ ਹਿੰਦੂ ਮੁਸਲਮਾਨ ਦੀ ਗੱਲ ਕਰਦੀ ਹੈ, ਜਦਕਿ ਅਸਲੀਅਤ ਇਹ ਹੈ ਕਿ ਭਾਜਪਾ ਦੇ ਜ਼ਿਆਦਾਤਰ ਆਗੂਆਂ ਦੇ ਜਵਾਈ ਮੁਸਲਮਾਨ ਹਨ।

ਅਸਲ ਵਿੱਚ ਜਦੋਂ ਵੀ ਭਾਜਪਾ ਵੱਲੋਂ 'ਲਵ ਜੇਹਾਦ' ਦੀ ਗਲ ਕੀਤੀ ਜਾਂਦੀ ਹੈ ਤਾਂ ਤੁਰੰਤ ਕਾਂਗਰਸ ਅਤੇ ਭਾਜਪਾ ਵਿਰੋਧੀ ਸਿਆਸੀ ਪਾਰਟੀਆਂ ਦੇ ਨੇਤਾਵਾਂ ਵੱਲੋਂ 'ਭਾਜਪਾ ਨੇਤਾਵਾਂ ਦੇ ਮੁਸਲਮਾਨ ਦਾਮਾਦ' ਦੇ ਦਾਅਵੇ ਕੀਤੇ ਜਾਂਦੇ ਹਨ।'ਭਾਜਪਾ ਨੇਤਾਵਾਂ ਦੇ ਮੁਸਲਮਾਨ ਦਾਮਾਦ' ਸਬੰਧੀ ਸੋਸ਼ਲ ਮੀਡੀਆ 'ਤੇ ਵੱਖ- ਵੱਖ ਸੂਚੀਆਂ ਘੁੰਮ ਰਹੀਆਂ ਹਨ, ਜਿੰਨਾਂ ਦੀ ਅਸਲੀਅਤ ਬਾਰੇ ਭਾਵੇਂ ਕੁਝ ਨਹੀਂ ਕਿਹਾ ਜਾ ਸਕਦਾ ਪਰ ਇਹਨਾਂ ਸੂਚੀਆਂ ਕਾਰਨ ਭਾਰਤ ਦੇ ਵਸਨੀਕਾਂ 'ਚ

'ਲਵ ਜੇਹਾਦ' ਅਤੇ 'ਭਾਜਪਾ ਨੇਤਾਵਾਂ ਦੇ ਮੁਸਲਮਾਨ ਦਾਮਾਦ' ਦੀ ਚਰਚਾ ਜ਼ਰੂਰ ਛਿੜ ਗਈ ਹੈ।

ਕਾਂਗਰਸੀ ਆਗੂਆਂ ਦੇ ਦਾਅਵੇ :

ਕੁਝ ਸਮਾਂ ਪਹਿਲਾਂ ਮੱਧ ਪ੍ਰਦੇਸ਼ ਦੇ ਰੀਵਾ ਜ਼ਿਲ੍ਹੇ 'ਚ ਕਾਂਗਰਸ ਦੇ ਸਾਬਕਾ ਸੰਸਦ ਦੇਵਰਾਜ ਪਟੇਲ ਨੇ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਭਾਜਪਾ ਦੇ ਵੱਡੇ ਆਗੂ ਆਪਣੀਆਂ ਧੀਆਂ ਦਾ ਵਿਆਹ ਮੁਸਲਮਾਨਾਂ ਨਾਲ ਕਰਵਾ ਕੇ ਉਨ੍ਹਾਂ ਨੂੰ ਆਪਣਾ ਜਵਾਈ ਬਣਾ ਕੇ ਹਿੰਦੂ-ਮੁਸਲਿਮ ਮੁੱਦਿਆਂ 'ਤੇ ਜਨਤਾ ਨੂੰ ਗੁੰਮਰਾਹ ਕਰਦੇ ਹਨ। ਸਾਬਕਾ ਸੰਸਦ ਮੈਂਬਰ ਦੇ ਇਸ ਬਿਆਨ 'ਤੇ ਸਿਆਸੀ ਹੰਗਾਮਾ ਖੜ੍ਹਾ ਹੋ ਗਿਆ ਸੀ।

ਇਸੇ ਤਰਾਂ ਹੀ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਭਾਜਪਾ ਦੀ ਨੀਅਤ 'ਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਇਹ ਸ਼ਬਦ ਭਾਜਪਾ ਨੇ ਇਕ ਖਾਸ ਮਕਸਦ ਨਾਲ ਘੜਿਆ ਹੈ। ਉਸੇ ਤਰਾਂ ਛੱਤੀਸਗੜ੍ਹ ਦੇ ਮੁੱਖ ਮੰਤਰੀ ਭੂਪੇਸ਼ ਬਘੇਲ ਨੇ ਕਿਹਾ ਹੈ ਕਿ ਕਈ ਭਾਜਪਾ ਨੇਤਾਵਾਂ ਦੇ ਪਰਿਵਾਰਕ ਮੈਂਬਰਾਂ ਨੇ ਅੰਤਰ-ਧਾਰਮਿਕ ਵਿਆਹ ਵੀ ਕੀਤੇ ਹਨ। ਉਹਨਾਂ ਕਿਹਾ ਕਿ ਮੈਂ ਭਾਜਪਾ ਨੇਤਾਵਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਵੀ 'ਲਵ-ਜੇਹਾਦ' ਦੀ ਪਰਿਭਾਸ਼ਾ ਵਿੱਚ ਆਉਂਦਾ ਹੈ ?

ਸੀਨੀਅਰ ਕਾਂਗਰਸੀ ਆਗੂ ਅਤੇ ਛੱਤੀਸਗੜ੍ਹ ਦੇ ਮੁੱਖ ਮੰਤਰੀ ਭੂਪੇਸ਼ ਬਘੇਲ ਵੱਲੋਂ ਅੰਤਰ-ਧਾਰਮਿਕ ਵਿਆਹ ਕਰਵਾਉਣ ਵਾਲੇ ਭਾਜਪਾ ਦੇ ਜਿਹੜੇ ਨੇਤਾਵਾਂ ਦਾ ਜ਼ਿਕਰ ਕੀਤਾ ਹੈ, ਉਹਨਾਂ ਦਾ ਵੇਰਵਾ ਇਸ ਤਰਾਂ ਹੈ-

ਮੁਖਤਾਰ ਅੱਬਾਸ ਨਕਵੀ:

ਭਾਜਪਾ ਦਾ ਮਜ਼ਬੂਤ ਮੁਸਲਿਮ ਚਿਹਰਾ ਮੁਖਤਾਰ ਅੱਬਾਸ ਨਕਵੀ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ, ਉਹ ਪਾਰਟੀ ਦਾ ਸਪੱਸ਼ਟ ਤੌਰ 'ਤੇ ਮੁਸਲਿਮ ਚਿਹਰਾ ਰਿਹਾ ਹੈ, ਜਿਸ ਨੇ ਟੀਵੀ ਅਤੇ ਅਖ਼ਬਾਰਾਂ 'ਤੇ ਆਪਣੀ ਪ੍ਰਭਾਵਸ਼ਾਲੀ ਭਾਸ਼ਣ ਬਾਜ਼ੀ ਨਾਲ ਵਿਰੋਧੀਆਂ ਨੂੰ ਹਰਾ ਦਿੱਤਾ। ਮੁਖਤਾਰ ਦੀ ਪਤਨੀ ਸੀਮਾ ਨਕਵੀ ਹਿੰਦੂ ਹੈ ਅਤੇ ਦੋਹਾਂ ਦੀ ਲਵ ਮੈਰਿਜ ਹੈ। ਉਨ੍ਹਾਂ ਦੀ ਪ੍ਰੇਮ ਕਹਾਣੀ ਕਾਲਜ ਦੇ ਸਮੇਂ ਤੋਂ ਸ਼ੁਰੂ ਹੋਈ ਸੀ। ਨਕਵੀ ਜੋੜੇ ਨੇ 1983 ਵਿੱਚ ਤਿੰਨ ਤਰੀਕਿਆਂ ਨਾਲ ਵਿਆਹ ਕਰਵਾਇਆ ਸੀ। ਪਹਿਲਾਂ ਅਦਾਲਤ ਵਿੱਚ ਵਿਆਹ ਰਜਿਸਟਰ ਕਰਵਾਇਆ। ਫਿਰ ਉਨ੍ਹਾਂ ਦਾ ਵਿਆਹ ਹੋਇਆ ਅਤੇ ਫਿਰ ਸੱਤ ਫੇਰੇ ਲਏ ਅਤੇ ਸੱਤ ਜਨਮਾਂ ਲਈ ਇੱਕ ਹੋ ਗਏ।ਮੁਖਤਾਰ ਦੇ ਬੇਟੇ ਅਰਸ਼ਦ ਨੇ ਵੀ ਆਪਣੇ ਲਈ ਹਿੰਦੂ ਪਤਨੀ ਚੁਣੀ ਹੈ। ਮੁਖਤਾਰ ਦੀ ਨੂੰਹ ਦਾ ਨਾਂ ਸੁਮਨਾ ਨਕਵੀ ਹੈ।

ਸਈਅਦ ਸ਼ਾਹਨਵਾਜ਼ ਹੁਸੈਨ :

ਸਾਬਕਾ ਕੇਂਦਰੀ ਮੰਤਰੀ ਅਤੇ ਭਾਜਪਾ ਦੇ ਵਿਸਫੋਟਕ ਬੁਲਾਰੇ ਸਈਦ ਸ਼ਾਹਨਵਾਜ਼ ਹੁਸੈਨ ਦੀ ਹਿੰਦੂ ਪਤਨੀ ਰੇਣੂ ਹੁਸੈਨ ਇੱਕ ਸਕੂਲ ਅਧਿਆਪਕਾ ਹੈ। ਕਾਲਜ ਦੇ ਦੌਰਾਨ ਦੋਹਾਂ ਨੂੰ ਪਿਆਰ ਹੋ ਗਿਆ ਸੀ ਅਤੇ ਦੋਹਾਂ ਨੇ ਵਿਆਹ ਕਰਵਾ ਲਿਆ ਸੀ। ਦੋਵਾਂ ਦੀ ਮੁਲਾਕਾਤ ਦਿੱਲੀ ਵਿੱਚ ਇੱਕ ਡੀਟੀਸੀ ਬੱਸ ਵਿੱਚ ਹੋਈ ਅਤੇ ਦੋਵੇਂ ਇੱਕ ਦੂਜੇ ਨੂੰ ਪਸੰਦ ਕਰਨ ਲੱਗੇ। ਪਹਿਲਾਂ ਤਾਂ ਰੇਣੂ ਨੇ ਧਰਮ ਦਾ ਹਵਾਲਾ ਦਿੰਦੇ ਹੋਏ ਵਿਆਹ ਤੋਂ ਇਨਕਾਰ ਕਰ ਦਿੱਤਾ ਸੀ। ਪਰ, ਸ਼ਾਹਨਵਾਜ਼ ਨੇ 9 ਸਾਲ ਤੱਕ ਉਸ ਦਾ ਇੰਤਜ਼ਾਰ ਕੀਤਾ। ਆਖਿਰਕਾਰ 1994 ਵਿੱਚ ਦੋਵੇਂ ਇੱਕ ਦੂਜੇ ਦੇ ਹੋ ਗਏ।

**ਸਿਕੰਦਰ ਬਖ਼ਤ** :ਸਿਕੰਦਰ ਬਖ਼ਤ ਅਟਲ-ਅਡਵਾਨੀ ਯੁੱਗ ਦੌਰਾਨ ਭਾਜਪਾ ਦਾ ਮਜ਼ਬੂਤ ਮੁਸਲਿਮ ਨੇਤਾ ਸੀ। ਉਹ ਭਾਜਪਾ ਦੇ ਸੰਸਥਾਪਕ ਮੈਂਬਰਾਂ ਵਿੱਚੋਂ ਇੱਕ ਸੀ ਅਤੇ ਇੱਕ ਵਾਰ ਅਟਲ ਸਰਕਾਰ ਵਿੱਚ ਉਦਯੋਗ ਮੰਤਰੀ ਵਜੋਂ ਸੇਵਾ ਨਿਭਾਈ ਸੀ। ਉਸਨੇ ਇੱਕ ਹਿੰਦੂ ਔਰਤ, ਰਾਜ ਸ਼ਰਮਾ ਨਾਲ ਵੀ ਵਿਆਹ ਕੀਤਾ ਅਤੇ ਆਪਣੇ ਦੋ ਪੁੱਤਰਾਂ ਦੇ ਨਾਮ ਹਿੰਦੂ ਰੱਖੇ, ਅਨਿਲ ਬਖ਼ਤ ਅਤੇ ਸੁਨੀਲ ਬਖ਼ਤ।

**ਮੁਜ਼ੱਫਰ ਖਾਨ** :ਕਿਸੇ ਸਮੇਂ ਪੱਛਮੀ ਬੰਗਾਲ ਵਿੱਚ ਮੁਜ਼ੱਫਰ ਖਾਨ ਨਾਂ ਦਾ ਇੱਕ ਭਾਜਪਾ ਆਗੂ ਬਹੁਤ ਮਸ਼ਹੂਰ ਸੀ। ਉਸਨੇ ਇੱਕ ਹਿੰਦੂ ਕੁੜੀ ਨਾਲ ਵਿਆਹ ਵੀ ਕਰਵਾਇਆ ਸੀ। ਸੀਨੀਅਰ ਪੱਤਰਕਾਰ ਸਬਾ ਨਕਵੀ ਨੇ ਇੱਕ ਲੇਖ ਵਿੱਚ ਉਨ੍ਹਾਂ ਬਾਰੇ ਦੱਸਿਆ ਸੀ ਕਿ ਉਹ ਕਹਿੰਦੇ ਹਨ," ਭਾਜਪਾ ਸਾਰੇ ਧਰਮਾਂ ਦੇ ਲੋਕਾਂ ਦਾ ਪਰਿਵਾਰ ਹੈ। .....ਮੈਂ ਈਦ ਅਤੇ ਦੁਰਗਾ ਪੂਜਾ ਉਸੇ ਉਤਸ਼ਾਹ ਨਾਲ ਮਨਾਉਂਦਾ ਹਾਂ।"

**ਸੁਹਾਸਿਨੀ ਹੈਦਰ**: ਸੁਹਾਸਿਨੀ ਹੈਦਰ, ਸੀਨੀਅਰ ਭਾਜਪਾ ਨੇਤਾ ਸੁਬਰਾਮਣੀਅਮ ਸਵਾਮੀ ਦੀ ਧੀ, ਇੱਕ ਸੀਨੀਅਰ ਪੱਤਰਕਾਰ ਹੈ ਅਤੇ ਨਦੀਮ ਹੈਦਰ ਨਾਲ ਵਿਆਹੀ ਹੋਈ ਹੈ, ਜੋ ਇੱਕ ਮੁਸਲਮਾਨ ਹੈ। ਇਕ ਵਾਰ ਜਦੋਂ ਸਵਾਮੀ ਨੂੰ ਇਸ ਲਈ ਨਿਸ਼ਾਨਾ ਬਣਾਇਆ ਜਾ ਰਿਹਾ ਸੀ ਤਾਂ ਉਨ੍ਹਾਂ ਨੇ ਆਲੋਚਕਾਂ ਨੂੰ ਜਵਾਬ ਦਿੱਤਾ ਕਿ ਉਨ੍ਹਾਂ ਨੇ ਆਪਣੀਆਂ ਬੇਟੀਆਂ ਗੀਤਾਂਜਲੀ ਅਤੇ ਸੁਹਾਸਿਨੀ ਨੂੰ ਇਸ ਤਰ੍ਹਾਂ ਪਾਲਿਆ ਹੈ ਕਿ ਉਹ 21 ਸਾਲ ਦੀ ਉਮਰ ਤੋਂ ਬਾਅਦ ਆਪਣੇ ਲਈ ਸੋਚ ਸਕਣ, ਇਸ ਲਈ ਉਨ੍ਹਾਂ ਦਾ ਪਰਿਵਾਰ ਪਿਆਰ ਨਾਲ ਰਹਿੰਦਾ ਹੈ।

**ਸ਼੍ਰੇਆ ਗੁਪਤਾ** :ਇਸੇ ਤਰ੍ਹਾਂ ਭਾਜਪਾ ਦੇ ਇਕ ਹੋਰ ਮਜ਼ਬੂਤ ਨੇਤਾ ਰਾਮਲਾਲ ਗੁਪਤਾ ਹਨ, ਜੋ ਪਾਰਟੀ ਦੇ ਸੰਗਠਨ ਜਨਰਲ ਸਕੱਤਰ ਵਰਗੇ ਵੱਡੇ ਅਹੁਦੇ 'ਤੇ ਰਹਿੰਦੇ ਸਨ। ਕੁਝ ਸਾਲ ਪਹਿਲਾਂ ਉਸ ਦੀ ਭਤੀਜੀ ਸ਼੍ਰੇਆ ਗੁਪਤਾ ਦਾ ਵਿਆਹ ਫੈਜ਼ਾਨ ਕਰੀਮ ਨਾਂ ਦੇ ਮੁਸਲਿਮ ਨੌਜਵਾਨ ਨਾਲ ਹੋਇਆ ਸੀ ਅਤੇ ਜਾਣਕਾਰੀ ਮੁਤਾਬਕ ਰਾਮ ਲਾਲ ਖੁਦ ਵੀ ਲਾੜਾ-ਲਾੜੀ ਨੂੰ ਆਸ਼ੀਰਵਾਦ ਦੇਣ ਆਇਆ ਸੀ।

ਮੁਸਲਮਾਨ ਆਗੂਆਂ ਦੇ ਹਿੰਦੂ ਦਾਮਾਦ : ਭਾਰਤ ਦੀ ਰਾਜਨੀਤੀ ਵਿੱਚ ਅਜਿਹੇ ਸਿਆਸੀ ਆਗੂ ਵੀ ਹਨ, ਜਿੰਨਾਂ ਨੇ ਮੁਸਲਮਾਨ ਹੁੰਦਿਆਂ ਆਪਣੀਆਂ ਧੀਆਂ ਦੇ ਵਿਆਹ ਹਿੰਦੂ ਨੇਤਾਵਾਂ ਨਾਲ ਕੀਤੇ।

* ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਰਹਿ ਚੁੱਕੇ ਫਾਰੂਕ ਅਬਦੁੱਲਾ ਦਾ ਜਵਾਈ ਹਿੰਦੂ ਹੈ। ਫਾਰੂਕ ਦੀ ਬੇਟੀ ਸਾਰਾ ਅਬਦੁੱਲਾ ਦਾ ਵਿਆਹ ਰਾਜੇਸ਼ ਪਾਇਲਟ ਦੇ ਬੇਟੇ ਸਚਿਨ ਪਾਇਲਟ ਨਾਲ ਹੋਇਆ ਹੈ।
* ਟੀਐਮਸੀ ਨੇਤਾ ਅਤੇ ਅਭਿਨੇਤਰੀ ਨੁਸਰਤ ਜਹਾਂ ਦਾ ਵੀ ਹਿੰਦੂ ਕਾਰੋਬਾਰੀ ਨਿਖਿਲ ਜੈਨ ਨਾਲ ਵਿਆਹ ਹੋਇਆ ਸੀ। ਹਾਲਾਂਕਿ ਬਾਅਦ 'ਚ ਦੋਹਾਂ ਨੇ ਵੱਖ ਹੋਣ ਦਾ ਫੈਸਲਾ ਕੀਤਾ ਸੀ।

***

## 'ਭਾਜਪਾ ਨੇਤਾਵਾਂ ਦੇ ਮੁਸਲਮਾਨ ਦਾਮਾਦ'

ਰੇਣੂ ਹੁਸੈਨ ਦਾ ਪ੍ਰੇਮ ਵਿਆਹ ਹੋਇਆ ਸੀ ਅਤੇ ਉਨ੍ਹਾਂ ਦੀ ਕਹਾਣੀ ਕਈ ਮੀਡੀਆ ਆਊਟਲੈਟਸ ਦੁਆਰਾ ਕਵਰ ਕੀਤੀ ਗਈ ਹੈ। ਪਰ ਰੇਣੂ ਹੁਸੈਨ ਐਮਐਮ ਜੋਸ਼ੀ ਦੀ ਧੀ ਨਹੀਂ ਹੈ। ਇਸ ਤੋਂ ਪਹਿਲਾਂ, FACTLY ਨੇ 2019 ਵਿੱਚ ਉਸ ਦਾਅਵੇ ਨੂੰ ਨਕਾਰਦੇ ਹੋਏ ਇੱਕ ਤੱਥ-ਜਾਂਚ ਲੇਖ ਪ੍ਰਕਾਸ਼ਿਤ ਕੀਤਾ ਸੀ।

ਦਾਅਵਾ 2: ਲਾਲ ਕ੍ਰਿਸ਼ਨ ਅਡਵਾਨੀ ਦੀ ਧੀ ਰੋਸ਼ਨੀ ਨੇ ਸਲੀਮ ਨਾਲ ਅਤੇ ਉਸਦੀ ਭਤੀਜੀ ਪ੍ਰਤਿਭਾ ਨੇ ਹੁਸੈਨ ਨਾਲ ਵਿਆਹ ਕੀਤਾ।

- ਭਾਜਪਾ ਦੀ ਅਧਿਕਾਰਤ ਵੈੱਬਸਾਈਟ 'ਤੇ ਦਿੱਤੇ ਗਏ ਵੇਰਵਿਆਂ ਮੁਤਾਬਕ ਲਾਲ ਕ੍ਰਿਸ਼ਨ ਅਡਵਾਨੀ ਦੇ ਦੋ ਬੱਚੇ ਹਨ ਜਿਨ੍ਹਾਂ ਦਾ ਨਾਂ ਪ੍ਰਤਿਭਾ ਅਤੇ ਜਯੰਤ ਹੈ। ਪ੍ਰਤਿਭਾ ਲਾਲ ਕ੍ਰਿਸ਼ਨ ਅਡਵਾਨੀ ਦੀ ਇਕਲੌਤੀ ਬੇਟੀ ਹੈ।

ਜਦੋਂ ਜਾਂਚ ਕਰਨ ਵਾਲਿਆਂ ਨੇ ਪ੍ਰਤਿਭਾ ਅਡਵਾਨੀ ਬਾਰੇ ਹੋਰ ਵੇਰਵਿਆਂ ਦੀ ਖੋਜ ਕੀਤੀ, ਤਾਂ ਪਾਇਆ ਕਿ ਪ੍ਰਤਿਭਾ ਅਡਵਾਨੀ ਦਾ ਵਿਆਹ ਅਹਿਮਦਾਬਾਦ ਵਿੱਚ ਸਥਿਤ ਇੱਕ ਹੋਟਲ ਐਗਜ਼ੀਕਿਊਟਿਵ, ਕੈਲਾਸ਼ ਤਡਾਨੀ ਨਾਲ ਹੋਇਆ ਹੈ। ਹਾਲਾਂਕਿ, ਇਹ ਜੋੜਾ ਆਪਣੇ ਵਿਆਹ ਦੇ ਕੁਝ ਸਾਲਾਂ ਬਾਅਦ ਵੱਖ ਹੋ ਗਿਆ ਸੀ। ਇਸ ਕਿਤੇ ਵੀ ਨਹੀਂ ਦੱਸਿਆ ਗਿਆ ਹੈ ਕਿ ਪ੍ਰਤਿਭਾ ਅਡਵਾਨੀ ਨੇ ਬਾਅਦ ਵਿੱਚ ਸਲੀਮ ਜਾਂ ਹੁਸੈਨ ਨਾਮ ਦੇ ਇੱਕ ਮੁਸਲਮਾਨ ਵਿਅਕਤੀ ਨਾਲ ਵਿਆਹ ਕੀਤਾ ਸੀ। ਲਾਲ ਕ੍ਰਿਸ਼ਨ ਅਡਵਾਨੀ ਦੀ ਭਤੀਜੀ ਨੇ ਇੱਕ ਮੁਸਲਿਮ ਆਦਮੀ ਨਾਲ ਵਿਆਹ ਕੀਤਾ ਸੀ, ਅਜਿਹਾ ਕੋਈ ਸਬੂਤ ਨਹੀਂ ਲੱਭ ਸਕਿਆ।

**ਦਾਅਵਾ 3: ਸੁਬਰਾਮਨੀਅਮ ਸਵਾਮੀ ਦੀ ਧੀ ਸੁਹਾਸਿਨੀ ਨੇ ਨਦੀਮ ਹੈਦਰ ਨਾਲ ਵਿਆਹ ਕੀਤਾ**

-ਇਹ ਸੱਚ ਹੈ। ਇਕ ਖ਼ਬਰ ਮੁਤਾਬਕ ਭਾਜਪਾ ਨੇਤਾ ਸੁਬਰਾਮਨੀਅਮ ਸਵਾਮੀ ਦੀ ਬੇਟੀ ਸੁਹਾਸਿਨੀ ਨੇ ਸਾਬਕਾ ਭਾਰਤੀ ਡਿਪਲੋਮੈਟ ਸਲਮਾਨ ਹੈਦਰ ਦੇ ਬੇਟੇ ਨਦੀਮ ਹੈਦਰ ਨਾਲ ਵਿਆਹ ਕਰਵਾਇਆ। ਇੱਥੋਂ ਤੱਕ ਕਿ ਉਸਦੇ ਹਰ ਸੋਸ਼ਲ ਮੀਡੀਆ ਹੈਂਡਲ (ਫੇਸਬੁੱਕ, ਟਵਿੱਟਰ, ਇੰਸਟਾਗ੍ਰਾਮ) 'ਤੇ ਉਸਦਾ ਨਾਮ ਸੁਹਾਸਿਨੀ ਹੈਦਰ ਦੇਖਿਆ ਜਾ ਸਕਦਾ ਹੈ।

**ਦਾਅਵਾ 4: ਮੋਹਨ ਭਾਗਵਤ ਦੀ ਭਤੀਜੀ ਉਰਮਿਲਾ ਨੇ ਮੋਹਸਿਨ ਅਖਤਰ ਨਾਲ ਵਿਆਹ ਕੀਤਾ:**

-2016 ਵਿੱਚ ਬਾਲੀਵੁੱਡ ਅਭਿਨੇਤਰੀ ਉਰਮਿਲਾ ਮਾਤੋਂਡਕਰ ਨੇ ਇੱਕ ਕਸ਼ਮੀਰੀ ਵਪਾਰੀ ਮੋਹਸਿਨ ਅਖਤਰ ਮੀਰ ਨਾਲ ਵਿਆਹ ਕੀਤਾ ਸੀ। ਉਰਮਿਲਾ ਮਾਤੋਂਡਕਰ ਦੇ ਮਾਰਚ 2019 ਵਿੱਚ ਕਾਂਗਰਸ ਵਿੱਚ ਸ਼ਾਮਲ ਹੋਣ ਤੋਂ ਬਾਅਦ, ਕਈ ਸੋਸ਼ਲ ਮੀਡੀਆ ਉਪਭੋਗਤਾਵਾਂ ਨੇ ਸਾਂਝਾ ਕੀਤਾ ਕਿ ਉਰਮਿਲਾ ਆਰਐਸਐਸ ਮੁਖੀ ਮੋਹਨ ਭਾਗਵਤ ਦੀ ਭਤੀਜੀ ਸੀ। ਉਰਮਿਲਾ ਮਾਤੋਂਡਕਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਨ੍ਹਾਂ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਜੇਕਰ ਇਹ ਕਹਾਣੀ ਸੱਚ ਹੁੰਦੀ ਤਾਂ ਫ਼ਿਲਮ ਦੀ ਸਕ੍ਰਿਪਟ ਵਧੀਆ ਹੁੰਦੀ।

ਭਾਰਤ ਦੇਸ਼ ਏਕਤਾ ਵਿੱਚ ਅਨੇਕਤਾ ਅਤੇ ਅਨੇਕਤਾ ਵਿੱਚ ਏਕਤਾ ਦਾ ਸੰਦੇਸ਼ ਦਿੰਦਾ ਹੈ ਅਤੇ ਭਾਰਤ ਦੇਸ਼ ਦਾ ਆਪਣਾ ਕੋਈ ਧਰਮ ਨਹੀਂ ਹੈ ਅਤੇ ਭਾਰਤ ਵਿੱਚ ਧਰਮ ਨਿਰਪੱਖਤਾ ਨੂੰ ਮੁੱਖ ਰਖਿਆ ਜਾਂਦਾ ਹੈ। ਭਾਰਤ ਵਿੱਚ ਆਮ ਲੋਕ ਧਰਮ ਦੇ ਨਾਂਅ 'ਤੇ ਇਕ ਦੂਜੇ 'ਤੇ ਚਿੱਕੜ ਨਹੀਂ ਸੁੱਟਦੇ ਪਰ ਭਾਰਤ ਦੇ ਕੁਝ ਸਿਆਸੀ ਆਗੂਆਂ ਨੇ ਹਿੰਦੂ ਮੁਸਲਮਾਨ ਦਾ ਮੁੱਦਾ ਖੜ੍ਹਾ ਕਰਕੇ ਆਪਣੀਆਂ ਸਿਆਸੀ ਰੋਟੀਆਂ ਸੇਕਦੇ ਹਨ।ਹੁਣ 'ਦ ਕੇਰਲਾ ਸਟੋਰੀ' ਫ਼ਿਲਮ ਨੂੰ ਮੁੱਦਾ ਬਣਾ ਕੇ ਵੀ ਲਵ ਜੇਹਾਦ ਦੀ ਗੱਲ ਕੀਤੀ ਜਾ ਰਹੀ ਹੈ। ਅਸਲ ਵਿੱਚ ਅਜਿਹੀਆਂ ਭੜਕਾਊ ਗੱਲਾਂ ਨਾਲ ਆਮ ਲੋਕਾਂ ਦਾ ਕੋਈ ਸਬੰਧ ਨਹੀਂ ਹੁੰਦਾ। ਸਿਰਫ਼ ਸਿਆਸੀ ਆਗੂ ਚੋਣਾਂ ਮੌਕੇ ਸਿਆਸੀ ਲਾਭ ਲੈਣ ਲਈ ਅਜਿਹੇ ਮੁੱਦੇ ਭੜਕਾ ਦਿੰਦੇ ਹਨ, ਜਿਸ ਤੋਂ ਆਮ ਜਨਤਾ ਨੂੰ ਸੁਚੇਤ ਹੋਣ ਦੀ ਲੋੜ ਹੈ।

**

## ਪੰਜਾਬ ਦੀ ਸਿਆਸਤ ਦੀ ਦਸ਼ਾ ਤੇ ਦਿਸ਼ਾ

ਦਿੱਤਾ ਜਾਣਾ ਹੈ, ਜਿਸ ਤੋਂ ਪਤਾ ਚੱਲੇਗਾ ਕਿ ਪੰਜਾਬ ਵਿੱਚ ਆਪ ਸਰਕਾਰ ਦੀ ਇੱਕ ਸਾਲ ਦੀ ਕਾਰਗੁਜ਼ਾਰੀ ਤੋਂ ਪੰਜਾਬ ਜਾਂ ਜਲੰਧਰ ਲੋਕ ਸਭਾ ਹਲਕੇ ਦੇ ਲੋਕ ਕਿੰਨੇ ਕੁ ਸੰਤੁਸ਼ਟ ਹਨ।

ਇਹ ਸੀਟ ਪਹਿਲਾਂ ਵੀ ਕਾਂਗਰਸ ਕੋਲ ਸੀ, ਜਿਸ ਕਰਕੇ ਕਾਂਗਰਸ ਇਸ ਸੀਟ ਤੋਂ ਆਪਣੀ ਜਿੱਤ ਪੱਕੀ ਸਮਝ ਰਹੀ ਹੈ। ਜ਼ਿਕਰ ਯੋਗ ਹੈ ਕਿ ਜਲੰਧਰ ਸੀਟ ਤੋਂ ਕਾਂਗਰਸ ਦੇ ਸੰਸਦ ਮੈਂਬਰ ਚੌਧਰੀ ਸੰਤੋਖ ਸਿੰਘ ਦਾ ਕੁਝ ਸਮਾਂ ਪਹਿਲਾਂ ਦੇਹਾਂਤ ਹੋ ਗਿਆ ਸੀ। ਉਹ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ 'ਚ ਸ਼ਾਮਲ ਹੋਏ ਸੀ। ਇਸ ਦੌਰਾਨ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ। ਉਸ ਨੂੰ ਹਸਪਤਾਲ ਲਿਜਾਇਆ ਗਿਆ ਪਰ ਉਸ ਦੀ ਮੌਤ ਹੋ ਗਈ। ਜਿਸ ਤੋਂ ਬਾਅਦ ਕਾਂਗਰਸ ਨੇ ਉਨ੍ਹਾਂ ਦੇ ਪਰਿਵਾਰ ਨੂੰ ਹੀ ਟਿਕਟ ਦਿੰਦੇ ਹੋਏ ਉਨ੍ਹਾਂ ਦੀ ਪਤਨੀ ਨੂੰ ਮੈਦਾਨ 'ਚ ਉਤਾਰਿਆ।

ਜਲੰਧਰ ਲੋਕ ਸਭਾ ਜ਼ਿਮਨੀ ਚੋਣ ਜਿੱਤਣ ਲਈ ਹਰ ਪਾਰਟੀ ਆਪੋ ਆਪਣੇ ਦਾਅਵੇ ਕਰ ਰਹੀ ਹੈ।

ਇਸ ਚੋਣ ਦਾ ਨਤੀਜਾ ਭਾਵੇਂ ਜੋ ਮਰਜ਼ੀ ਹੋਵੇ ਪਰ ਇਕ ਗਲ ਤੈਅ ਹੈ ਕਿ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਦਾ ਨਤੀਜਾ ਪੰਜਾਬ ਦੀ ਸਿਆਸਤ ਦੀ ਦਸ਼ਾ ਅਤੇ ਦਿਸ਼ਾ ਨੂੰ ਤੈਅ ਕਰੇਗਾ।

***

## ਮਨੁੱਖੀ ਅਧਿਕਾਰ, ਬੰਦੂਕ ਹਿੰਸਾ

ਇਸ ਨਸ਼ੇ ਨੂੰ ਅਮਰੀਕੀ ਸਮਾਜ ਵਿੱਚੋਂ ਕੱਢਣਾ ਬੇਹੱਦ ਔਖਾ ਹੈ।ਇੱਥੇ ਪੈਦਾ ਹੋਇਆ ਗੰਨ ਸੱਭਿਆਚਾਰ, ਬੰਦੂਕ ਕੰਪਨੀਆਂ ਦੀ ਮਜ਼ਬੂਤ ? ?ਲਾਬੀ ਅਤੇ ਸਿਆਸਤ ਇਸ ਲਈ ਜ਼ਿੰਮੇਵਾਰ ਹਨ।ਅਮਰੀਕਾ ਦੇ ਦਰਜਨਾਂ ਰਾਸ਼ਟਰਪਤੀਆਂ ਨੇ ਗੰਨ ਸੱਭਿਆਚਾਰ ਦੀ ਵਕਾਲਤ ਕੀਤੀ ਹੈ। ਰਾਸ਼ਟਰਪਤੀਆਂ ਨੇ ਸਖ਼ਤ ਬੰਦੂਕ ਕਾਨੂੰਨ ਬਣਾਉਣ ਦਾ ਵਿਰੋਧ ਕੀਤਾ ਹੈ। ਉਨ੍ਹਾਂ ਵਿੱਚ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵੀ ਸ਼ਾਮਲ ਹਨ। ਪਿਛਲੇ ਸਾਲ, ਜਦੋਂ ਰਾਸ਼ਟਰਪਤੀ ਜੋਅ ਬਿਡੇਨ ਨੇ ਬੰਦੂਕਾਂ ਨੂੰ ਜਨਤਾ ਦੀ ਪਹੁੰਚ ਤੋਂ ਦੂਰ ਰੱਖਣ ਲਈ ਕਾਨੂੰਨ ਬਣਾਉਣਾ ਸ਼ੁਰੂ ਕੀਤਾ, ਤਾਂ ਬੰਦੂਕ ਦੀ ਲਾਬੀ ਦੁਆਰਾ ਉਨ੍ਹਾਂ ਦਾ ਸਖ਼ਤ ਵਿਰੋਧ ਕੀਤਾ ਗਿਆ ਸੀ। ਹਾਲਾਂਕਿ ਬਿਡੇਨ ਪ੍ਰਸ਼ਾਸਨ ਕਾਨੂੰਨ ਬਣਾਉਣ ਵਿੱਚ ਸਫਲ ਰਿਹਾ, ਪਰ ਲੋਕਾਂ ਬੰਦੂਕਾਂ ਵਲ ਰੁਝਾਨ ਨਹੀਂ ਘਟਿਆ ਤੇ ਨਾ ਹੀ ਬੰਦੂਕ ਹਿੰਸਾ ਕਾਰਣ ਮੌਤਾਂ ਦੀ ਗਿਣਤੀ ਵਿੱਚ ਕਮੀ ਆਈ ਹੈ।

ਗੰਨ ਵਾਇਲੈਂਸ ਆਰਕਾਈਵ ਦੇ ਅਨੁਸਾਰ, ਸਮੂਹਿਕ ਗੋਲੀਬਾਰੀ ਇੱਕ ਅਜਿਹੀ ਘਟਨਾ ਨੂੰ ਕਿਹਾ ਜਾਂਦਾ ਹੈ ਜਿਸ ਵਿੱਚ ਸ਼ੂਟਰ ਸਮੇਤ ਚਾਰ ਜਾਂ ਵੱਧ ਲੋਕ ਜ਼ਖਮੀ ਜਾਂ ਮਾਰੇ ਜਾਂਦੇ ਹਨ। ਗਨ ਵਾਇਲੈਂਸ ਆਰਕਾਈਵ ਦੀ ਰਿਪੋਰਟ ਅਨੁਸਾਰ 2023 ਵਿੱਚ ਹੁਣ ਤੱਕ ਬੰਦੂਕ ਹਿੰਸਾ ਨਾਲ ਸਬੰਧਤ 11,521 ਮੌਤਾਂ ਹੋਈਆਂ ਹਨ।ਜੇਕਰ ਸਾਲ 2022 ਦੀ ਗੱਲ ਕਰੀਏ ਤਾਂ ਪਿਛਲੇ ਸਾਲ ਅਮਰੀਕਾ ਵਿੱਚ ਸਮੂਹਿਕ ਗੋਲੀਬਾਰੀ ਦੀਆਂ ਕੁਲ 647 ਘਟਨਾਵਾਂ ਹੋਈਆਂ ਸਨ। ਯਾਨੀ ਹਰ ਮਹੀਨੇ 53 ਗੋਲੀਬਾਰੀ ਦੀਆਂ ਘਟਨਾਵਾਂ ਵਾਪਰੀਆਂ, ਯਾਨੀ ਅਮਰੀਕਾ ਵਿੱਚ ਹਰ ਰੋਜ਼ ਦੋ ਥਾਵਾਂ 'ਤੇ ਸਮੂਹਿਕ ਗੋਲੀਬਾਰੀ ਹੁੰਦੀ ਹੈ। ਪਿਛਲੇ ਸਾਲ ਅਮਰੀਕਾ ਵਿੱਚ ਸਮੂਹਿਕ ਗੋਲੀਬਾਰੀ ਵਿੱਚ ਲਗਭਗ 45,000 ਲੋਕ ਮਾਰੇ ਗਏ ਸਨ, ਜਿਨ੍ਹਾਂ ਵਿੱਚ 6,000 ਤੋਂ ਵੱਧ ਬੱਚੇ ਸਨ।

**ਗੰਨ ਕੰਪਨੀਆਂ ਦੀ ਸਿਆਸਤ ਵਿੱਚ ਘੁਸਪੈਠ** : ਗੰਨ ਕੰਪਨੀਆਂ ਦੀ ਅਮਰੀਕਾ ਦੀ ਰਾਜਨੀਤੀ ਵਿੱਚ ਡੂੰਘੀ ਸ਼ਮੂਲੀਅਤ ਹੈ। 2019 ਦੀ ਇੱਕ ਰਿਪੋਰਟ ਦੇ ਅਨੁਸਾਰ, ਅਮਰੀਕਾ ਵਿੱਚ 63,000 ਲਾਇਸੰਸਸ਼ੁਦਾ ਬੰਦੂਕ ਡੀਲਰ ਸਨ, ਜਿਨ੍ਹਾਂ ਨੇ ਉਸ ਸਾਲ ਅਮਰੀਕੀ ਨਾਗਰਿਕਾਂ ਨੂੰ 83,000 ਕਰੋੜ ਰੁਪਏ ਦੀਆਂ ਬੰਦੂਕਾਂ ਵੇਚੀਆਂ ਸਨ। ਜ਼ਾਹਿਰ ਹੈ ਕਿ ਇਹ ਬੰਦੂਕ ਬਣਾਉਣ ਵਾਲੀਆਂ ਕੰਪਨੀਆਂ ਰਾਜਨੀਤੀ ਵਿੱਚ ਪੈਸੇ ਦੇ ਵਹਾਅ ਨੂੰ ਬਣਾਈ ਰੱਖਣ ਵਿੱਚ ਸਹਾਈ ਸਿੱਧ ਹੁੰਦੀਆਂ ਹਨ।

ਤੁਹਾਨੂੰ ਦੱਸ ਦੇਈਏ ਕਿ 15 ਦਸੰਬਰ 1791 ਦੌਰਾਨ ਅਮਰੀਕਾ ਵਿੱਚ ਸੰਵਿਧਾਨ ਦੀ ਦੂਜੀ ਸੋਧ ਦੇ ਤਹਿਤ ਅਮਰੀਕੀ ਨਾਗਰਿਕਾਂ ਨੂੰ ਹਥਿਆਰ ਰੱਖਣ ਅਤੇ ਖਰੀਦਣ ਦਾ ਅਧਿਕਾਰ ਦਿੱਤਾ ਗਿਆ ਸੀ। ਕਿਹਾ ਜਾਂਦਾ ਹੈ ਕਿ ਅਜਿਹਾ ਬੰਦੂਕ ਦੀ ਲਾਬੀ ਕਾਰਨ ਕੀਤਾ ਗਿਆ ਸੀ, ਜਿਸ ਕਾਰਨ ਪੂਰਾ ਅਮਰੀਕਾ ਖਮਿਆਜ਼ਾ ਭੁਗਤ ਰਿਹਾ ਹੈ ਤੇ ਕੋਈ ਵੀ ਕੋਈ ਵੀ ਸਨਕੀ ਤਾਬੜਤੋੜ ਫਾਇਰਿੰਗ ਕਰਕੇ ਕਈ ਲੋਕਾਂ ਦੀ ਜਾਨ ਲੈ ਲੈਂਦਾ ਹੈ।

***

## ਅਮਰੀਕਾ ਦੇ ਟੈਕਸਾਸ ਰਾਜ

ਲਾਪਰਵਾਹੀ ਨਾਲ ਗੱਡੀ ਚਲਾਉਣ ਦੇ ਦੋਸ਼ ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਤੇ ਉਸ ਵਿਰੁੱਧ ਹੋਰ ਦੋਸ਼ ਵੀ ਆਇਦ ਹੋਣ ਦੀ ਸੰਭਾਵਨਾ ਹੈ। ਡਰਾਈਵਰ ਕਾਰ ਵਿੱਚ ਇਕੱਲਾ ਹੀ ਸੀ ਜੋ ਇਸ ਸਮੇਂ ਜ਼ਖ਼ਮੀ ਹਾਲਤ ਵਿੱਚ ਇਲਾਜ ਅਧੀਨ ਹੈ। ਪੁਲਿਸ ਨੇ ਡਰਾਈਵਰ ਦਾ ਨਾਂ ਜਨਤਕ ਨਹੀਂ ਕੀਤਾ ਹੈ।

***

## ਸ੍ਰੀ ਦਰਬਾਰ ਸਾਹਿਬ ਨੇੜੇ ਹੈਰੀਟੇਜ ਸਟਰੀਟ ਵਿੱਚ

ਜਾਨੀ ਨੁਕਸਾਨ ਨਹੀਂ ਹੋਇਆ ਪਰ ਲੋਕਾਂ ਵਿੱਚ ਦਹਿਸ਼ਤ ਵਾਲਾ ਮਾਹੌਲ ਬਣ ਗਿਆ। ਪੁਲੀਸ ਕਮਿਸ਼ਨਰ ਨੌਨਿਹਾਲ ਸਿੰਘ ਨੇ ਆਖਿਆ ਕਿ ਧਮਾਕੇ ਮਗਰੋਂ ਵਿਰਾਸਤੀ ਮਾਰਗ ਵਿੱਚ ਚੌਕਸੀ ਵਧਾ ਦਿੱਤੀ ਹੈ ਅਤੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ।

ਹੈਰੀਟੇਜ ਸਟਰੀਟ ਵਿੱਚ ਸਾਰਾਗੜ੍ਹੀ ਪਾਰਕਿੰਗ ਵਿੱਚ ਸੋਮਵਾਰ ਸਵੇਰੇ ਲਗਭਗ ਸਾਢੇ ਛੇ ਵਜੇ ਮੁੜ ਧਮਾਕਾ ਹੋਇਆ, ਜਿਸ ਨਾਲ ਇਕ ਵਿਅਕਤੀ ਜ਼ਖ਼ਮੀ ਹੋਇਆ ਅਤੇ ਕਾਰ ਦੇ ਸ਼ੀਸ਼ੇ ਟੁੱਟ ਗਏ। ਇਸ ਤੋਂ ਪਹਿਲਾਂ ਸ਼ਨਿਚਰਵਾਰ ਰਾਤ ਨੂੰ ਲਗਭਗ 12 ਵਜੇ ਧਮਾਕਾ ਹੋਇਆ ਸੀ ਅਤੇ ਇਮਾਰਤ ਵਿੱਚ ਲੱਗੇ ਸ਼ੀਸ਼ੇ ਟੁੱਟਣ ਕਾਰਨ ਲਗਭਗ ਪੰਜ -ਛੇ ਵਿਅਕਤੀ ਜ਼ਖਮੀ ਹੋ ਗਏ ਸਨ। ਫਿਲਹਾਲ ਦੋਵੇਂ ਧਮਾਕੇ ਭੇਤ ਬਣੇ ਹੋਏ ਹਨ। ਘਟਨਾ ਵਾਪਰਨ ਤੋਂ ਬਾਅਦ ਪੁਲਿਸ ਦੇ ਸੀਨੀਅਰ ਅਧਿਕਾਰੀ ਮੌਕੇ 'ਤੇ ਪੁੱਜੇ ਸਨ। ਫੋਰੈਂਸਿਕ ਮਾਹਿਰ ਤੇ ਬੰਬ ਨਕਾਰਾ ਕਰਨ ਤੇ ਲੱਭਣ ਵਾਲਾ ਦਸਤਾ ਵੀ ਮੌਕੇ 'ਤੇ ਪੁੱਜਿਆ ਸੀ ਅਤੇ ਜਾਂਚ ਸ਼ੁਰੂ ਕਰ ਦਿੱਤੀ। ਇਸ ਜਾਂਚ ਦੌਰਾਨ ਹੈਰੀਟੇਜ ਸਟਰੀਟ ਵਿੱਚ ਇੱਕ ਪਾਸੇ ਦੀ ਸੜਕ ਨੂੰ ਸੀਲ ਕਰ ਦਿੱਤਾ ਗਿਆ। ਪੁਲੀਸ ਦੇ ਡੀਜੀਪੀ ਗੌਰਵ ਯਾਦਵ ਵੀ ਮੌਕੇ 'ਤੇ ਪੁੱਜੇ ਅਤੇ ਉਨ੍ਹਾਂ ਨੇ ਇਸ ਮਾਮਲੇ ਨੂੰ ਲੈ ਕੇ ਪੁਲੀਸ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਮੀਡੀਆ ਨਾਲ ਗੱਲ ਕਰਦੇ ਹੋਏ ਯਾਦਵ ਨੇ ਆਖਿਆ ਕਿ ਫੌਰੈਂਸਿਕ ਮਾਹਿਰਾਂ ਵੱਲੋਂ ਦੋਵਾਂ ਧਮਾਕਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਸਪੱਸ਼ਟ ਕੀਤਾ ਕਿ ਮੁੱਢਲੀ ਜਾਂਚ ਦੌਰਾਨ ਇਸ ਘਟਨਾ ਨੂੰ ਅੱਤਵਾਦੀ ਕਾਰਵਾਈ ਜਾਂ ਕਿਸੇ ਸ਼ਰਾਰਤੀ ਵਿਅਕਤੀ ਵੱਲੋਂ ਕੀਤੀ ਕਾਰਵਾਈ ਆਖਣਾ ਜਲਦਬਾਜ਼ੀ ਹੋਵੇਗੀ।



## ਅਮਰੀਕਾ ਵਿੱਚ ਗਰਭ ਵਿੱਚ ਪਲ ਰਹੇ

ਇਸ ਦੇ ਆਲੇ-ਦੁਆਲੇ ਕੈਥੀਟਰ ਲੰਘਾਇਆ ਤਾਂ ਕਿ ਖੂਨ ਨਾਲ ਭਰੀ ਜਗ੍ਹਾ ਵਿੱਚ ਛੋਟੀਆਂ ਪਲੈਟੀਨਮ ਕੋਇਲਾਂ ਪਾਈਆਂ ਜਾ ਸਕਣ।

ਦਾਖਲ ਹੋਣ 'ਤੇ ਹਰੇਕ ਕੋਇਲ ਦਾ ਵਿਸਤਾਰ ਹੋਇਆ। ਇਸ ਨੇ ਧਮਣੀ ਅਤੇ ਨਾੜੀ ਦੇ ਜੰਕਸ਼ਨ ਨੂੰ ਬਲਾਕ ਕਰਨ ਵਿੱਚ ਮਦਦ ਕੀਤੀ। ਇਸ ਦੌਰਾਨ ਟੀਮ ਦੇ ਕੁਝ ਮੈਂਬਰਾਂ ਨੇ ਬੱਚੇ ਦੇ ਦਿਮਾਗ ਵਿੱਚ ਖੂਨ ਦੇ ਪ੍ਰਵਾਹ ਦੀ ਨਿਗਰਾਨੀ ਕੀਤੀ। ਜਦੋਂ ਇਹ ਯਕੀਨੀ ਹੋ ਗਿਆ ਕਿ ਬੀਪੀ ਆਮ ਪੱਧਰ 'ਤੇ ਆ ਗਿਆ ਹੈ, ਤਾਂ ਕੋਇਲ ਨੂੰ ਟੀਕਾ ਲਗਾਉਣਾ ਬੰਦ ਕਰ ਦਿੱਤਾ ਅਤੇ ਧਿਆਨ ਨਾਲ ਸੂਈ ਨੂੰ ਬਾਹਰ ਕੱਢ ਲਿਆ ਗਿਆ। ਇਹ ਸਰਜਰੀ 20 ਮਿੰਟਾਂ ਵਿੱਚ ਕੀਤੀ ਗਈ ਸੀ। ਇਸ ਸਾਰੀ ਪ੍ਰਕਿਰਿਆ ਵਿਚ ਦੋ ਘੰਟੇ ਲੱਗ ਗਏ। ਖੁਸੀ ਗੱਲ ਵਾਲੀ ਗੱਲ ਸੀ ਕਿ ਸਰਜਰੀ ਸਫਲ ਰਹੀ। ਡੇਨਵਰ ਦੋ ਦਿਨਾਂ ਬਾਅਦ ਦੁਨੀਆ ਵਿੱਚ ਆਈ।

ਇਹ ਸਰਜਰੀ ਅਮਰੀਕਾ ਦੇ ਬੋਸਟਨ ਚਿਲਡਰਨ ਹਸਪਤਾਲ ਅਤੇ ਬ੍ਰਿਘਮ ਅਤੇ ਮਹਿਲਾ ਹਸਪਤਾਲ ਦੇ ਸਰਜਨਾਂ ਵੱਲੋਂ ਕੀਤੀ ਗਈ ਸੀ। ਸਰਜਰੀ ਲਈ ਐਂਬੋਲਾਈਜ਼ੇਸ਼ਨ ਨਾਮਕ ਇੱਕ ਸਰਜੀਕਲ ਤਕਨੀਕ ਦੀ ਵਰਤੋਂ ਕੀਤੀ ਗਈ ਸੀ। ਸਰਜਰੀ ਨਾਲ ਸਬੰਧਤ ਵੇਰਵੇ ਸਟ੍ਰੋਕ ਮੈਗਜ਼ੀਨ ਵਿੱਚ ਪ੍ਰਕਾਸ਼ਿਤ ਕੀਤੇ ਗਏ ਹਨ। ਇਸ ਵਿਚ ਕਿਹਾ ਗਿਆ ਹੈ ਕਿ ਸਰਜਰੀ ਸਫਲ ਰਹੀ।

ਸਾਇੰਸ ਅਲਰਟ ਦੀ ਰਿਪੋਰਟ ਮੁਤਾਬਕ ਬੱਚੇ ਦਾ ਜਨਮ ਸਰਜਰੀ ਤੋਂ ਬਾਅਦ ਹੋਇਆ ਹੈ। ਉਸਦਾ ਵਿਕਾਸ ਚੰਗੀ ਤਰ੍ਹਾਂ ਹੋ ਰਿਹਾ ਹੈ ਅਤੇ ਉਸਨੂੰ ਦਵਾਈ ਦੀ ਵੀ ਲੋੜ ਨਹੀਂ। ਉਸਦੀ ਖੁਰਾਕ ਆਮ ਹੈ ਅਤੇ ਭਾਰ ਵੀ ਵੱਧ ਰਿਹਾ ਹੈ। ਬੱਚਾ ਘਰ ਆ ਗਿਆ ਹੈ। ਉਸ ਦੇ ਦਿਮਾਗ 'ਤੇ ਸਰਜਰੀ ਦੇ ਕੋਈ ਨਕਾਰਾਤਮਕ ਸੰਕੇਤ ਨਹੀਂ ਹਨ।

***

## ਸੀਰੀਆ ਦੀ 12 ਸਾਲ ਬਾਅਦ

ਬਣਾਈ ਗਈ ਸੀ। ਉਦੋਂ ਛੇ ਦੇਸ਼ ਮੈਂਬਰ ਸਨ। ਹੈੱਡਕੁਆਰਟਰ ਮਿਸਰ ਦੀ ਰਾਜਧਾਨੀ ਕਾਹਿਰਾ ਵਿੱਚ ਹੈ। ਹਰ ਸਾਲ ਮਾਰਚ ਅਤੇ ਸਤੰਬਰ ਵਿੱਚ ਦੋ ਮੀਟਿੰਗਾਂ ਹੁੰਦੀਆਂ ਹਨ। ਜੇਕਰ ਲੋੜ ਹੋਵੇ ਤਾਂ ਕੋਈ ਵੀ ਮੈਂਬਰ ਐਮਰਜੈਂਸੀ ਮੀਟਿੰਗ ਬੁਲਾਉਣ ਦਾ ਪ੍ਰਸਤਾਵ ਦੇ ਸਕਦਾ ਹੈ। ਇਸਨੂੰ ਅਰਬ ਰਾਜਾਂ ਦੀ ਲੀਗ ਵੀ ਕਿਹਾ ਜਾਂਦਾ ਹੈ।

ਭਾਰਤ 2007 ਵਿੱਚ ਇਸ ਦਾ ਨਿਗਰਾਨ ਦੇਸ਼ ਰਿਹਾ ਹੈ। ਲੀਗ ਦੇ ਜ਼ਿਆਦਾਤਰ ਦੇਸ਼ਾਂ ਨਾਲ ਭਾਰਤ ਦੇ ਬਹੁਤ ਚੰਗੇ ਸਬੰਧ ਹਨ। ਇਸ ਤੋਂ ਇਲਾਵਾ ਅਰਬ ਦੇਸ਼ਾਂ ਵਿੱਚ ਭਾਰਤ ਦੇ ਲੱਖਾਂ ਨਾਗਰਿਕ ਰਹਿੰਦੇ ਹਨ।

***

## ਗਿਆਨ ਸ਼ਾਸ਼ਤਰ ਰਾਹੀਂ ਸਿੱਖ ਜਗਤ

ਚੀਫ ਖਾਲਸਾ ਦੀਵਾਨ ਦੀ ਕਿਸੇ ਵੇਲੇ ਗਿਆਨ ਉਸਾਰੀ ਵਿੱਚ ਵੱਡੀ ਭੂਮਿਕਾ ਰਹੀ ਹੈ।

ਇਹਨਾਂ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਸਿੱਖ ਵਿਦਿਆਰਥੀਆਂ ਦੀ ਦਿਲਚਸਪੀ ਅਨੁਸਾਰ ਉਨ੍ਹਾਂ ਨੂੰ ਆਈ.ਏ.ਐਸ., ਆਈ.ਪੀ.ਐਸ., ਇੰਜੀਨੀਅਰਿੰਗ, ਡਾਕਟਰੀ, ਵਿੱਤੀ ਮੁਹਾਰਤ ਜਾਂ ਇਕਨਾਮਿਕਸ, ਰਾਜਨੀਤੀ ਸ਼ਾਸਤਰ, ਸਾਇੰਸ ਅਤੇ ਹੋਰ ਪ੍ਰਮੁੱਖ ਖੇਤਰਾਂ ਵਿੱਚ ਅੱਗੇ ਵਧਾਉਣ ਲਈ ਪ੍ਰੋਗਰਾਮ ਉਲੀਕਣ। ਆਪਣੇ ਵਿੱਤੀ ਸਾਧਨਾਂ ਨੂੰ ਸਿਰਫ਼ ਗੁਰਦੁਆਰਾ ਸਾਹਿਬਾਨਾਂ ਦੀਆਂ ਸ਼ਾਨਦਾਰ ਇਮਾਰਤਾਂ ਉਸਾਰਨ, ਨਗਰ ਕੀਰਤਨਾਂ 'ਤੇ ਖ਼ਰਚ ਕਰਨ ਤੇ ਹੋਰ ਕਈ ਤਰ੍ਹਾਂ ਦੇ ਅਣ-ਉਤਪਾਦਿਕ ਕੰਮਾਂ 'ਤੇ ਹੀ ਖਰਚ ਨਾ ਕਰਨ, ਸਗੋਂ ਉੱਚ ਵਿੱਦਿਆ ਵੱਲ ਵਿਸ਼ੇਸ਼ ਧਿਆਨ ਦੇਣ। ਇਹ ਯਾਦ ਰਖਣ ਦੀ ਲੋੜ ਹੈ ਕਿ ਜਿਹੜੀਆਂ ਕੌਮਾਂ ਗਿਆਨ ਤੇ ਰਾਜਨੀਤਕ ਉਸਾਰੀ ਵਿੱਚ ਧੁੰਦਲੀਆਂ ਪੈ ਜਾਂਦੀਆਂ ਹਨ, ਉਹਨਾਂ ਦਾ ਭਵਿੱਖ ਅੰਧੇਰਮਈ ਹੋ ਜਾਂਦਾ ਹੈ। ਅੱਜ ਦੀ ਸਭ ਤੋਂ ਵੱਡੀ ਤਾਕਤ ਗਿਆਨ, ਵਿੱਦਿਆ, ਰਾਜਨੀਤੀ ਅਤੇ ਆਰਥਿਕਤਾ ਹੀ ਹੈ।

***

## ਅਕਾਲੀ ਦਲ ਦੀ ਹੋਂਦ ਬਚਾਉਣ ਲਈ

ਕਿ ਉਹ ਪਹਿਲਾਂ ਅਕਾਲ ਤਖਤ ਸਾਹਿਬ ਨੂੰ ਬਾਦਲਕਿਆਂ ਤੇ ਸ਼੍ਰੋਮਣੀ ਕਮੇਟੀ ਨੂੰ ਆਜ਼ਾਦ ਕਰਵਾਉਣ। ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਦਾ ਆਧਾਰ ਪੂਰੇ ਵਿਸ਼ਵ ਵਿੱਚ ਚੋਣਵੇਂ ਗੁਰਸਿੱਖਾਂ ਦੀ ਕਮੇਟੀ ਬਣਾਕੇ ਕੀਤਾ ਜਾਵੇ ਤੇ ਇਸ ਸੰਬੰਧੀ ਸਲਾਹਕਾਰ ਕਮੇਟੀ ਬਣਾਈ ਜਾਵੇ, ਜਿਸ ਵਿੱਚ ਬੁਧੀਜੀਵੀ, ਇਤਿਹਾਸਕਾਰ, ਸਾਬਕਾ ਅਫਸਰ ਹੋਣ। ਅਕਾਲ ਤਖਤ ਸਾਹਿਬ ਦਾ ਆਪਣਾ ਆਫਿਸ, ਫ਼ੰਡਿੰਗ, ਢਾਂਚਾ ਹੋਵੇ। ਇਸ ਵਿੱਚ ਕਿਸੇ ਚੋਣ ਲੜਨ ਵਾਲੀ ਪਾਰਟੀ ਦੀ ਦਖਲ ਅੰਦਾਜੀ ਨਾ ਹੋਵੇ। ਇਥੋਂ ਗੁਰੂ ਗਰੰਥ ਸਾਹਿਬ ਦੀ ਰਾਜਨੀਤੀ ਦਾ ਪ੍ਰਕਾਸ਼ ਹੋਵੇ ਜੋ ਵਿਸ਼ਵ ਵਿੱਚ ਸਿੱਖ ਪੰਥ ਦੀ ਚੇਤਨਾ ਫੈਲਾ ਸਕੇ। ਬਾਬਾ ਬੇਦੀ ਨੇ ਕਿਹਾ ਕਿ ਅਕਾਲੀ ਦਲ ਜੋ ਉਸਰੇ ਉਹ ਅਕਾਲ ਤਖਤ ਸਾਹਿਬ ਦੀ ਅਗਵਾਈ ਤੇ ਗੁਰੂ ਗਰੰਥ ਸਾਹਿਬ ਦੀ ਫਲਸਫੇ ਅਧੀਨ ਉਸਰੇ। ਇਸ ਸੰਬੰਧ ਵਿੱਚ ਨਵੇਂ ਪੰਥ ਪ੍ਰਸਤ ਇਮਾਨਦਾਰ ਨੌਜਵਾਨ ਲੀਡਰਸ਼ਿਪ ਉਭਾਰਿਆ ਜਾਵੇ ਤੇ ਕਿਰਤੀ ਪਾਰਟੀਆਂ ਨੂੰ ਨਾਲ ਜੋੜਿਆ ਜਾਵੇ। ਅਕਾਲੀ ਦਲ ਦਾ ਮਨੋਰਥ ਰਾਜਾਂ ਦੀ ਖੁਦਮੁਖਤਿਆਰੀ ਨਿਸ਼ਾਨਾ ਹੋਵੇ ਜਿਸ ਨੂੰ ਬਾਦਲ ਪਰਿਵਾਰ ਨੇ ਖਤਮ ਕਰ ਦਿਤਾ ਹੈ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਸਮਝਣ ਦੀ ਲੋੜ ਹੈ ਕਿ ਅਕਾਲ ਤਖਤ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਦਾ ਫਲਸਫਾ ਤੇ ਸਿਧਾਂਤ ਹੈ। ਇਸ ਨੂੰ ਬਾਦਲ ਪਰਿਵਾਰ ਦੀ ਰਾਜਨੀਤੀ ਵਜੋਂ ਪੇਸ਼ ਨਹੀਂ ਕਰਨਾ ਚਾਹੀਦਾ। ਉਹਨਾਂ ਨੂੰ ਗਿਆਨੀ ਗੁਰਬਚਨ ਸਿੰਘ ਦੀ ਥਾਂ ਅਕਾਲ ਤਖਤ ਸਾਹਿਬ ਦੇ ਮੁਖ ਸੇਵਾਦਾਰ ਬਾਬਾ ਸਾਹਿਬ ਸਿੰਘ ਬੇਦੀ ਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ ਜਿਹਨਾਂ ਨੇ ਪੰਥ ਦੀ ਸਿਆਸਤ ਨੂੰ ਗੁਰੂ ਗਰੰਥ ਸਾਹਿਬ ਅਨੁਸਾਰ ਸਿਰਜ ਕੇ ਮਹਾਰਾਜਾ ਰਣਜੀਤ ਸਿੰਘ ਨੂੰ ਲਾਹੌਰ ਤਖਤ ਉਪਰ ਬਿਠਾਕੇ ਖਾਲਸਾ ਜੀ ਨੂੰ ਰਾਜ ਭਾਗ ਦੇ ਮਾਲਕ ਬਣਾਇਆ। ਸਿੰਘ ਸਾਹਿਬ ਨੂੰ ਇਸ ਇਤਿਹਾਸ ਤੋਂ ਸੇਧ ਲੈਣੀ ਚਾਹੀਦੀ ਹੈ।

***

## ਮਨੀਪੁਰ ਦੇ ਦੰਗਿਆਂ ਤੇ ਭਲਵਾਨ ਬੱਚੀਆਂ ਦੇ ਕਾਂਡ

ਇਕੋ ਮੰਗ ਹੈ ਕਿ ਬ੍ਰਿਜ ਭੂਸ਼ਣ ਨੂੰ ਪਹਿਲਾਂ ਗ੍ਰਿਫਤਾਰ ਕੀਤਾ ਜਾਵੇ ਤੇ ਮਗਰੋਂ ਇਹ ਜਾਂਚ ਕੀਤੀ ਜਾਵੇ।"

ਭਾਰਤੀ ਕਿਸਾਨ ਯੂਨੀਅਨ ਦੇ ਬੁਲਾਰੇ ਰਾਕੇਸ਼ ਟਿਕੈਤ, ਖਾਪ ਮਾਹਮ 24 ਦੇ ਮੁਖੀ ਮੇਹਰ ਸਿੰਘ ਤੇ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦੇ ਪ੍ਰਧਾਨ ਬਲਦੇਵ ਸਿੰਘ ਸਿਰਸਾ ਨੇ ਜੰਤਰ ਮੰਤਰ 'ਤੇ ਧਰਨੇ ਵਾਲੀ ਥਾਂ ਉਪਰ ਇਕ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ, "ਅਸੀਂ ਫੈਸਲਾ ਕੀਤਾ ਹੈ ਕਿ ਹਰੇਕ ਖਾਪ ਦਾ ਮੈਂਬਰ ਰੋਜ਼ਾਨਾ ਧਰਨੇ ਵਾਲੀ ਥਾਂ ਆਏਗਾ। ਉਹ ਦਿਨ ਵੇਲੇ ਧਰਨੇ ਵਿੱਚ ਰਹਿਣਗੇ ਤੇ ਸ਼ਾਮ ਨੂੰ ਮੁੜ ਜਾਣਗੇ।" ਉਨ੍ਹਾਂ ਕਿਹਾ, "ਪਹਿਲਵਾਨਾਂ ਦੀ ਕਮੇਟੀ ਧਰਨੇ ਦੀ ਸਾਂਭ ਸੰਭਾਲ ਦਾ ਕੰਮ ਦੇਖੇਗੀ ਅਤੇ ਅਸੀਂ ਬਾਹਰੋਂ ਪਹਿਲਵਾਨਾਂ ਦੀ ਹਮਾਇਤ ਕਰਾਂਗੇ। ਅਸੀਂ 21 ਮਈ ਲਈ ਮੀਟਿੰਗ ਰੱਖੀ ਹੈ। ਜੇਕਰ ਸਰਕਾਰ ਨੇ ਉਦੋਂ ਤੱਕ ਕਿਸੇ ਹੱਲ ਦੀ ਪੇਸ਼ਕਸ਼ ਨਾ ਕੀਤੀ, ਅਸੀਂ ਆਪਣੀ ਨਵੀਂ ਰਣਨੀਤੀ ਘੜਾਂਗੇ।" ਉਨ੍ਹਾਂ ਕਿਹਾ ਕਿ ਇਹ ਲੜਾਈ ਲੰਮੀ ਖਿੱਚ ਸਕਦੀ ਹੈ ਤੇ ਇਹ ਪੂਰੇ ਦੇਸ਼ ਵਿੱਚ ਵੀ ਫੈਲ ਸਕਦੀ ਹੈ। ਟਿਕੈਤ ਨੇ ਕਿਹਾ, "ਹਾਲ ਦੀ ਘੜੀ ਜੰਤਰ ਮੰਤਰ ਧਰਨੇ ਪ੍ਰਦਰਸ਼ਨਾਂ ਵਾਲੀ ਥਾਂ ਰਹੇਗੀ।"

ਲਗਭਗ ਹਰ ਵਿਰੋਧੀ ਪਾਰਟੀ ਦੇ ਆਗੂ ਜੰਤਰ-ਮੰਤਰ ਵਿੱਚ ਪੁੱਜ ਕੇ ਪਹਿਲਵਾਨਾਂ ਦੀ ਲੜਾਈ ਵਿੱਚ ਉਨ੍ਹਾਂ ਨਾਲ ਖੜ੍ਹੇ ਹੋਣ ਦਾ ਭਰੋਸਾ ਦੇ ਚੁੱਕੇ ਹਨ।

ਇਸ ਹਾਲਤ ਵਿੱਚ ਦੇਸ਼ ਦਾ ਪ੍ਰਧਾਨ ਮੰਤਰੀ ਮੋਦੀ ਪਿਛਲੇ ਚਾਰ ਦਿਨਾਂ ਤੋਂ ਕਰਨਾਟਕ ਵਿੱਚ ਡੇਰੇ ਲਾ ਕੇ ਬੈਠੇ ਹਨ। ਬਜਰੰਗ ਬਲੀ ਦੇ ਨਾਅਰੇ ਲਾ ਕੇ ਲੋਕਾਂ ਨੂੰ ਤਾਕੀਦ ਕਰ ਰਹੇ ਹਨ ਕਿ ਵੋਟਿੰਗ ਮਸ਼ੀਨ ਦਾ ਬਟਨ ਦਬਾਉਣ ਤੋਂ ਪਹਿਲਾਂ ਉਹ ਬਜਰੰਗ ਬਲੀ ਦਾ ਨਾਅਰਾ ਜ਼ਰੂਰ ਲਾਉਣ। ਇੱਕ ਧਾਰਮਿਕ ਆਸਥਾ ਦੇ ਚਿੰਨ੍ਹ ਦੀ ਵੋਟ ਲੈਣ ਲਈ ਵਰਤੋਂ ਬਾਰੇ ਦੇਸ਼ ਦਾ ਚੋਣ ਕਮਿਸ਼ਨ ਖਾਮੋਸ਼ ਹੈ। ਸੂਬੇ ਵਿੱਚ ਪਾਰਟੀ ਦੀ ਦੁਰਦਸ਼ਾ ਨੂੰ ਦੇਖ ਕੇ ਚੋਣ ਮੁਹਿੰਮ ਦੀ ਵਾਗਡੋਰ ਖੁਦ ਪ੍ਰਧਾਨ ਮੰਤਰੀ ਨੇ ਸੰਭਾਲ ਲਈ ਹੈ। ਇਸ ਸਮੇਂ ਉਹ ਪ੍ਰਧਾਨ ਮੰਤਰੀ ਦੀ ਥਾਂ ਚੋਣ ਪ੍ਰਚਾਰਕ ਬਣ ਚੁੱਕੇ ਹਨ। ਭਾਰਤ ਵਿੱਚ ਕੀ ਹੋ ਰਿਹਾ ਹੈ, ਇਸ ਨਾਲ ਉਸ ਦਾ ਕੋਈ ਲਾਗਾ ਦੇਗਾ ਨਹੀਂ ਹੈ।

ਮਨੀਪੁਰ ਸੜ ਰਿਹਾ ਹੈ। ਹੁਣ ਤੱਕ 54 ਮੌਤਾਂ ਹੋ ਚੁੱਕੀਆਂ ਹਨ। ਸੂਬੇ ਦੇ ਆਪਣੇ ਹੀ ਲੋਕ ਇੱਕ ਦੂਜੇ ਨੂੰ ਮਾਰ ਰਹੇ ਹਨ। ਅੱਧੇ ਮਨੀਪੁਰ ਵਿੱਚ ਕਰਫਿਊ ਲਾਗੂ ਹੈ ਤੇ ਦੇਖਦਿਆਂ ਹੀ ਗੋਲੀ ਮਾਰਨ ਦਾ ਆਦੇਸ਼ ਜਾਰੀ ਕੀਤਾ ਗਿਆ ਹੈ। ਭਾਜਪਾ ਦੀ ਸੂਬਾਈ ਹਕੂਮਤ ਦੀਆਂ ਕਾਰਵਾਈਆਂ ਨੇ ਸੂਬੇ ਨੂੰ ਗ੍ਰਹਿ ਯੁੱਧ ਵਿੱਚ ਧੱਕ ਦਿੱਤਾ ਹੈ। ਇਸ ਹਾਲਤ ਵਿੱਚ ਪ੍ਰਧਾਨ ਮੰਤਰੀ ਨੂੰ ਉੱਥੇ ਜਾ ਕੇ ਹਾਲਤ ਨੂੰ ਸਮਝਣ ਤੇ ਮਸਲੇ ਨੂੰ ਹੱਲ ਕਰਨ ਦੀ ਲੋੜ ਸੀ, ਪਰ ਉਹ ਤਾਂ ਇਸ ਬਾਰੇ ਇੱਕ ਬਿਆਨ ਤੱਕ ਦੇਣ ਨੂੰ ਤਿਆਰ ਨਹੀਂ। ਚੋਣ ਮੁਹਿੰਮ ਦੌਰਾਨ ਉਸ ਦੇ ਹਾਵ-ਭਾਵ ਦੱਸਦੇ ਹਨ ਕਿ ਉਹ ਇਸ ਬਾਰੇ ਨਿਸਚਿੰਤ ਹੈ।

ਔਰਤ ਪਹਿਲਵਾਨਾਂ ਦੇ ਮਸਲੇ ਉੱਤੇ ਵੀ ਉਸ ਨੇ ਇਹੋ ਰਵੱਈਆ ਅਪਣਾ ਰੱਖਿਆ ਹੈ। ਇਹੋ ਪਹਿਲਵਾਨ ਹਨ, ਜਦੋਂ ਉਹ ਮੈਡਲ ਜਿੱਤ ਕੇ ਆਈਆਂ ਸਨ ਤਾਂ ਪ੍ਰਧਾਨ ਮੰਤਰੀ ਨੇ ਦੇਸ਼ ਦਾ ਮਾਣ ਵਧਾਉਣ ਲਈ ਉਨ੍ਹਾਂ ਨੂੰ ਵਧਾਈ ਦਿੱਤੀ ਸੀ। ਅੱਜ ਉਹੋ ਔਰਤ ਪਹਿਲਵਾਨ ਉਸ ਦੀ ਰਿਹਾਇਸ਼ ਤੋਂ ਕੁਝ ਦੂਰੀ ਉੱਤੇ ਆਪਣੀ ਇੱਜ਼ਤ ਦੀ ਰਾਖੀ ਲਈ ਇਨਸਾਫ਼ ਦੀ ਭੀਖ ਮੰਗ ਰਹੀਆਂ ਹਨ, ਪਰ ਪ੍ਰਧਾਨ ਮੰਤਰੀ ਦੇ ਮੂੰਹੋਂ ਉਨ੍ਹਾਂ ਲਈ ਹਮਦਰਦੀ ਦੇ ਦੋ ਸ਼ਬਦ ਵੀ ਨਹੀਂ ਨਿਕਲ ਰਹੇ। ਕਿਸਾਨਾਂ ਦਾ ਮੰਨਣਾ ਹੈ ਕਿ ਦੋਸ਼ੀ ਬ੍ਰਿਜ ਭੂਸ਼ਣ ਸ਼ਰਣ ਦੀ ਪਿੱਠ ਉੱਤੇ ਮੋਦੀ ਜੀ ਦਾ ਹੱਥ ਹੈ।

ਪ੍ਰਧਾਨ ਮੰਤਰੀ ਨੂੰ ਕੋਈ ਚਿੰਤਾ ਨਹੀਂ ਕਿ ਕੋਈ ਉਸ ਨੂੰ ਕੀ ਕਹਿ ਰਿਹਾ ਹੈ। ਉਸ ਨੂੰ ਤਾਂ ਇੱਕੋ ਚਿੰਤਾ ਹੈ ਕਿ ਹਰ ਹਾਲਤ 'ਚ ਕਰਨਾਟਕ ਜਿੱਤਣਾ ਹੈ। ਕਾਂਗਰਸ ਦੀ ਸੋਸ਼ਲ ਮੀਡੀਆ ਇੰਚਾਰਜ ਸੁਪ੍ਰਿਆ ਸ੍ਰੀਨੇਤ ਨੇ ਪ੍ਰਧਾਨ ਮੰਤਰੀ ਨੂੰ ਖਰੀਆਂ-ਖਰੀਆਂ ਸੁਣਾਉਂਦਿਆਂ ਕਿਹਾ ਹੈ, "ਹੁਣ ਜ਼ਰੂਰੀ ਹੋ ਗਿਆ ਹੈ ਕਿ ਤੁਹਾਨੂੰ ਰਾਜ ਧਰਮ ਦੀ ਯਾਦ ਦਿਲਾਈ ਜਾਵੇ। ਆਪ ਇੱਕ ਚੁਣੇ ਪ੍ਰਧਾਨ ਮੰਤਰੀ ਹੋ, ਨਾ ਕਿ ਭਾਜਪਾ ਦੇ ਪ੍ਰਚਾਰਕ। ਮਨੀਪੁਰ ਵਿੱਚ ਹਿੰਸਾ ਤੇ ਸਾੜਫੂਕ ਨੇ ਪੂਰੇ ਸੂਬੇ ਨੂੰ ਆਪਣੀ ਲਪੇਟ ਵਿੱਚ ਲਿਆ ਹੋਇਆ ਹੈ।" ਇਸ ਦੇ ਨਾਲ ਹੀ ਉਨ੍ਹਾ ਕਿਹਾ, "ਜੇਕਰ ਪੂਰਾ ਮਨੀਪੁਰ ਸੜ ਕੇ ਰਾਖ ਹੋ ਜਾਵੇ ਤਾਂ ਤੁਹਾਡੇ ਲਈ ਕੋਈ ਅਰਥ ਨਹੀਂ ਰੱਖਦਾ। ਕੋਈ ਨੈਤਿਕਤਾ ਨਹੀਂ ਬਚੀ। ਗ੍ਰਹਿ ਮੰਤਰੀ ਪੂਰੀ ਤਰ੍ਹਾਂ ਨਾਕਾਮ ਹੋ ਚੁੱਕੇ ਹਨ। ਕਦੇ ਅਸਾਮ ਤੇ ਮੇਘਾਲਿਆ ਵਿੱਚ ਫਾਇਰਿੰਗ ਹੁੰਦੀ ਹੈ, ਕਦੇ ਕਰਨਾਟਕ ਤੇ ਮਹਾਰਾਸ਼ਟਰ ਵਿੱਚ ਝਗੜਾ ਹੁੰਦਾ ਹੈ। ਭਾਰਤ ਖਤਰਨਾਕ ਮੋੜ ਉਪਰ ਪਹੁੰਚ ਚੁਕਾ ਹੈ।

***

## ਕਰਨਾਟਕ ਵਿਧਾਨ ਸਭਾ

ਕੋਰਟ ਨੇ ਆਪਣੇ ਆਦੇਸ਼ ਵਿੱਚ ਕਿਹਾ ਸੀ ਕਿ ਚੋਣ ਪ੍ਰਕਿਰਿਆ 'ਧਰਮ ਨਿਰਪੱਖ ਮੁਹਿੰਮ' ਹੋਣੀ ਚਾਹੀਦੀ ਹੈ। ਇਸ ਆਦੇਸ਼ ਦਾ ਕਰਨਾਟਕ ਵਿੱਚ ਖੁੱਲ੍ਹ ਕੇ ਮਜ਼ਾਕ ਬਣ ਰਿਹਾ ਹੈ, ਪਰ ਸੁਪਰੀਮ ਕੋਰਟ ਨੇ ਨਾ ਖੁਦ ਨੋਟਿਸ ਲਿਆ ਹੈ ਤੇ ਨਾ ਹੀ ਉਸ ਦੇ ਧਿਆਨ ਵਿੱਚ ਕਿਸੇ ਜਥੇਬੰਦੀ ਤੇ ਪਾਰਟੀ ਨੇ ਇਹ ਮਾਮਲਾ ਲਿਆਂਦਾ ਹੈ। ਇਸ ਤੋਂ ਸਪਸ਼ਟ ਹੈ ਕਿ ਭਾਰਤ ਵਿੱਚ ਸੰਵਿਧਾਨਕ ਤੇ ਜਮਹੂਰੀ ਸਿਸਟਮ ਉਪਰ ਭਗਵਾਂ ਹਿੰਦੂ ਰਾਸ਼ਟਰਵਾਦੀ ਸਿਸਟਮ ਭਾਰੂ ਪੈ ਚੁਕਾ ਹੈ।

**

## ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ

ਕਿਹਾ ਗਿਆ ਕਿ ਇਹ ਸ਼ੁਭ ਸ਼ੁਗਲ ਹੈ, ਸਾਡੇ ਸਮਕਾਲੀ ਲੇਖਕ ਪ੍ਰਵਾਨਾ ਜੀ ਇਤਿਹਾਸ ਵੱਲ ਪਰਤੇ ਹਨ। ਅੱਜ ਸਾਡੇ ਇਤਿਹਾਸ ਨੂੰ ਸੰਭਾਲ ਕੇ ਆਉਂਦੀ ਪੀੜ੍ਹੀ ਤਕ ਪਹੁੰਚਾਉਣ ਦਾ ਕਾਰਜ਼ ਬਹੁਤ ਜ਼ਰੂਰੀ ਹੈ। ਵਿਦੇਸ਼ਾਂ ਵਿੱਚ ਰਚੇ ਜਾ ਰਹੇ ਇਤਿਹਾਸ ਦੇ ਮੋਹਰੀ ਲੇਖਕਾਂ ਵਿੱਚ ਪ੍ਰਵਾਨਾ ਜੀ ਦਾ ਵੱਡਾ ਨਾਉਂ ਹੈ। ਪ੍ਰਵਾਨਾ ਵੱਲੋਂ ਆਪਣੀ ਲੇਖਣੀ ਦੇ ਸਫਰ ਬਾਰੇ ਵਿਚਾਰ ਰੱਖੇ ਗਏ ਕਿ ਲਿਖਣ ਦਾ ਸ਼ੌਕ ਬਚਪਨ ਤੋਂ ਹੀ ਸਕੂਲ ਲੇਖ ਪ੍ਰਚਿਆਂ ਅਤੇ ਅਖਬਾਰਾਂ ਵਿੱਚ ਛਪਦੇ ਰਹੇ। ਅਪ੍ਰੈਲ 11,1994 ਨੂੰ ਅਮਰੀਕਾ ਪ੍ਰਵਾਜ ਕੀਤਾ ਹੈ। ਰੇਡੀਓ ਹੋਸਟ ਅਤੇ ਬਹੁਤ ਸਾਰੀਆਂ ਸਭਾਵਾਂ ਵਿੱਚ ਕੰਮ ਕੀਤਾ ਹੈ। ਅਖ਼ਬਾਰਾਂ ਵਿੱਚ ਵੀ ਛਪਿਆ ਹਾਂ। ਮਈ 29, 1997 ਨੂੰ ਮੇਰੀ ਛੋਟੀ ਧੀ ਹਰਜਿੰਦਰ ਕੌਰ ਗਿੰਨੀ ਦੀ 13 ਸਾਲ ਦੀ ਉਮਰ ਵਿੱਚ ਇਕ ਸੜਕ ਹਾਦਸੇ ਵਿੱਚ ਦਰਦਨਾਕ ਮੌਤ ਹੋ ਗਈ ਸੀ। ਉਸਦੀ ਯਾਦ ਵਿੱਚ ਗਿਨੀ ਸਿਮ੍ਰਤੀ ਗ੍ਰੰਥ ਦੀ ਸੰਪਾਦਨਾ ਕੀਤੀ ਜੋ 2004 ਵਿੱਚ ਛਪਿਆ। ਫਿਰ ਤਿੰਨ ਕਾਵਿ ਸੰਗ੍ਰਹਿ ਅਤੇ ਦੋ ਇਤਿਹਾਸਕ ਪੁਸਤਕਾਂ ਛਪੀਆਂ ਹਨ। ਇਤਿਹਾਸ ਵੱਲ ਪਰਤਣਾ ਇਕ ਚੰਗਾ ਤਜ਼ਰਬਾ ਹੈ। ਪਾਠਕ ਦੇ ਤੌਰ 'ਤੇ ਜੋ ਇਤਿਹਾਸ ਪੜ੍ਹਿਆ, ਉਸ ਨੂੰ ਮਿਤੀਬੱਧ ਲਿਖਿਆ ਹੈ। ਲੇਖ ਅਖ਼ਬਾਰਾਂ ਵਿੱਚ ਛਪਦੇ ਹਨ। ਇਕ ਹੋਰ ਇਤਿਹਾਸਕ ਪੁਸਤਕ ਦੀ ਤਿਆਰੀ ਵਿੱਚ ਹਾਂ। ਇਤਿਹਾਸ ਲਿਖਣਾਂ ਜਾਰੀ ਹੈ।

ਬੀਬੀ ਸਰਬਜੀਤ ਕੌਰ ਚੀਮਾ ਅਧਿਆਪਕਾਂ ਲੋਗਨ ਹਾਈ ਸਕੂਲ ਵੱਲੋਂ ਕਿਹਾ ਗਿਆ ਕਿ ਪ੍ਰਵਾਨਾ ਇਕ ਸਿਰੜੀ ਲੇਖਕ ਹੈ, ਜਿਸਨੇ ਲਿਖਣਾ ਹਮੇਸ਼ਾ ਜਾਰੀ ਰੱਖਿਆ ਹੈ। ਅੱਜ ਦੀ ਪੁਸਤਕ ਲਈ ਵੀ ਵਧਾਈ ਦਾ ਪਾਤਰ ਹੈ।

ਬੀਬੀ ਜਤਿੰਦਰ ਕੌਰ ਸ਼ਾਹੀ ਵੱਲੋਂ ਪੰਜਾਬ ਪੇਰੈਂਟ ਐਡਵਾਇਜਰੀ ਕੌਂਸਲ ਬਾਰੇ ਜਾਣਕਾਰੀ ਦਿਤੀ ਗਈ ਕਿ ਸਕੂਲਾਂ ਵਿੱਚ ਅਜਿਹੇ ਪ੍ਰੋਗਰਾਮ ਕਰਵਾਏ ਜਾਂਦੇ ਹਨ, ਜਿਥੇ ਮਾਪੇ ਅਤੇ ਬੱਚਿਆਂ ਦੀਆਂ ਮੁਸ਼ਕਲਾਂ ਤਕਲੀਫ਼ਾਂ ਨੂੰ ਸਕੂਲ ਪ੍ਰਬੰਧ ਨਾਲ ਸਾਂਝਾ ਕੀਤਾ ਜਾਂਦਾ ਹੈ ਅਤੇ ਹਲ ਕਢਿਆ ਜਾਂਦਾ ਹੈ। ਹਰ ਇੱਕ ਮਾਪੇ ਨੂੰ ਅਜਿਹੇ ਪ੍ਰੋਗਰਾਮਾਂ ਦਾ ਲਾਭ ਉਠਾਉਣਾ ਚਾਹੀਦਾ ਹੈ।

ਮੈਡਮ ਰਾਗਿਨੀ ਮਿਸ਼ਰਾ ਨੇ ਗਰਾਉਥ ਮਿਨਡਿਸਟ ਪ੍ਰੋਗਰਾਮ ਬਾਰੇ ਦਸਿਆ ਕਿ 13-18 ਸਾਲ ਦੇ ਬੱਚਿਆਂ ਦੇ ਬੌਧਿਕ ਵਿਕਾਸ ਹੇਠ ਅਜਿਹੇ ਰੁਝੇਂਵੇਂ ਹਨ ਕਿ ਬੱਚਿਆਂ ਦੀ ਪੜ੍ਹਾਈ ਵਿੱਚ ਚੰਗੇ ਨੰਬਰ ਆਉਣ ਦੀ ਤਿਆਰੀ ਕਰਵਾਈ ਜਾਂਦੀ ਹੈ। ਬੱਚਿਆਂ ਦੇ ਦਿਮਾਗੀ ਸੰਤੁਲਨ ਨੂੰ ਠੀਕ ਰਖਣਾ ਕਿ ਉਹਨਾਂ ਨੂੰ ਗੁੱਸਾ ਨਾ ਆਵੇ, ਖੁਸ਼ ਰਹਿਣ ਅਤੇ ਚੰਗੇ ਹੁਨਰ ਸਿੱਖਣ ਦਾ ਮੌਕਾ ਦਿਤਾ ਜਾਂਦਾ ਹੈ ਕਿ ਉਹ ਚੰਗਾ ਜੀਵਨ ਬਤੀਤ ਕਰ ਸਕਣ।

ਗੀਤ ਸੰਗੀਤ ਦੇ ਪ੍ਰੋਗਰਾਮ ਦਾ ਆਰੰਭ ਜਸਦੀਪ ਸਿੰਘ ਫਰੀਮੋਂਟ ਵੱਲੋਂ ਪੰਜਾਬ ਲੋਕ ਧੁੰਨਾ ਤੇ ਅਲਗੋਜੇ ਵਜਾ ਦੇ ਕੀਤਾ। ਹੋਰ ਲੋਕ ਗਾਇਕ ਸ਼ਾਮਲ ਹੋਏ। ਮੰਗਜੀਤ ਸਿੰਘ ਮੰਗਾ, ਦਰਸ਼ਨ ਸਿੰਘ ਔਜਲਾ, ਅਮਰਜੀਤ ਸਿੰਘ ਜੌਹਲ, ਮਹਿੰਦਰ ਸਿੰਘ ਰਾਜਪੂਤ ਆਦਿ। ਕਵੀ ਦਰਬਾਰ ਦੇ ਦੌਰ ਵਿੱਚ ਸਭ ਤੋਂ ਵੱਡੀ ਸਫਲਤਾ ਇਹ ਸੀ ਕਿ ਗੁਰਦੁਆਰਾ ਸਾਹਿਬ ਫਰੀਮੋਂਟ ਦੇ ਖਾਲਸਾ ਸਕੂਲ ਦੇ ਬੱਚਿਆਂ ਨੇ ਧਾਰਮਿਕ ਵਿਰਸੇ ਨਾਲ ਜੁੜਆਂ ਕਵਿਤਾਵਾਂ ਕਹੀਆਂ। ਜਿਸ ਵਿੱਚ ਸ਼ਾਮਲ ਸਨ। ਰਣਬੀਰ ਸਿੰਘ, ਪ੍ਰਭਸ਼ਰਨਜਦੀਪ ਸਿੰਘ, ਅਰਸ਼ਵੀਰ ਸਿੰਘ। ਹਰਜਿੰਦਰ ਸਿੰਘ ਪੰਧੇਰ ਵੱਲੋਂ ਬੱਚਿਆਂ ਨੂੰ ਇਨਾਮ ਵੀ ਵੰਡੇ ਗਏ। ਇਸ ਮੌਕੇ ਕਮਲ ਬੰਗਾ ਸੈਕਰਾਮੈਂਟੋ, ਬੀਬੀ ਬਲਵਿੰਦਰ ਕੌਰ, ਪਲਵਿੰਦਰ ਸਿੰਘ ਗੁਰਾਇਆ, ਡਾਕਟਰ ਕਪਲਾ, ਜਗਦੀਸ਼ ਕੌਰ ਰੰਧਾਵਾ, ਮਾਇਕ (ਗੋਰਾ), ਸਤਪਾਲ ਸਿੰਘ ਮਦਾਰ, ਅਵਨਿੰਦਰ ਸਿੰਘ ਆਲ ਸਟੇਟ ਵਾਲੇ, ਕੇਵਲ ਸਿੰਘ, ਤ੍ਰਿਪਤ ਕੌਰ, ਹਰਜੀਤ ਸਿੰਘ, ਰਜਿੰਦਰ ਪਾਲ ਸਿੰਘ, ਬਿਕਰ ਸਿੰਘ ਬਰਾੜ, ਮਨਦੀਪ ਕੌਰ, ਇੰਦਰਜੀਤ ਕੌਰ, ਏਕਮਜੀਤ ਕੌਰ, ਗੁਰਵਿੰਦਰ ਸਿੰਘ, ਪ੍ਰੋ. ਪ੍ਰੀਤਮ ਸਿੰਘ ਮੌਜੂਦ ਸਨ।

ਗੁਰਚਰਨ ਸਿੰਘ ਮਾਨ ਵੱਲੋਂ ਧੰਨਵਾਦੀ ਸ਼ਬਦਾਂ ਵਿੱਚ ਕਿਹਾ ਗਿਆ ਕਿ ਅੱਜ ਦੇ ਇਸ ਸੰਖੇਪ ਅਤੇ ਪ੍ਰਭਾਵ ਸ਼ਾਲੀ ਸਮਾਗਮ ਵਿੱਚ ਪਹੁੰਚ ਕੇ ਖ਼ੁਸ਼ੀ ਮਹਿਸੂਸ ਹੋਈ ਹੈ। ਪ੍ਰਵਾਨਾ ਇਸ ਪੁਸਤਕ ਨੂੰ ਲਿਖਣ ਦੇ ਉਪਰਾਲੇ ਵਿੱਚ ਵਧਾਈ ਦਾ ਪਤਾਰ ਹੈ। ਉਸ ਵਲੋਂ ਪ੍ਰੋਗਰਾਮ ਦਾ ਪ੍ਰਬੰਧ ਅਤੇ ਮੰਚ ਸੰਚਾਲਨ ਬਾਖੂਬ ਨਿਭਾਇਆ ਹੈ। ਉਸ ਵੱਲੋਂ ਅਜਿਹੀਆ ਪੁਸਤਕਾਂ ਅਤੇ ਪ੍ਰੋਗਰਾਮਾਂ ਦੀ ਉਡੀਕ ਰਹੇਗੀ। ਉਹਨਾਂ ਨੇ ਪ੍ਰਵਾਨਾ ਦੇ ਰੇਡੀਓ ਹੋਸਟ ਵਜੋਂ ਕੰਮ ਕਰਦੇ ਦੀਆਂ ਯਾਦਾਂ ਵੀ ਸਾਂਝੀਆਂ ਕੀਤੀਆਂ। ਸਭਨਾਂ ਦਾ ਧੰਨਵਾਦ ਕਰਦਿਆਂ ਪੁਸਤਕ ਨੂੰ ਪੜਨ ਦੀ ਵੀ ਪ੍ਰੇਰਣਾ ਕੀਤੀ। ਇੱਕ ਯਾਦਗਾਰੀ ਤਸਵੀਰ ਨਾਲ ਇਹ ਰੌਚਿਕ ਸਾਰਥਿਕ, ਉਸਾਰੂ, ਅਕਾਦਮਿਕ ਪ੍ਰੋਗਰਾਮ ਸਫਲ ਹੋਇਆ।

***

## ਭਾਰਤੀ ਮੂਲ ਦੇ ਸਚਿਤ ਮਹਿਰਾ ਬਣੇ ਕੈਨੇਡਾ

ਸਚਿਤ ਮਹਿਰਾ ਕੈਨੇਡਾ ਦੇ ਮੈਨੀਟੋਬਾ ਸੂਬੇ ਦੇ ਵਿਨੀਪੈਗ ਸ਼ਹਿਰ ਦਾ ਰਹਿਣ ਵਾਲਾ ਹੈ। ਉਸ ਦੇ ਮਾਤਾ-ਪਿਤਾ ਸਾਲ 1960 ਵਿੱਚ ਹੀ ਦਿੱਲੀ ਤੋਂ ਪੜ੍ਹਾਈ ਕਰਨ ਲਈ ਕੈਨੇਡਾ ਆਏ ਸੀ। ਮਹਿਰਾ ਕਾਰੋਬਾਰੀ ਵੀ ਹਨ। ਉਸਦਾ ਪਰਿਵਾਰ ਕੈਨੇਡਾ ਵਿੱਚ ਈਸਟ ਇੰਡੀਆ ਰੈਸਟੋਰੈਂਟ ਕੰਪਨੀ ਚਲਾਉਂਦਾ ਹੈ। ਇਹ ਰੈਸਟੋਰੈਂਟ ਕੈਨੇਡਾ ਦੇ ਦੋ ਸ਼ਹਿਰਾਂ ਵਿਨੀਪੈਗ ਤੇ ਓਟਾਵਾ ਵਿੱਚ ਮੌਜੂਦ ਹੈ।

****

## ਇਮਰਾਨ ਦੀ ਗ੍ਰਿਫ਼ਤਾਰੀ 'ਤੇ ਸੁਲਗ ਰਿਹਾ ਪਾਕਿਸਤਾਨ

ਪੁਲਿਸ ਚੌਕੀ ਨੂੰ ਅੱਗ ਲਾ ਦਿੱਤੀ। ਹਿੰਸਾ 'ਚ 5 ਪੁਲਿਸ ਮੁਲਾਜ਼ਮ ਜ਼ਖ਼ਮੀ ਹੋਏ। ਇਮਰਾਨ ਖਾਨ ਦੇ ਵਕੀਲ ਨੂੰ ਵੀ ਹਿੰਸਾ 'ਚ ਸੱਟਾਂ ਲੱਗੀਆਂ। ਸਾਦੀ ਵਰਦੀ 'ਚ ਮੌਜੂਦ ਪੁਲਿਸ ਮੁਲਾਜ਼ਮਾਂ ਨੇ ਪੀ.ਟੀ.ਆਈ. ਵਰਕਰਾਂ ਦੀ ਕੁੱਟ-ਮਾਰ ਕੀਤੀ ਅਤੇ ਸੁਰੱਖਿਆ ਬਲਾਂ ਨੇ ਪ੍ਰਦਰਸ਼ਨਕਾਰੀਆਂ ਨੂੰ ਤਿੱਤਰ-ਬਿੱਤਰ ਕਰਨ ਲਈ ਹੰਝੂ ਗੈਸ ਦੇ ਗੋਲ਼ੇ ਛੱਡੇ। ਸਰਕਾਰੀ ਦਫ਼ਤਰਾਂ 'ਚ ਭੰਨਤੋੜ ਰੋਕਣ ਲਈ ਫ਼ੌਜ ਅਤੇ ਅਰਧ-ਸੈਨਿਕ ਬਲਾਂ ਦੇ ਜਵਾਨ ਤਾਇਨਾਤ ਕਰ ਦਿੱਤੇ ਗਏ। ਕਰਾਚੀ ਸਮੇਤ ਕਈ ਵੱਡੇ ਸ਼ਹਿਰਾਂ 'ਚ ਬਿਜਲੀ ਬੰਦ ਹੋਣ ਨਾਲ ਬਲੈਕਆਊਟ ਹੋ ਗਿਆ ਅਤੇ ਇੰਟਰਨੈੱਟ ਸੇਵਾਵਾਂ ਵੀ ਬੰਦ ਕਰ ਦਿੱਤੀਆਂ ਗਈਆਂ। ਪਾਕਿਸਤਾਨ ਦੂਰਸੰਚਾਰ ਅਥਾਰਟੀ ਨੇ ਅੰਦਰੂਨੀ ਮਾਮਲਿਆਂ ਦੇ ਮੰਤਰਾਲੇ ਦੀ ਸਿਫਾਰਸ਼ 'ਤੇ ਫੇਸਬੁੱਕ, ਟਵਿੱਟਰ ਅਤੇ ਯੂ-ਟਿਊਬ ਸਮੇਤ ਲੋਕਪ੍ਰਿਯ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਅਸਥਾਈ ਰੂਪ 'ਚ ਬੰਦ ਕਰ ਦਿੱਤਾ ਹੈ।

## ਇਮਰਾਨ ਦੀ ਗ੍ਰਿਫ਼ਤਾਰੀ ਨੂੰ ਲੈ ਕੇ

ਸ਼ੁਰੂ ਹੋ ਗਈਆਂ ਸਨ। ਪਾਕਿਸਤਾਨੀ ਫੌਜ ਦੀ ਹੰਗਾਮੀ ਮੀਟਿੰਗ ਦੌਰਾਨ ਫੌਜ ਵਿੱਚ ਫੁੱਟ ਦਾ ਮੁੱਦਾ ਵੀ ਉਠਾਇਆ ਗਿਆ। ਫੌਜੀ ਅਫਸਰਾਂ ਵੱਲੋਂ ਇਮਰਾਨ ਖਾਨ ਪ੍ਰਤੀ ਵਫ਼ਾਦਾਰੀ ਦਾ ਵਾਅਦਾ ਨਿਭਾਉਣ 'ਤੇ ਕਈ ਸ਼ਹਿਰਾਂ ਵਿੱਚ ਚਿੰਤਾ ਪ੍ਰਗਟ ਕੀਤੀ ਗਈ ਸੀ। ਪਾਕਿਸਤਾਨੀ ਫ਼ੌਜ ਦੇ ਡੀਜੀਐਮਓ ਨੇ ਵੀ ਧਾਰਾ 245 ਤਹਿਤ ਪਾਕਿਸਤਾਨੀ ਪ੍ਰਧਾਨ ਮੰਤਰੀ ਦਫ਼ਤਰ ਨੂੰ ਮਾਰਸ਼ਲ ਲਾਅ ਦੀ ਸਿਫ਼ਾਰਸ਼ ਭੇਜੀ ਸੀ, ਹਾਲਾਂਕਿ ਇਸ 'ਤੇ ਹਾਲੇ ਕੋਈ ਅੰਤਿਮ ਫ਼ੈਸਲਾ ਨਹੀਂ ਲਿਆ ਗਿਆ ਹੈ।

ਪਾਕਿਸਤਾਨ ਦੇ ਸਿਆਸੀ ਮਾਹਿਰ ਸਵਾਲ ਉਠਾਉਣ ਲੱਗੇ ਹਨ ਕਿ ਇਨ੍ਹਾਂ ਹਾਲਾਤਾਂ ਵਿੱਚ ਪਾਕਿਸਤਾਨ ਕੋਲ ਜੋ ਪ੍ਰਮਾਣੂ ਬੰਬ ਹਨ, ਉਨ੍ਹਾਂ ਦਾ ਕੀ ਬਣੇਗਾ ? ਪਾਕਿ ਕੋਲ ਇਸ ਸਮੇਂ ਕੁੱਲ 165 ਪ੍ਰਮਾਣੂ ਹਥਿਆਰ ਹਨ। ਦੁਨੀਆਂ ਪਹਿਲਾਂ ਹੀ ਡਰ ਰਹੀ ਸੀ ਕਿ ਜੇਕਰ ਇਹ ਹਥਿਆਰ ਅੱਤਵਾਦੀਆਂ ਦੇ ਹੱਥ ਲੱਗ ਗਏ ਤਾਂ ਕੀ ਹੋਵੇਗਾ। ਹੁਣ ਜਦੋਂ ਜਨਤਾ ਫੌਜ ਦੇ ਹੈੱਡਕੁਆਰਟਰ ਨੂੰ ਵੀ ਨਿਸ਼ਾਨਾ ਬਣਾ ਰਹੀ ਹੈ ਤਾਂ ਇਹ ਡਰ ਵੀ ਦੁੱਗਣਾ ਹੋ ਗਿਆ ਹੈ।

ਦੂਜੇ ਪਾਸੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਨੇ ਇਕ ਟਵੀਟ ਵਿੱਚ ਕਿਹਾ ਕਿ ਪਾਕਿਸਤਾਨ ਦੇ ਪਰਮਾਣੂ ਅਤੇ ਮਿਜ਼ਾਈਲ ਪ੍ਰੋਗਰਾਮ ਨੂੰ ਲੈ ਕੇ ਗਲਤ ਗੱਲਾਂ ਫੈਲਾਈਆਂ ਜਾ ਰਹੀਆਂ ਹਨ ਅਤੇ ਇਹ ਬਹੁਤ ਮੰਦਭਾਗਾ ਹੈ। ਪਾਕਿਸਤਾਨੀ ਫੌਜ, ਜਿਸ ਬਾਰੇ ਅਕਸਰ ਕਿਹਾ ਜਾਂਦਾ ਹੈ ਕਿ ਅੱਤਵਾਦੀਆਂ ਨਾਲ ਮਿਲੀਭੁਗਤ ਹੈ, ਸਥਿਤੀ ਨੂੰ ਹੋਰ ਵੀ ਗੁੰਝਲਦਾਰ ਬਣਾ ਦਿੰਦੀ ਹੈ ਜਦੋਂ ਉਸ ਦੇ ਆਪਣੇ ਹੈੱਡਕੁਆਰਟਰ 'ਤੇ ਹਮਲੇ ਹੋ ਰਹੇ ਹਨ। ਇਸ ਦੌਰਾਨ ਭਾਰਤ ਨੇ ਪਾਕਿਸਤਾਨ ਨਾਲ ਲੱਗਦੀ ਸਰਹੱਦ 'ਤੇ ਸੁਰੱਖਿਆ ਵਧਾ ਦਿੱਤੀ ਹੈ।

***

## ਗ੍ਰਿਫ਼ਤਾਰੀ ਲਈ ਫੌਜ ਨੇ

ਹੈੱਡਕੁਆਰਟਰ ਤੋਂ ਪਾਕਿਸਤਾਨ ਦੇ ਵਜ਼ੀਰੇ-ਆਜ਼ਮ ਅਤੇ ਫੌਜ ਮੁਖੀ ਨੂੰ ਮੰਗਲਵਾਰ ਨੂੰ ਹੋਣ ਵਾਲੀ ਇਮਰਾਨ ਖਾਨ ਦੀ ਗ੍ਰਿਫਤਾਰੀ ਬਾਰੇ ਸੂਚਿਤ ਕਰ ਦਿੱਤਾ ਗਿਆ ਸੀ।

ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਆਪਣੀ ਗ੍ਰਿਫਤਾਰੀ ਦੀ ਭਿਣਕ ਰਾਤ ਦੌਰਾਨ ਲੱਗ ਗਈ ਸੀ। ਇਹੋ ਕਾਰਨ ਹੈ ਕਿ ਜਦੋਂ ਇਮਰਾਨ ਖਾਨ ਬੀਤੇ ਮੰਗਲਵਾਰ ਨੂੰ ਇਸਲਾਮਾਬਾਦ ਵਿੱਚ ਪੇਸ਼ੀ ਲਈ ਜਾ ਰਹੇ ਸਨ ਤਾਂ ਉਨ੍ਹਾਂ ਨੇ ਪਾਕਿਸਤਾਨ ਦੀ ਫੌਜ ਦੇ ਅਧਿਕਾਰੀਆਂ ਨੂੰ ਰੱਜ ਕੇ ਨਿਸ਼ਾਨੇ 'ਤੇ ਲਿਆ ਅਤੇ ਆਪਣੀ ਗ੍ਰਿਫਤਾਰੀ ਦੀ ਗੱਲ ਵੀ ਕਹੀ। ਇਮਰਾਨ ਖਾਨ ਆਈ. ਐੱਸ. ਆਈ. ਅਤੇ ਫੌਜ ਦੇ ਵੱਡੇ ਅਧਿਕਾਰੀ ਫੈਸਲ ਨਸੀਰ 'ਤੇ ਨਾ ਸਿਰਫ ਆਪਣੀ ਹੱਤਿਆ ਕਰਾਉਣ ਦਾ ਦੋਸ਼ ਲਗਾਉਂਦੇ ਰਹੇ ਸਗੋਂ ਪਾਕਿਸਤਾਨ ਦੇ ਇਕ ਪੱਤਰਕਾਰ ਦੀ ਹੱਤਿਆ ਕਰਾਉਣ ਦਾ ਦੋਸ਼ ਵੀ ਉਨ੍ਹਾਂ ਦੇ ਸਿਰ ਲਗਾਇਆ ਹੈ।

***

## ਮੈਸੀ ਤੇ ਫਰੇਜ਼ਰ ਨੂੰ 'ਲੌਰੀਅਸ ਖੇਡ ਪੁਰਸਕਾਰ'

ਸਫਲਤਾ' ਦਾ ਪੁਰਸਕਾਰ ਮਿਲਿਆ। 20 ਸਾਲਾ ਅਲਕਾਰਜ਼ ਨੇ 2022 ਯੂਐਸ ਓਪਨ ਜਿੱਤਿਆ ਅਤੇ ਦਰਜਾਬੰਦੀ ਵਿੱਚ ਸਿਖਰ 'ਤੇ ਪਹੁੰਚਿਆ। ਇਸੇ ਤਰ੍ਹਾਂ ਦਿਲ ਦਾ ਦੌਰਾ ਪੈਣ ਮਗਰੋਂ ਫਿਟ ਹੋ ਕੇ ਪ੍ਰੀਮੀਅਰ ਲੀਗ ਵਿੱਚ ਵਾਪਸੀ ਕਰਨ ਵਾਲੇ ਫੁਟਬਾਲਰ ਕ੍ਰਿਸਚੀਅਨ ਏਰਿਕਸਨ ਨੂੰ 'ਸਰਬੋਤਮ ਵਾਪਸੀ' ਦਾ ਪੁਰਸਕਾਰ ਦਿੱਤਾ ਗਿਆ।

## ਇਨਸਾਨੀਅਤ ਦੇ ਰਿਸ਼ਤੇ

ਬਜ਼ੁਰਗ ਆਸ਼ਰਮ ਇਨਸਾਨੀਅਤ ਦੇ ਰਿਸ਼ਤਿਆਂ ਦੀ ਚੰਗਾਈ ਵਜੋਂ ਬਹੁਤ ਵੱਡਾ ਸਬੂਤ ਦੁਨੀਆ ਦੀਆਂ ਨਜ਼ਰਾਂ ਮੂਹਰੇ ਪੇਸ਼ ਕਰ ਰਹੇ ਹਨ ਅਤੇ ਇਨ੍ਹਾਂ ਬਜ਼ੁਰਗ ਆਸ਼ਰਮਾਂ ਵਿੱਚ ਜੋ ਬਜ਼ੁਰਗ ਆਪਣੀ ਜ਼ਿੰਦਗੀ ਦੇ ਅਖੀਰਲੇ ਬੁਢਾਪੇ ਦੇ ਸਫ਼ਰ ਨੂੰ ਤੈਅ ਕਰ ਰਹੇ ਹਨ ਅੱਜ ਇਨ੍ਹਾਂ ਬਜ਼ੁਰਗਾਂ ਨੂੰ ਓਹਨਾਂ ਖ਼ੂਨੀ ਰਿਸ਼ਤਿਆਂ ਨੇ ਹੀ ਜ਼ਿੰਦਗੀ ਦੇ ਅਖੀਰਲੇ ਸਫ਼ਰ ਵਿੱਚ ਇਕੱਲਿਆਂ ਨੂੰ ਰੋਲਣ ਲਈ ਛੱਡ ਦਿੱਤਾ ਹੈ ਜਿੰਨਾਂ ਨੂੰ ਇਹਨਾਂ ਬਜ਼ੁਰਗਾਂ ਨੇ ਆਪਣੇ ਹੱਥੀਂ ਪਾਲਿਆ ਸੀ ਅਤੇ ਆਪਣੇ ਜ਼ਿੰਦਗੀ ਦੇ ਸੁਪਨੇ ਅਧੂਰੇ ਛੱਡ ਕੇ ਇਨਾਂ ਖ਼ੂਨੀ ਰਿਸ਼ਤਿਆਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਆਪਣਾ ਸਭ ਕੁਝ ਦਾਅ ਤੇ ਲਗਾ ਛੱਡਿਆ ਸੀ। ਅੱਜ ਜਿਸ ਤਰ੍ਹਾਂ ਦੇ ਹਾਲਾਤ ਬੜੀ ਤੇਜ਼ੀ ਨਾਲ ਆਪਣਾ ਰੰਗ ਬਦਲ ਰਹੇ ਹਨ ਉਸੇ ਤਰ੍ਹਾਂ ਹੀ ਅੱਜ ਖ਼ੂਨੀ ਰਿਸ਼ਤਿਆਂ ਦੇ ਰੰਗ ਬੜੀ ਤੇਜ਼ੀ ਨਾਲ ਫਿੱਕੇ ਹੁੰਦੇ ਜਾ ਰਹੇ ਹਨ ਅਤੇ ਮਨੁੱਖਤਾ ਦੀ ਸੋਚ ਵਿਚ ਆਪਣੇ ਪ੍ਰਤੀ ਅਜਿਹੇ ਸਵਾਲ ਖੜ੍ਹੇ ਕਰ ਦਿੰਦੇ ਹਨ ਜਿੰਨਾਂ ਦੇ ਜਵਾਬ ਇਨਸਾਨੀਅਤ ਦੇ ਰਿਸ਼ਤਿਆਂ ਨਾਲ ਹੀ ਦੇਣੇ ਪੈਂਦੇ ਹਨ।

ਸੋ ਇਹੀ ਕਾਰਨ ਹੈ ਕਿ ਅੱਜ ਦੇ ਸਮੇਂ ਵਿੱਚ ਇਨਸਾਨੀਅਤ ਦੇ ਰਿਸ਼ਤਿਆਂ ਵੱਲੋਂ ਖ਼ੂਨੀ ਰਿਸ਼ਤਿਆਂ ਨਾਲੋਂ ਵੱਧ ਆਪਣਾ ਦਾਇਰਾ ਵੱਡਾ ਕਰਦੇ ਹੋਏ ਇਕ ਚੰਗੇ ਸਮਾਜ ਨੂੰ ਸਿਰਜਿਆ ਜਾ ਰਿਹਾ ਹੈ ਜਿਸ ਵਿੱਚ ਖ਼ੂਨੀ ਰਿਸ਼ਤਿਆਂ ਦੇ ਹੱਥੋਂ ਲਾਚਾਰ ਅਤੇ ਬੇਵੱਸ ਹੋ ਰਹੀ ਮਨੁੱਖਤਾ ਨੂੰ ਸੁੱਖ ਦਾ ਸਾਹ ਮਿਲਣ ਦੇ ਨਾਲ-ਨਾਲ ਫਿੱਕੇ ਪੈ ਰਹੇ ਖ਼ੂਨੀ ਰਿਸ਼ਤਿਆਂ ਨੂੰ ਮੁੜ ਤੋਂ ਗੂੜ੍ਹਾ ਹੋਣ ਲਈ ਬਹੁਤ ਵੱਡਾ ਸਬਕ ਵੀ ਮਿਲ ਰਿਹਾ ਹੈ।

***

## ਟੂਣਿਆਂ ਵਿੱਚ ਫਸਿਆ ਸਾਡਾ ਸਮਾਜ

ਚਲੋ ਆ ਜਾਵੇਗਾ।ਮਹੀਨੇ ਤੋਂ ਉਪਰ ਬੀਤ ਗਿਆ ਪਰ ਮਿਸਤਰੀ ਨਹੀਂ ਆਇਆ। ਦੋ ਮਹੀਨੇ ਬਾਅਦ ਅਚਾਨਕ ਉਹ ਔਰਤ ਮੈਨੂੰ ਮਿਲ ਗਈ ਤਾਂ ਮੈਂ ਨਵੇਂ ਘਰ ਦੀ ਮੁਬਾਰਕਬਾਦ ਦਿੰਦਿਆਂ, ਮਿਸਤਰੀ ਦੇ ਨਾ ਆਉਣ ਬਾਰੇ ਪੁੱਛਿਆ। ਉਸ ਔਰਤ ਨੇ ਜੋ ਕਾਰਨ ਦੱਸਿਆ ਮੇਰਾ ਤਾਂ ਦਿਲ ਹੀ ਟੁੱਟ ਗਿਆ। ਮੈਨੂੰ ਲੱਗਾ ਇਸਦੇ ਨਹੀਂ, ਜਿਵੇਂ ਮੇਰੇ ਹੀ ਸੁਪਨੇ ਬਿਖ਼ਰ ਗਏ ਹੋਣ। ਉਸਨੇ ਦੱਸਿਆ, ਭੈਣ ਜੀ, ਅਸੀਂ ਲੈਂਟਰ ਪਾਉਣ ਦੀ ਤਿਆਰੀ ਕਰ ਰਹੇ ਸੀ ਕਿ ਇੱਕ ਸਵੇਰ ਵੇਖਿਆ, ਕੁੱਤੇ ਤਾਜ਼ੀ ਪਾਈ ਮਿੱਟੀ ਵਿੱਚੋਂ ਕੁਝ ਕੱਢ ਕੇ ਖਾ ਰਹੇ ਸੀ। ਜਦੋਂ ਬੱਚਿਆਂ ਦੇ ਪਿਉ ਨੇ ਨੇੜੇ ਜਾ ਕੇ ਵੇਖਿਆ ਤਾਂ ਮਾਸ ਦੇ ਟੁਕੜੇ ਸਨ। ਉਹਨੇ ਮਿੱਟੀ ਪੁੱਟੀ ਤਾਂ ਵਿੱਚੋਂ ਹੋਰ ਮਾਸ ਨਿਕਲਿਆ। ਮੇਰਾ ਪਤੀ ਤਾਂ ਉੱਥੇ ਹੀ ਢੇਰੀ ਹੋ ਗਿਆ। ਮਸਾਂ ਚੁੱਕ ਕੇ ਮੰਜੇ 'ਤੇ ਪਾਇਆ ਪਰ ਉਹ ਤਾਂ ਸੁੱਧ-ਬੁੱਧ ਗਵਾਹ ਬੈਠਾ। ਭੈਣ ਜੀ ਕੋਈ ਸਾਡੀ ਖ਼ੁਸ਼ੀ ਤੋਂ 'ਜਲਦਾ' ਸੀ ਤਾਂ ਹੀ ਟੂਣਾ ਕਰ ਦਿੱਤਾ, ਜਿਸ ਨੂੰ ਹੱਥ ਲਾਉਣ ਕਾਰਨ ਪਤੀ ਮੰਜੇ 'ਤੇ ਪੈ ਗਿਆ। ਮਿਸਤਰੀ ਤਾਂ ਸ਼ਾਇਦ ਡਰਦਾ ਮੁੜ ਕੇ ਵਾਪਸ ਹੀ ਨਹੀਂ ਆਇਆ। ਪਤੀ ਨੂੰ ਡਾਕਟਰ ਕੋਲ ਕਈ ਵਾਰ ਲੈ ਕੇ ਗਈ ਹਾਂ ਪਰ ਕੋਈ ਖ਼ਾਸ ਫ਼ਰਕ ਨਹੀਂ ਪਿਆ। ਘਰ ਤੋਂ ਬਾਹਰ ਨਹੀਂ ਨਿਕਲਦਾ, ਕੰਮ ਵੀ ਛੁੱਟ ਗਿਆ ਹੈ। ਹੁਣ ਮੈਂ ਹੀ ਕੁਝ ਘਰਾਂ ਵਿੱਚ ਕੰਮ ਕਰਕੇ ਰੋਟੀ ਦਾ ਜੁਗਾੜ ਚਲਾ ਰਹੀ ਹਾਂ।

ਇਹ ਸਭ ਸੁਣ ਕੇ ਮੇਰੀਆਂ ਅੱਖਾਂ ਭਰ ਆਈਆਂ ਕਿ ਧੁਰ ਅੰਦਰ ਤੱਕ ਵਸੇ ਵਹਿਮਾਂ ਭਰਮਾਂ ਕਾਰਨ ਪਤਾ ਨਹੀਂ ਕਿੰਨੇ ਸੁਪਨੇ ਦਮ ਤੋੜ ਜਾਂਦੇ ਨੇ। ਛੇ ਸੱਤ ਮਹੀਨੇ ਬਾਅਦ ਵੀ ਦੀਵਾਰਾਂ ਲੈਂਟਰ ਨੂੰ ਉਡੀਕ ਰਹੀਆਂ ਹਨ ਤੇ ਪਰਿਵਾਰ ਸਿਰ ਦੀ ਛੱਤ। ਜੇ ਕੋਈ ਕਿਸੇ ਦੀ ਮਦਦ ਨਹੀਂ ਕਰ ਸਕਦਾ ਤਾਂ ਇੰਜ ਦਾ ਮਾੜਾ ਵੀ ਨਾ ਕਰੇ ਕਿ ਕਿਸੇ ਦੀਆਂ ਖ਼ੁਸ਼ੀਆਂ ਨੂੰ ਗ੍ਰਹਿਣ ਲੱਗ ਜਾਵੇ।

***

## ਗੁਰੂ ਗ੍ਰੰਥ ਸਾਹਿਬ ਦੇ ਅਦਬ-ਸਤਿਕਾਰ ਤੇ

ਛਾਪੇਖਾਨਿਆਂ ਵਿੱਚ ਪਾਵਨ ਸਰੂਪਾਂ ਦੀ ਛਪਾਈ ਦਾ ਕੋਈ ਰਿਕਾਰਡ ਨਾ ਹੋਣ ਕਾਰਨ ਪੰਥ ਦੋਖੀਆਂ ਲਈ ਬੇਅਦਬੀਆਂ ਕਰਨੀਆਂ ਆਸਾਨ ਹੋ ਗਈਆਂ। ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਾਪੇਖਾਨਿਆਂ ਵਿੱਚ ਬੇਲੋੜੀ ਛਪਾਈ ਵੀ ਬੇਅਦਬੀਆਂ ਦਾ ਇਕ ਵੱਡਾ ਤੇ ਅਹਿਮ ਕਾਰਨ ਹੈ। ਪੁਰਾਤਨ ਸਮਿਆਂ ਵਿੱਚ ਸਿੱਖ ਸੰਪਰਦਾਵਾਂ ਦੀ ਇਕ ਮਰਿਆਦਾ ਹੁੰਦੀ ਸੀ ਕਿ ਕਿਤੇ ਵੀ ਸ੍ਰੀ ਅਖੰਡ ਪਾਠ ਸਾਹਿਬ ਰੱਖਣ ਲਈ ਘੱਟੋ-ਘੱਟ 25 ਸਿੰਘਾਂ ਦੀ ਮੌਜੂਦਗੀ ਹੋਵੇ। ਤਰਤੀਬਵਾਰ ਹਰ ਵੇਲੇ ਘੱਟੋ-ਘੱਟ ਪੰਜ ਸਿੰਘ ਹਾਜ਼ਰ ਰਹਿਣੇ ਲਾਜ਼ਮੀ ਹੁੰਦੇ ਸਨ। ਪਰ ਅੱਜ ਅਖੰਡ ਪਾਠ ਸਾਹਿਬ ਤਾਂ ਛੱਡੋ, ਗੁਰਦੁਆਰਿਆਂ ਵਿੱਚ ਅਸੀਂ ਹਰ ਵੇਲੇ ਘੱਟੋ-ਘੱਟ ਇਕ ਪਹਿਰੇਦਾਰ ਦੀ ਹਾਜ਼ਰੀ ਵੀ ਯਕੀਨੀ ਨਹੀਂ ਬਣਾ ਸਕਦੇ। ਬੇਅਦਬੀਆਂ ਦਾ ਵੱਡਾ ਕਾਰਨ ਅਜਿਹਾ ਅਵੇਸਲਾਪਣ ਹੀ ਹੈ। ਇਤਿਹਾਸਕ ਗੁਰਦੁਆਰਿਆਂ 'ਚ ਵੀ ਲੋੜ ਤੋਂ ਵੱਧ ਥਾਵਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰ ਦਿੱਤੇ ਗਏ ਹਨ। ਸ੍ਰੀ ਅਨੰਦਪੁਰ ਸਾਹਿਬ ਦੇ ਪੁਰਾਣੇ ਵਸਨੀਕ ਦੱਸਦੇ ਹਨ ਕਿ ਇੱਥੇ ਤਖਤ ਸ੍ਰੀ ਕੇਸਗੜ੍ਹ ਸਾਹਿਬ, ਕਿਲ੍ਹਾ ਅਨੰਦਗੜ੍ਹ ਸਾਹਿਬ ਅਤੇ ਗੁਰਦੁਆਰਾ ਸੀਸਗੰਜ ਸਾਹਿਬ ਤੋਂ ਇਲਾਵਾ ਹੋਰ ਕਿਸੇ ਗੁਰਦੁਆਰਾ ਸਾਹਿਬ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਹੀਂ ਹੁੰਦਾ ਸੀ। ਹੁਣ ਹਰ ਗੁਰਦੁਆਰੇ ਅੰਦਰ ਕਈ-ਕਈ ਥਾਵਾਂ 'ਤੇ ਪ੍ਰਕਾਸ਼ ਹੈ ਪਰ ਸੇਵਾ-ਸੰਭਾਲ ਲਈ ਸੇਵਾਦਾਰ ਨਹੀਂ ਹਨ।

ਪਹਿਲੇ ਸਮਿਆਂ ਵਿੱਚ ਬਹੁਤੇ ਇਤਿਹਾਸਕ ਅਸਥਾਨਾਂ 'ਤੇ ਜੇ ਸੇਵਾ-ਸੰਭਾਲ ਲਈ ਯੋਗ ਪ੍ਰਬੰਧ ਨਹੀਂ ਹੋ ਸਕਦੇ ਸਨ ਤਾਂ ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦੀ ਬਜਾਏ ਕੇਵਲ ਥੜ੍ਹਾ ਸਾਹਿਬ ਹੀ ਹੁੰਦੇ ਸਨ। ਕੁਝ ਇਤਿਹਾਸਕ ਗੁਰਦੁਆਰਿਆਂ ਵਿੱਚ ਕਈ ਵਾਰ ਵੇਖਣ ਵਿੱਚ ਮਿਲਦਾ ਹੈ ਕਿ ਇਕ-ਇਕ ਗ੍ਰੰਥੀ ਸਿੰਘ ਹੀ ਵਾਰੋ-ਵਾਰੀ ਤਿੰਨ-ਤਿੰਨ ਥਾਵਾਂ 'ਤੇ ਪ੍ਰਕਾਸ਼ ਅਤੇ ਸੁਖਆਸਨ ਕਰਦਾ ਹੈ। ਅਜਿਹੇ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ-ਸਤਿਕਾਰ ਤੇ ਸੁਰੱਖਿਆ ਨੂੰ ਬਹਾਲ ਰੱਖਣ ਬਾਰੇ ਕਿਵੇਂ ਸੋਚਿਆ ਜਾ ਸਕਦਾ ਹੈ ? ਦੁਸ਼ਮਣ ਨੂੰ ਦੋਸ਼ ਦੇਣ ਤੋਂ ਪਹਿਲਾਂ ਆਪਣੇ ਘਰ ਦੀ ਪਹਿਰੇਦਾਰੀ ਮਜ਼ਬੂਤ ਕੀਤੀ ਜਾਵੇ। ਹਰ ਪਿੰਡ ਵਿੱਚ ਇਕ ਹੀ ਗੁਰਦੁਆਰਾ ਸਾਹਿਬ ਹੋਵੇ ਤੇ ਉਹ ਵੀ ਸਹੀ ਰੂਪ 'ਚ ਆਪਣੇ ਮੂਲ ਉਦੇਸ਼ਾਂ ਵੱਲ ਸੇਧਿਤ ਹੋਵੇ। ਗੁਰਦੁਆਰਿਆਂ ਦੇ ਵੱਡੇ-ਵੱਡੇ ਦਰਬਾਰ ਹਾਲ ਉਸਾਰਨ ਦੀ ਥਾਂ 'ਸੰਗਤ' ਦੀ ਉਸ ਪਰੰਪਰਾ ਨੂੰ ਪ੍ਰਫੁੱਲਿਤ ਕੀਤਾ ਜਾਵੇ ਜਿਹੜੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਾਥੀ ਭਾਈ ਮਰਦਾਨੇ ਨੂੰ ਲੈ ਕੇ 'ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥" ਦੇ ਉਦੇਸ਼ ਲਈ ਖੜ੍ਹੀ ਕੀਤੀ ਸੀ।

***

## ਪੰਜਾਬ ਤੇ ਪੰਥਕ ਰਾਜਨੀਤੀ ਦੀ

ਅਤੇ ਨਵੇਂ ਪੰਜਾਬ ਦੀ ਉਸਾਰੀ ਲਈ ਵਿਦਵਾਨਾਂ ਅਤੇ ਹੋਰ ਮਾਹਿਰਾਂ ਦੀਆਂ ਸਮੇਂ-ਸਮੇਂ ਇਕੱਤਰਤਾਵਾਂ ਸੱਦਣੀਆਂ ਚਾਹੀਦੀਆਂ ਹਨ ਅਤੇ ਆਪਣੇ ਨਾਲ ਵੱਖ-ਵੱਖ ਖੇਤਰਾਂ ਨਾਲ ਸਬੰਧਿਤ ਮਾਹਿਰ ਚਿੰਤਕਾਂ ਆਧਾਰਿਤ ਸਲਾਹਕਾਰ ਕੌਂਸਲ ਦਾ ਗਠਨ ਕਰਨਾ ਚਾਹੀਦਾ ਹੈ। ਇਸ ਸਮੇਂ ਕੌਮ ਵਿੱਚ ਨਵਾਂ ਉਤਸ਼ਾਹ ਅਤੇ ਪ੍ਰੇਰਨਾਵਾਂ ਪੈਦਾ ਕਰਨ ਦੀ ਲੋੜ ਹੈ।

2024 ਦਾ ਪੜਾਅ ਪਾਰ ਕਰਕੇ ਸਿੱਖ ਪੰਥ ਲਈ 2025 ਦਾ ਵਰ੍ਹਾ ਪਿਛਲੇ ਸੌ ਸਾਲਾਂ ਦੀਆਂ ਪ੍ਰਾਪਤੀਆਂ ਦਾ ਦ੍ਰਿੜ੍ਹੀਕਰਨ ਕਰਨ ਅਤੇ 2027 ਤੋਂ 2050 ਤੱਕ ਨਵੀਆਂ ਪੁਲਾਂਘਾਂ ਪੁੱਟਣ ਲਈ ਨਵੀਂ ਯੋਜਨਾਬੰਦੀ ਕਰਨ ਲਈ ਮਹੱਤਵਪੂਰਨ ਮੌਕਾ ਹੋਏਗਾ। ਸਮਝਿਆ ਜਾ ਸਕਦਾ ਹੈ ਕਿ 2024 ਤੱਕ ਜਿੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਸ਼੍ਰੋਮਣੀ ਅਕਾਲੀ ਦਲ, ਦੂਜੀਆਂ ਸੰਘਰਸ਼ਸ਼ੀਲ ਧਿਰਾਂ ਅਤੇ ਸਿੱਖ ਨੌਜੁਆਨ ਪ੍ਰਾਪਤੀਆਂ ਦੀ ਨਵੀਂ ਇਬਾਰਤ ਲਿਖ ਚੁੱਕੇ ਹੋਣਗੇ, ਉੱਥੇ ਆਤਮ-ਚਿੰਤਨ ਕਰ ਚੁੱਕਿਆ ਭਾਈ ਅੰਮ੍ਰਿਤਪਾਲ ਸਿੰਘ ਵਰਤਾਰਾ ਕਾਨੂੰਨੀ ਲੜਾਈਆਂ ਤੋਂ ਸੁਰਖ਼ੁਰੂ ਹੋ ਕੇ ਦੁਬਾਰਾ ਸਰਗਰਮ ਹੋ ਸਕੇਗਾ। ਕੋਈ ਵੱਡੀ ਗੱਲ ਨਹੀਂ ਕਿ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਲੀਡਰਸ਼ਿਪ, ਵਾਰਿਸ ਪੰਜਾਬ ਦੇ ਤੇ ਹੋਰ ਜਥੇਬੰਦੀਆਂ ਆਪਸ ਵਿਚ ਇਕਸੁਰ ਹੋ ਕੇ ਪੰਜਾਬ ਤੇ ਪੰਥਕ ਰਾਜਨੀਤੀ ਦੀ ਨਵੀਂ ਇਬਾਰਤ ਲਿਖਣ ਵਿਚ ਸਫਲ ਹੋ ਜਾਣ। ਇਸ ਤਰ੍ਹਾਂ ਨਿਸ਼ਚੈ ਹੀ ਪੰਜਾਬ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਵੀ ਪ੍ਰਭਾਵਿਤ ਹੋਣਗੀਆਂ। ਜ਼ਾਹਿਰ ਹੈ ਕਿ ਜੇਕਰ ਸਾਰੀਆਂ ਪੰਥਕ ਧਿਰਾਂ ਸੰਜਮ ਤੇ ਵੱਡੀ ਭਵਿੱਖ-ਦ੍ਰਿਸ਼ਟੀ ਨੂੰ ਮੁੱਖ ਰੱਖ ਕੇ ਕੰਮ ਕਰਨ ਤਾਂ ਪੰਜਾਬ ਤੇ ਪੰਥ ਦੀ ਰਾਜਨੀਤੀ ਅਤੇ ਸੱਤਾ ਤਬਦੀਲੀ ਨਵੀਂ ਅੰਗੜਾਈ ਲੈਣਗੇ।

***

## ਹਾਲੀਵੁੱਡ ਲਈ ਰਾਈਟਰਜ਼ ਸਟ੍ਰਾਈਕ ਦੇ

ਗਿਲਡ (ਐਸਏਜੀ) ਦੋਵਾਂ ਲਈ ਕੰਟ੍ਰੈਕਟ ਦੇ ਨਾਲ ਅੰਦੋਲਨ ਵਿੱਚ ਸ਼ਾਮਲ ਹੋ ਸਕਦੀ ਹੈ, ਜੋ ਜੂਨ ਵਿੱਚ ਸਮਾਪਤ ਹੋ ਰਹੀ ਹੈ ਅਤੇ ਐਸਏਜੀ ਪਹਿਲਾਂ ਹੀ ਆਪਣੇ ਮੈਂਬਰਾਂ ਨੂੰ ਇਸ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕਰ ਰਿਹਾ ਹੈ।

**ਭਾਰਤ ਦੇ ਲੇਖਕ ਕਦੋਂ ਹੋਣਗੇ ਜਾਗਰੂਕ:**

ਭਾਰਤ ਵਿੱਚ ਵੀ ਬਹੁਤ ਲੇਖਕ ਹਨ, ਜਿਹਨਾਂ ਦੀਆਂ ਅਨੇਕਾਂ ਸੰਸਥਾਵਾਂ ਹਨ, ਪਰ ਇਹ ਲੇਖਕ ਅਜੇ ਅਮਰੀਕਾ ਦੇ ਲੇਖਕਾਂ ਵਾਂਗ ਪੂਰੀ ਤਰ੍ਹਾਂ ਜਾਗਰੂਕ ਨਹੀਂ ਹੋਏ। ਇਸ ਤੋਂ ਇਲਾਵਾ ਭਾਰਤ ਦੇ ਲੇਖਕਾਂ ਵਿੱਚ ਏਕਤਾ ਦੀ ਵੀ ਘਾਟ ਹੈ, ਜਿਸ ਕਾਰਨ ਉਹਨਾਂ ਦੀ ਆਵਾਜ਼ ਸਰਕਾਰ ਤਕ ਘੱਟ ਪਹੁੰਚਦੀ ਹੈ।ਅਮਰੀਕਾ ਦੇ ਲੇਖਕਾਂ ਦੀ ਸੰਘਰਸ਼ ਤੋਂ ਭਾਰਤ ਦੇ ਲੇਖਕਾਂ ਨੂੰ ਵੀ ਸੇਧ ਲੈਣੀ ਚਾਹੀਦੀ ਹੈ ਅਤੇ ਆਪਣੇ ਹੱਕਾਂ ਲਈ ਜਾਗਰੂਕ ਹੋਣਾ ਚਾਹੀਦਾ ਹੈ।

***

## 66 ਸਾਲ ਪਹਿਲਾਂ ਜਾਪਾਨ ਦੇ

ਹੁਣ ਇਹ ਜਾਣਨ ਦਾ ਇੱਕ ਹੀ ਰਸਤਾ ਸੀ ਕਿ ਇਹ ਰਹੱਸਮਈ ਯਾਤਰੀ ਸੱਚ ਬੋਲ ਰਿਹਾ ਸੀ ਜਾਂ ਝੂਠ ਅਤੇ ਉਹ ਸੀ ਜਿਸਨੂੰ ਉਹ ਕਾਰੋਬਾਰ ਦੇ ਸਿਲਸਿਲੇ ਵਿੱਚ ਮਿਲਣ ਆਇਆ ਸੀ। ਅਧਿਕਾਰੀਆਂ ਦੇ ਪੁੱਛਣ 'ਤੇ ਉਸ ਨੇ ਕੰਪਨੀ ਦਾ ਨਾਂ ਦੱਸਿਆ ਕਿ ਉਸ ਨੇ ਕਿੱਥੇ ਜਾਣਾ ਸੀ। ਉਸ ਹੋਟਲ ਬਾਰੇ ਵੀ ਦੱਸਿਆ ਜਿੱਥੇ ਉਸ ਨੇ ਠਹਿਰਨਾ ਸੀ। ਇਸ ਤੋਂ ਬਾਅਦ ਅਧਿਕਾਰੀਆਂ ਨੇ ਕੰਪਨੀ ਅਤੇ ਹੋਟਲ ਨਾਲ ਸੰਪਰਕ ਕੀਤਾ, ਪਰ ਉਨ੍ਹਾਂ ਨੇ ਅਜਿਹੇ ਕਿਸੇ ਵਿਅਕਤੀ ਦੀ ਪਛਾਣ ਕਰਨ ਤੋਂ ਇਨਕਾਰ ਕਰ ਦਿੱਤਾ। ਹੁਣ ਜਾਂਚ ਅਧਿਕਾਰੀਆਂ ਨੂੰ ਲੱਗਾ ਕਿ ਸ਼ਾਇਦ ਇਹ ਕੋਈ ਬਦਮਾਸ਼ ਅਪਰਾਧੀ ਹੈ, ਜੋ ਆਪਣੀ ਪਛਾਣ ਛੁਪਾ ਕੇ ਇੱਥੇ ਕਿਸੇ ਵਾਰਦਾਤ ਨੂੰ ਅੰਜਾਮ ਦੇਣ ਆਇਆ ਹੈ। ਫਿਰ ਉਨ੍ਹਾਂ ਨੇ ਉਸਦਾ ਸਾਰਾ ਸਮਾਨ ਜ਼ਬਤ ਕਰ ਲਿਆ ਅਤੇ ਪੁਲਿਸ ਦੀ ਸਖਤ ਨਿਗਰਾਨੀ ਹੇਠ ਉਸਨੂੰ ਹੋਟਲ ਦੇ ਕਮਰੇ ਵਿੱਚ ਬੰਦ ਕਰ ਦਿੱਤਾ।

ਅਗਲੇ ਦਿਨ ਜਦੋਂ ਕਮਰੇ ਦਾ ਦਰਵਾਜ਼ਾ ਖੋਲ੍ਹਿਆ ਗਿਆ ਤਾਂ ਪੁਲਿਸ ਨੂੰ ਇਹ ਦੇਖ ਕੇ ਹੈਰਾਨੀ ਹੋਈ ਕਿ ਕਮਰੇ ਵਿੱਚ ਕੋਈ ਨਹੀਂ ਸੀ, ਜਦੋਂਕਿ ਬਾਹਰ ਪੁਲਿਸ ਦਾ ਪਹਿਰਾ ਸੀ ਅਤੇ ਕਮਰੇ ਦੀਆਂ ਸਾਰੀਆਂ ਖਿੜਕੀਆਂ ਪਹਿਲਾਂ ਹੀ ਸੀਲ ਕੀਤੀਆਂ ਹੋਈਆਂ ਸਨ। ਪੁਲਿਸ ਨੂੰ ਇਹ ਜਾਣ ਕੇ ਹੋਰ ਵੀ ਹੈਰਾਨੀ ਹੋਈ ਕਿ ਉਸ ਦਾ ਪਾਸਪੋਰਟ, ਵੀਜ਼ਾ ਅਤੇ ਹਵਾਈ ਅੱਡੇ ਤੋਂ ਜ਼ਬਤ ਕੀਤੇ ਹੋਰ ਦਸਤਾਵੇਜ਼ ਵੀ ਗਾਇਬ ਸਨ। ਹੁਣ ਕਿਸੇ ਨੂੰ ਸਮਝ ਨਹੀਂ ਆ ਰਹੀ ਸੀ ਕਿ ਆਖਿਰ ਇਹ ਕਿਵੇਂ ਹੋਇਆ।

ਇਸ ਘਟਨਾ ਨੂੰ ਲੈ ਕੇ ਕਈ ਖਬਰਾਂ ਸੋਸ਼ਲ ਮੀਡੀਆ 'ਤੇ ਪ੍ਰਚਲਿਤ ਹਨ। ਕੁਝ ਕਹਿੰਦੇ ਹਨ ਕਿ ਰਹੱਸਮਈ ਵਿਅਕਤੀ ਕਿਸੇ ਹੋਰ ਦੁਨੀਆ ਤੋਂ ਆਇਆ ਸੀ, ਜਦੋਂ ਕਿ ਕੁਝ ਕਹਿੰਦੇ ਹਨ ਕਿ ਉਹ ਟਾਈਮ ਮਸ਼ੀਨ ਰਾਹੀਂ ਗਲਤੀ ਨਾਲ ਇੱਥੇ ਆਇਆ ਹੋਵੇਗਾ ਅਤੇ ਜਦੋਂ ਉਸਨੇ ਦੇਖਿਆ ਕਿ ਉਸਦਾ ਰਾਜ਼ ਉਜਾਗਰ ਹੋਣ ਵਾਲਾ ਹੈ ਤਾਂ ਉਹ ਕਿਤੇ ਗਾਇਬ ਹੋ ਗਿਆ। ਹੁਣ ਕੋਈ ਨਹੀਂ ਜਾਣਦਾ ਕਿ ਇਹ ਸੱਚ ਹੈ ਜਾਂ ਝੂਠ, ਪਰ ਇਸ ਰਹੱਸਮਈ ਵਰਤਾਰੇ 'ਤੇ ਕਈ ਕਿਤਾਬਾਂ ਲਿਖੀਆਂ ਗਈਆਂ ਹਨ, ਜਿਨ੍ਹਾਂ 'ਚੋਂ ਇਕ ਹੈ 'ਸੰਭਾਵਨਾਵਾਂ ਦੀ ਡਾਇਰੈਕਟਰੀ'।

***

## ਕੌਮਾਂਤਰੀ ਪੱਤਰਕਾਰ ਆਜ਼ਾਦੀ ਦਿਵਸ 'ਤੇ

ਦਾ ਗਰਾਫ਼ ਲਗਾਤਾਰ ਡਿਗ ਰਿਹਾ ਹੈ ਅਤੇ ਇਸ ਦੀ ਜ਼ੁੰਮੇਵਾਰ ਇੰਡੀਅਨ ਸਟੇਟ ਹੈ। ਅੰਬੇਡਕਰਵਾਦੀ ਸੰਸਥਾ ਦੇ ਬੁਲਾਰੇ ਰਾਜਪਾਲ ਭਾਰਦਵਾਜ ਨੇ ਕਿਹਾ ਕਿ ਭਾਰਤ ਤੋਂ ਬਾਹਰ ਕੈਨੇਡਾ ਵਿੱਚ ਵੀ ਇੰਡੀਅਨ ਮੀਡੀਆ ਸਹੀ ਗੱਲ ਪੇਸ਼ ਕਰਨ ਦੀ ਥਾਂ 'ਤੇ, ਸਰਕਾਰੀ ਬੋਲੀ ਬੋਲਦਾ ਹੈ, ਜੋ ਕਿ ਬੜੀ ਦੁਖਦਾਈ ਮੰਦਭਾਗੀ ਗੱਲ ਹੈ। ਹੋਰਨਾਂ ਸ਼ਖ਼ਸੀਅਤਾਂ ਵਿੱਚ ਸਥਾਨਕ ਪੱਤਰਕਾਰ, ਮਨੁੱਖੀ ਅਧਿਕਾਰਾਂ ਦੇ ਕਾਰਕੁੰਨ ਅਤੇ ਸਿੱਖ ਸੰਸਥਾਵਾ ਸੇਵਾਦਾਰ ਵੀ ਸ਼ਾਮਲ ਹੋਏ।

ਪ੍ਰੋਗਰਾਮ ਦੇ ਅਖੀਰ ਵਿੱਚ ਪੱਤਰਕਾਰਾਂ ਦੀ ਆਜ਼ਾਦੀ ਦੇ ਹੱਕ ਵਿੱਚ, ਫਾਸ਼ੀਵਾਦ ਇੰਡੀਅਨ ਸਟੇਟ ਦੇ ਵਿਰੁੱਧ ਅਤੇ ਨੌਜਵਾਨਾਂ ਉੱਪਰ ਕੀਤੇ ਜਾ ਰਹੇ ਤਸ਼ੱਦਦ ਦੇ ਖਿਲਾਫ, ਗੌਰੀ ਲੰਕੇਸ਼ ਦੇ ਕਾਤਲਾਂ ਲਈ ਸਜ਼ਾਵਾਂ ਦੀ ਮੰਗ ਨੂੰ ਲੈ ਕੇ ਨਾਅਰੇ ਬੁਲੰਦ ਕੀਤੇ ਗਏ।ਸਰਕਾਰੀ ਤਸ਼ੱਦਦ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਵਾਲੇ 'ਚੈਨਲ ਪੰਜਾਬੀ' ਤੇ 'ਮਹਿਕ ਪੰਜਾਬ ਦੀ' ਵੱਲੋਂ ਇਸ ਪ੍ਰੋਗਰਾਮ ਰੋਸ ਰੈਲੀ ਦਾ ਲਾਈਵ ਪ੍ਰਸਾਰਨ ਕੀਤਾ ਗਿਆ।

***

## ਸਿਆਸੀ ਅੱਗ 'ਚ ਸੜਦਾ ਮਨੀਪੁਰ

ਹੁਣ ਇਸ ਰਾਜ ਵਿੱਚ ਆਦਿਵਾਸੀਆਂ ਅਤੇ ਗੈਰ -ਕਬਾਇਲੀਆਂ ਵਿਚਕਾਰ ਜ਼ਮੀਨ ਅਤੇ ਹੋਰ ਸਹੂਲਤਾਂ ਦੇ ਅਧਿਕਾਰ ਦਾ ਸਵਾਲ ਖੜ੍ਹਾ ਹੋ ਗਿਆ ਹੈ। 22,500 ਵਰਗ ਕਿਲੋਮੀਟਰ ਵਿੱਚ ਫੈਲੇ, ਮਨੀਪੁਰ ਦਾ ਲਗਭਗ 10 ਪ੍ਰਤੀਸ਼ਤ ਘਾਟੀ ਹੈ ਅਤੇ ਬਾਕੀ 90 ਪ੍ਰਤੀਸ਼ਤ ਪਹਾੜੀ ਹੈ। ਰਾਜ ਦੇ ਕਾਨੂੰਨ ਅਨੁਸਾਰ ਪਹਾੜੀ ਖੇਤਰ ਵਿੱਚ ਸਿਰਫ਼ ਆਦਿਵਾਸੀ ਹੀ ਵਸ ਸਕਦੇ ਹਨ, ਜਦੋਂ ਕਿ ਘਾਟੀ ਗ਼ੈਰ-ਆਦਿਵਾਸੀਆਂ ਲਈ ਹੈ ਅਤੇ ਆਦਿਵਾਸੀ ਜੇਕਰ ਚਾਹੁਣ ਤਾਂ ਇੱਥੇ ਰਹਿ ਸਕਦੇ ਹਨ। ਇਸ ਤਰ੍ਹਾਂ 53 ਫੀਸਦੀ ਆਬਾਦੀ ਵਾਲੇ ਮੀਤੇਈ ਭਾਈਚਾਰੇ ਲਈ ਹੁਣ ਤੱਕ ਇਹ ਸਿਰਫ਼ ਘਾਟੀ ਦਾ ਇਲਾਕਾ ਸੀ ਪਰ ਹੁਣ ਐਸਟੀ ਦਾ ਦਰਜਾ ਮਿਲਣ ਤੋਂ ਬਾਅਦ ਉਹ ਪਹਾੜੀ ਖੇਤਰ ਵਿੱਚ ਵੀ ਜਾ ਸਕਣਗੇ।

ਇੰਨਾ ਹੀ ਨਹੀਂ, ਆਦਿਵਾਸੀਆਂ ਲਈ ਰਾਖਵੀਂਆਂ ਨੌਕਰੀਆਂ ਅਤੇ ਵਿਦਿਅਕ ਅਦਾਰਿਆਂ ਵਿੱਚ ਵੀ ਹੁਣ ਮੀਤੇਈ ਭਾਈਚਾਰੇ ਦਾ ਹਿੱਸਾ ਹੋਵੇਗਾ, ਜਿਸ ਨੂੰ ਲੈ ਕੇ ਸੂਬੇ ਦੇ ਆਦਿਵਾਸੀਆਂ ਵਿੱਚ ਡਰ ਹੈ। ਮਨੀਪੁਰੀ ਭਾਸ਼ਾ ਨੂੰ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ ਦੀ ਪ੍ਰੀਖਿਆ ਵਿੱਚ ਸਵੀਕਾਰ ਕੀਤਾ ਜਾਂਦਾ ਹੈ, ਮੀਤੀ ਭਾਸ਼ਾ ਨੂੰ ਸੰਵਿਧਾਨ ਦੀ ਅੱਠਵੀਂ ਅਨੁਸੂਚੀ ਵਿੱਚ ਵੀ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਸਾਰੇ ਕਾਰਨਾਂ ਕਰਕੇ ਇਹ ਧਾਰਨਾ ਹੈ ਕਿ ਮੀਤੇਈ ਭਾਈਚਾਰੇ ਦੇ ਲੋਕ ਨਾਗਾ ਅਤੇ ਕੂਕੀ ਭਾਈਚਾਰਿਆਂ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਹਨ ਅਤੇ ਹੁਣ ਉਨ੍ਹਾਂ ਨੂੰ ਆਦਿਵਾਸੀਆਂ ਦੇ ਹੱਕਾਂ ਵਿੱਚ ਵੀ ਹਿੱਸਾ ਮਿਲੇਗਾ। ਇਸ ਕਾਰਨ ਆਦਿਵਾਸੀ ਵਿਦਿਆਰਥੀ ਜਥੇਬੰਦੀਆਂ ਨੇ ਇਸ ਫੈਸਲੇ ਦਾ ਵਿਆਪਕ ਵਿਰੋਧ ਕੀਤਾ।

ਮਨੀਪੁਰ ਵਿੱਚ ਇਸ ਬੇਲੋੜੇ ਟਕਰਾਅ ਨੂੰ ਟਾਲਿਆ ਜਾ ਸਕਦਾ ਸੀ ਜੇਕਰ ਅਜਿਹਾ ਕੋਈ ਕਦਮ ਚੁੱਕਣ ਤੋਂ ਪਹਿਲਾਂ ਸਾਰੀਆਂ ਸਬੰਧਿਤ ਧਿਰਾਂ ਨੂੰ ਭਰੋਸੇ ਵਿੱਚ ਲੈ ਕੇ ਵਿਚਾਰ-ਵਟਾਂਦਰਾ ਕੀਤਾ ਜਾਂਦਾ। ਕੀ ਕਿਸੇ ਭਾਈਚਾਰੇ ਨੂੰ ਅਨੁਸੂਚਿਤ ਜਨ ਜਾਤੀ ਦਾ ਦਰਜਾ ਦਿੱਤਾ ਜਾਣਾ ਚਾਹੀਦਾ ਹੈ ਜਾਂ ਨਹੀਂ, ਇਹ ਸਵਾਲ ਓਨਾ ਸੌਖਾ ਨਹੀਂ ਹੈ ਜਿੰਨਾ ਅੱਜ ਭੋਜਨ ਲਈ ਲੌਕੀ ਜਾਂ ਗੋਭੀ ਬਣਾਉਣਾ ਹੈ। ਸਗੋਂ, ਇਹ ਇੱਕ ਗੰਭੀਰ ਮੁੱਦਾ ਹੈ, ਖਾਸ ਤੌਰ 'ਤੇ ਅਜਿਹੇ ਰਾਜ ਲਈ ਜਿੱਥੇ ਆਦਿਵਾਸੀਆਂ ਅਤੇ ਗੈਰ-ਕਬਾਇਲੀਆਂ ਵਿਚਕਾਰ ਹਿੱਤਾਂ ਦੇ ਟਕਰਾਅ ਦਾ ਇਤਿਹਾਸ ਰਿਹਾ ਹੈ, ਪਰ ਅਜਿਹਾ ਗੰਭੀਰ ਮਾਮਲਾ ਸਿੱਧਾ ਅਦਾਲਤੀ ਕਾਰਵਾਈ ਲਈ ਭੇਜ ਦਿੱਤਾ ਗਿਆ। ਰਾਜ ਸਰਕਾਰ ਜਾਂ ਕਬਾਇਲੀ ਮਾਮਲੇ ਅਤੇ ਪਹਾੜੀ ਵਿਭਾਗ ਨੇ ਇਸ 'ਤੇ ਵੱਖ-ਵੱਖ ਪਹਿਲੂਆਂ ਬਾਰੇ ਕੋਈ ਚਰਚਾ ਕੀਤੀ ਜਾਂ ਕੇਂਦਰ ਅਤੇ ਰਾਜ ਸਰਕਾਰਾਂ ਨੇ ਇਸ 'ਤੇ ਚਰਚਾ ਕੀਤੀ। ਡਬਲ ਇੰਜਣ ਵਾਲੀ ਸਰਕਾਰ ਸਿਰਫ਼ ਚੋਣ ਗੱਡੀ ਨੂੰ ਖਿੱਚਣ ਲਈ ਨਹੀਂ ਹੋਣੀ ਚਾਹੀਦੀ। ਦੇਸ਼ ਵਿੱਚ ਕਿਤੇ ਨਾ ਕਿਤੇ ਅਸੰਤੁਸ਼ਟੀ ਅਤੇ ਆਪਸੀ ਫੁੱਟ ਦੀ ਅੱਗ ਬਲ ਰਹੀ ਹੈ, ਇਸ ਨੂੰ ਬੁਝਾਉਣਾ ਜ਼ਰੂਰੀ ਹੈ।

***

## ਪੰਜਾਬ ਵਿੱਚ ਪੰਜਾਬੀ ਬੋਲੀ ਵਿਰੁੱਧ

ਇਨ੍ਹਾਂ ਮਹੀਨਿਆਂ ਵਿੱਚ ਇਹ ਸਭਾ ਚਾਰ ਸਮਾਰੋਹ ਕਰ ਚੁੱਕੀ ਹੈ। ਪੰਜਾਬ ਵਿੱਚ 17 ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤੇ ਗਏ ਹਨ ਤੇ ਉਨ੍ਹਾਂ ਨੇ ਆਪਣੇ ਨਾਲ ਪੰਜ-ਪੰਜ ਮੈਂਬਰਾਂ ਦੀ ਕਮੇਟੀ ਕਾਇਮ ਕਰਨੀ ਹੈ। ਇਹ ਕਮੇਟੀਆਂ ਨਿੱਕੇ ਬੱਚਿਆਂ ਨੂੰ ਪੰਜਾਬੀ ਨਾਲ ਜੋੜਨ ਦਾ ਕੰਮ ਕਰਨਗੀਆਂ। ਉਨ੍ਹਾਂ ਕਿਹਾ ਕਿ ਵੱਡੀ ਉਮਰ ਵਿੱਚ ਜਾ ਕੇ ਕੋਈ ਛੇਤੀ ਕਿਤੇ ਆਪਣੇ ਵਿਚਾਰ ਨਹੀਂ ਬਦਲਣਾ ਚਾਹੁੰਦਾ ਪਰ ਗਿੱਲੀ ਮਿੱਟੀ ਵਰਗੇ ਨਿੱਕੜਿਆਂ ਨੂੰ ਸਮਝਾਇਆ ਜਾ ਰਿਹਾ ਹੈ। ਉਨ੍ਹਾਂ ਨੂੰ 'ਊੜਾ ਐੜਾ' ਤੋਂ ਸ਼ੁਰੂਆਤ ਕੀਤੀ ਜਾਂਦੀ ਹੈ।

ਰਾਇਲ ਅਮੈਰਿਕਨ ਯੂਨੀਵਰਸਿਟੀ ਤੋਂ ਡਾਕਟਰੇਟ ਦੀ ਆਨਰੇਰੀ ਡਿਗਰੀ ਪ੍ਰਾਪਤ ਡਾ. ਕਥੂਰੀਆ ਨੇ ਕਿਹਾ ਕਿ ਨੌਜਵਾਨਾਂ ਨੂੰ ਪੰਜਾਬੀ ਸਾਹਿਤ ਪੜ੍ਹਨ ਲਈ ਪ੍ਰੇਰਿਤ ਕਰਨ ਦੀ ਜ਼ਰੂਰਤ ਹੈ। ਪੰਜਾਬੀ ਸਾਹਿਤ ਲਿਖਿਆ ਤਾਂ ਬਹੁਤਾਤ ਵਿਚ ਜਾ ਰਿਹਾ ਹੈ, ਪਰ ਉਨ੍ਹਾਂ ਨੂੰ ਛੇਤੀ ਕਿਤੇ ਕੋਈ ਪੜ੍ਹਨ ਵਾਲਾ ਨਹੀਂ ਮਿਲਦਾ। ਡਾ. ਦਲਬੀਰ ਸਿੰਘ ਕਥੂਰੀਆ ਦੋ ਕਿਤਾਬਾਂ 'ਪੰਜਾਬੀ ਭਾਸ਼ਾ ਤੇ ਵਿਰਸਾ' ਅਤੇ 'ਪੰਜਾਬੀ ਭਾਸ਼ਾ ਅਤੇ ਸੱਭਿਆਚਾਰ' ਦਾ ਸੰਪਾਦਨ ਕਰ ਚੁੱਕੇ ਹਨ। ਪਹਿਲੀ ਕਿਤਾਬ ਲਈ ਡਾ. ਬਲਬੀਰ ਕੌਰ ਰਾਏਕੋਟੀ ਉਨ੍ਹਾਂ ਦੇ ਸਹਿ-ਸੰਪਾਦਕ ਰਹੇ, ਜਦ ਕਿ ਦੂਜੀ ਪੁਸਤਕ ਉਨ੍ਹਾਂ ਸੁਖਿੰਦਰ ਕੈਨੇਡਾ ਨਾਲ ਮਿਲ ਕੇ ਸੰਪਾਦਕ ਕੀਤੀ। ਇਹ ਦੋਵੇਂ ਕਿਤਾਬਾਂ ਜਲੰਧਰ ਸਮਾਰੋਹ ਦੌਰਾਨ ਜਨਤਕ ਕੀਤੀਆਂ ਗਈਆਂ।

***

## ਮਸ਼ਹੂਰ ਚਾਕਲੇਟ ਬ੍ਰਾਂਡ 'ਚ

ਮਾਸਪੇਸ਼ੀ ਦੇ ਦਰਦ ਆਦਿ।

**ਕਿਨ੍ਹਾਂ ਲੋਕਾਂ ਨੂੰ ਜ਼ਿਆਦਾ ਖ਼ਤਰਾ ਹੈ ?**

ਮਾਹਿਰਾਂ ਮੁਤਾਬਕ ਚਾਕਲੇਟ ਵਿੱਚ ਪਾਇਆ ਜਾਣ ਵਾਲਾ ਇਹ ਬੈਕਟੀਰੀਆ ਗਰਭਵਤੀ ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਲਈ ਜ਼ਿਆਦਾ ਖ਼ਤਰਨਾਕ ਹੁੰਦਾ ਹੈ ਕਿਉਂਕਿ ਇਨ੍ਹਾਂ ਲੋਕਾਂ ਦੀ ਇਮਿਊਨਿਟੀ ਆਮ ਤੌਰ 'ਤੇ ਕਮਜ਼ੋਰ ਹੁੰਦੀ ਹੈ। ਇਸ ਤੋਂ ਇਲਾਵਾ ਇਹ ਬੈਕਟੀਰੀਆ ਗਰਭ ਵਿੱਚ ਪਲ ਰਹੇ ਬੱਚੇ ਲਈ ਵੀ ਹਾਨੀਕਾਰਕ ਹੈ।

***

## ਰੇਪ ਮਾਮਲੇ 'ਚ ਦੋਸ਼ੀ ਵਿਅਕਤੀ ਨੇ

ਈਵੀ ਵੈਬਸਟਰ ਤੇ ਬ੍ਰਿਟਨੀ ਬਰੀਵਰ ਸੋਮਵਾਰ ਤੋਂ ਲਾਪਤਾ ਸਨ । ਓਕਮੁਗਲੀ ਪੁਲਿਸ ਮੁਖੀ ਜੋਇ ਪ੍ਰੈਨਟਿਸ ਅਨੁਸਾਰ ਇਹ ਦੋਨੋਂ ਕੁੜੀਆਂ ਟਿਫ਼ਨ ਗੈਸ ਦੀਆਂ ਦੋਸਤ ਸਨ। ਘਰ ਨਾ ਪਹੁੰਚਣ ਕਾਰਨ ਸੋਮਵਾਰ ਨੂੰ ਇਨਾਂ ਦੇ ਲਾਪਤਾ ਹੋਣ ਦੀ ਰਿਪੋਰਟ ਲਿਖਾਈ ਗਈ ਸੀ।

***

## ਟੈਕਸਾਸ 'ਚ ਗੋਲੀਬਾਰੀ

ਕੋਈ ਜਵਾਬ ਨਹੀਂ ਮਿਲਿਆ। ਗੋਲੀਬਾਰੀ ਵਿੱਚ ਜ਼ਖਮੀ ਹੋਏ ਉਸ ਦੇ ਦੋਸਤ ਦਾ ਨਾਂ ਪੁਲਿਸ ਨੇ ਜਨਤਕ ਨਹੀਂ ਕੀਤਾ ਹੈ। ਉਹ ਅਜੇ ਇਲਾਜ ਅਧੀਨ ਹੈ। ਉਸ ਦੀ ਹਾਲਤ ਸਥਿਰ ਦਸੀ ਜਾ ਰਹੀ ਹੈ। ਪੁਲਿਸ ਦੀ ਕਾਰਵਾਈ ਵਿੱਚ ਮਾਰੇ ਗਏ ਸ਼ੱਕੀ ਹਮਲਾਵਰ ਦੀ ਪਛਾਣ ਮੌਰੀਸੀਓ ਗਾਰਸੀਆ ਵਜੋਂ ਹੋਈ ਹੈ। ਉਸ ਨੂੰ ਸਿਹਤ ਸਮੱਸਿਆ ਕਾਰਨ ਫੌਜ ਵਿਚੋਂ ਫਾਰਗ ਕਰ ਦਿੱਤਾ ਗਿਆ ਸੀ। ਉਹ ਨਾਜ਼ੀ ਸਮਰਥਕ ਇਕ ਸੱਜੇ ਪੱਖੀ ਗਰੁੱਪ ਲਈ ਕੰਮ ਕਰਦਾ ਸੀ।

ਜਿਸ ਸਮੇ ਗੋਲੀਬਾਰੀ ਹੋਈ ਸ਼ਾਪਿੰਗ ਮਾਲ ਵਿੱਚ ਵੱਡੀ ਗਿਣਤੀ ਵਿੱਚ ਗਾਹਕ ਮੌਜੂਦ ਸਨ। ਅਚਾਨਕ ਇਕ ਗੰਨਮੈਨ ਵੱਲੋਂ ਕਾਰ ਵਿਚੋਂ ਉਤਰ ਕੇ ਕੀਤੀ ਗੋਲੀਬਾਰੀ ਉਪਰੰਤ ਮਾਲ ਵਿੱਚ ਅਫਰਾ ਤਫਰੀ ਦਾ ਮਹੌਲ ਪੈਦਾ ਹੋ ਗਿਆ। ਲੋਕਾਂ ਨੇ ਜਮੀਨ ਉਪਰ ਲੰਮੇ ਪੈ ਕੇ ਜਾਂ ਇਧਰ ਉਧਰ ਲੁਕ ਕੇ ਆਪਣੀ ਜਾਨ ਬਚਾਉਣ ਦਾ ਯਤਨ ਕੀਤਾ ਪਰੰਤੂ ਐਸ਼ਵਿਰਆ ਸਮੇਤ ਮਾਰੇ ਗਏ 9 ਵਿਅਕਤੀ ਆਪਣੀ ਇਸ ਕੋਸ਼ਿਸ਼ ਵਿੱਚ ਨਾਕਾਮ ਰਹੇ।

**

## ਬੇਅੰਤ ਸਿੰਘ ਮਾਮਲੇ 'ਚ

ਉਨ੍ਹਾਂ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਜੇਲ੍ਹ ਸੁਪਰਡੈਂਟ ਤੇ ਹੋਮ ਸੈਕਟਰੀ ਨੇ ਰਿਪੋਰਟ ਪੇਸ਼ ਕੀਤੀ ਹੈ ਤੇ ਬਿਆਨ ਦਰਜ ਕਰਵਾਏ ਹਨ ਕਿ ਉਨ੍ਹਾਂ ਦੀ ਰਿਹਾਈ ਦਾ ਫ਼ੈਸਲਾ ਹਾਲੇ ਪੈਂਡਿੰਗ ਹੈ, ਜਿਸ ਮਗਰੋਂ ਉਨ੍ਹਾਂ ਨੂੰ ਰੈਗੂਲਰ ਜ਼ਮਾਨਤ ਦਿੱਤੀ ਗਈ। ਇੰਨਾ ਹੀ ਨਹੀਂ ਹੁਣ ਉਹ ਉਦੋਂ ਤੱਕ ਜ਼ਮਾਨਤ 'ਤੇ ਰਹਿਣਗੇ ਜਦੋਂ ਤੱਕ ਉਨ੍ਹਾਂ ਦੀ ਪੱਕੀ ਰਿਹਾਈ ਦਾ ਫ਼ੈਸਲਾ ਨਹੀਂ ਹੋ ਜਾਂਦਾ।

***

## ਆਪਣੇ ਪਿੰਡਾਂ ਦੇ ਨਾਂਅ

ਵਿਧਾਨ ਸਭਾ ਚੋਣ ਲੜਨ ਲਈ ਟਿਕਟ ਨਹੀਂ ਸੀ ਮਿਲ ਰਹੀ, ਕਿਉਂਕਿ ਉਹ ਬਰਨਾਲਾ ਦੇ ਜੰਮਪਲ ਨਹੀਂ ਸਨ ਪਰ ਉਹਨਾਂ ਨੇ ਆਪਣੇ ਨਾਂਅ ਨਾਲ ਬਰਨਾਲਾ ਜੋੜ ਲਿਆ, ਜਿਸ ਕਰਕੇ ਉਹਨਾਂ ਨੂੰ ਪਾਰਟੀ ਦੀ ਟਿਕਟ ਮਿਲ ਗਈ ਅਤੇ ਉਹਨਾਂ ਨੇ ਵਿਧਾਨ ਸਭਾ ਦੀ ਚੋਣ ਲੜੀ।ਇਸ ਤਰਾਂ ਬਰਨਾਲਾ ਸ਼ਹਿਰ ਦਾ ਨਾਂਅ ਉਹਨਾਂ ਦੇ ਨਾਂਅ ਨਾਲ ਪੱਕੇ ਤੌਰ 'ਤੇ ਜੁੜ ਗਿਆ। **ਪਿੰਡ ਕੈਰੋਂ ਦੀ ਚੜ੍ਹਤ ਵੀ ਰਹੀ :** ਜਦੋਂ ਪਿੰਡ ਕੈਰੋਂ ਦੇ ਪ੍ਰਤਾਪ ਸਿੰਘ ਕੈਰੋਂ ਪੰਜਾਬ ਦੇ ਮੁੱਖ ਮੰਤਰੀ ਸਨ ਤਾਂ ਉਸ ਸਮੇਂ ਪੰਜਾਬ ਦੀ ਸਿਆਸਤ ਵਿੱਚ ਪਿੰਡ ਕੈਰੋਂ ਦੀ ਵੀ ਚੜ੍ਹਤ ਰਹੀ। ਉਸ ਤੋਂ ਬਾਅਦ ਸੁਰਿੰਦਰ ਸਿੰਘ ਕੈਰੋਂ,ਆਦੇਸ਼ ਪ੍ਰਤਾਪ ਸਿੰਘ ਕੈਰੋਂ ਵੀ ਸਿਆਸਤ ਵਿੱਚ ਸਰਗਰਮ ਰਹੇ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AAJ DA
MUDDA
ON
jus
PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com